Space for Available for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 226, ਮਿਤੀ : 17 ਨਵੰਬਰ ਤੋਂ 23 ਨਵੰਬਰ 2023 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com



## ਕੈਨੇਡਾ ਵਾਸੀ ਨੇ ਪੂਰੇ ਪਰਿਵਾਰ ਨੂੰ ਕਤਲ ਕਰਨ ਦੀ ਵਜ੍ਹਾ ਬਾਰੇ ਕੀਤਾ ਇਹ ਵੱਡਾ ਖੁਲਾਸਾ

### ਕੀ ਸੀ ਮਾਮਲਾ

ਇਹ ਮਾਮਲਾ ਜੂਨ 2021 ਦਾ ਹੈ। ਜਿਸ ਵਿੱਚ ਇੱਕੋ ਪਰਿਵਾਰ ਦੇ ਚਾਰ ਜੀਆਂ ਦਾ ਇੱਕ ਵਾਹਨ ਹੇਠਾਂ ਦਰੜ ਕੇ ਕਤਲ ਕਰ ਦਿੱਤਾ ਗਿਆ ਸੀ।

ਬਚਾਅ ਪੱਖ ਅਤੇ ਸਰਕਾਰੀ ਵਕੀਲ ਦੋਵੇਂ ਇਸ ਗੱਲ ਨਾਲ ਸਹਿਮਤ ਹਨ ਕਿ ਵੇਲਟਮੈਨ 6 ਜੂਨ 2021 ਨੂੰ ਉਹ ਵਾਹਨ ਚਲਾ ਰਹੇ ਸਨ ਜਿਸ ਨੇ ਸੈਰ ਕਰ ਰਹੇ ਅਫ਼ਜ਼ਲ ਪਰਿਵਾਰ ਦੇ ਚਾਰ ਜੀਆਂ ਨੂੰ ਦਰੜ ਕੇ ਮਾਰ ਮੁਕਾਇਆ ਸੀ।

ਵੇਲਟਮੈਨ ਨੇ ਬਚਾਅ ਦੀ ਅਪੀਲ ਕਰਦਿਆਂ ਖ਼ੁਦ ਨੂੰ ਮਾਨਸਿਕ ਰੋਗ ਤੋਂ ਪੀੜਤ ਦੱਸਿਆ ਹੈ।

ਇਸ ਹਾਦਸੇ ਵਿੱਚ 46 ਸਾਲਾ ਅਫ਼ਜ਼ਲ, ਉਨ੍ਹਾਂ ਦੀ 44 ਸਾਲਾ ਪਤਨੀ ਮਦੀਹਾ ਸਲਮਾਨ, 15 ਸਾਲਾਂ ਦੀ ਧੀ ਯੁਮਨਾ ਅਫ਼ਜ਼ਲ ਅਤੇ 74 ਸਾਲਾਂ ਦੀ ਮਾਂ ਤਲਤ ਅਫਜ਼ਲ ਦੀ ਮੌਤ ਹੋ ਗਈ ਸੀ।

ਇਸ ਘਟਨਾ ਵਿੱਚ ਇੱਕ ਨੌਂ ਸਾਲਾ ਲੜਕਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਸੀ, ਹਾਲਾਂਕਿ ਉਸ ਦੀ ਜਾਨ ਬਚ ਗਈ ਸੀ।

ਇੱਕ ਕੈਨੇਡੀਅਨ ਨਾਗਰਿਕ ਵੱਲੋਂ ਲੰਡਨ, ਓਨਟਾਰੀਓ ਵਿੱਚ ਇੱਕ ਮੁਸਲਮਾਨ ਪਰਿਵਾਰ ਦਾ ਕਤਲ ਕੀਤਾ ਗਿਆ ਤੇ ਜਿਸ ਪਿੱਛੇ ਉਸ ਨੇ ਹੈਰਾਨ ਕਰਨ ਵਾਲਾ ਕਾਰਨ ਦੱਸਿਆ ਹੈ।

ਚਾਰ ਲੋਕਾਂ ਦੇ ਕਤਲ ਦੇ ਮਾਮਲੇ ਦਾ ਸਾਹਮਣਾ ਕਰ ਰਹੇ 22 ਸਾਲਾ ਨੈਥੇਨੀਏਲ ਵੇਲਟਮੈਨ ਨੇ ਜਿਊਰੀ ਨੂੰ ਕਿਹਾ ਕਿ, ਉਹ ਸਾਰੇ ਮੁਸਲਮਾਨਾਂ ਨੂੰ ਡਰਾਉਣਾ ਚਾਹੁੰਦੇ ਸਨ।

ਸਰਕਾਰੀ ਵਕੀਲਾਂ ਨੇ ਆਪਣੀ ਆਖ਼ਰੀ ਦਲੀਲ ਵਿੱਚ ਕਿਹਾ ਕਿ ਨੈਥੇਨੀਏਲ ਵੇਲਟਮੈਨ ਨੇ 'ਇੱਕ ਬੇਰਹਿਮ ਸੁਨੇਹਾ' ਦੇਣ ਦੀ ਯੋਜਨਾ ਬਣਾਈ ਸੀ।

ਵੇਲਟਮੈਨ ਖ਼ਿਲਾਫ਼ ਚਾਰ ਫ਼ਸਟ-ਡਿਗਰੀ ਕਤਲ ਦੇ ਇਲਜ਼ਾਮਾਂ ਦੇ ਨਾਲ-ਨਾਲ ਇੱਕ ਕਤਲ ਦੀ ਕੋਸ਼ਿਸ਼ ਕਰਨ ਦਾ ਮਾਮਲਾ ਵੀ ਦਰਜ ਹੈ।

ਇਸ ਦੇ ਨਾਲ ਹੀ ਉਸ 'ਤੇ ਅੱਤਵਾਦ ਦੇ ਇਲਜ਼ਾਮ ਲੱਗੇ ਹਨ। ਸਰਕਾਰੀ ਵਕੀਲਾਂ ਨੇ ਦਲੀਲ ਦਿੱਤੀ ਕਿ ਨੈਥੇਨੀਏਲ ਨੇ ਪਰਿਵਾਰ ਨੂੰ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਕਰਕੇ ਨਿਸ਼ਾਨਾ ਬਣਾਇਆ।

ਜਿਊਰੀ ਹਾਲੇ ਸਜ਼ਾ ਬਾਰੇ ਵਿਚਾਰ ਕਰ ਰਹੀ ਹੈ। ਜੇਕਰ ਉਨ੍ਹਾਂ ਨੂੰ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਮਰ ਕੈਦ ਦੀ ਸਜ਼ਾ ਸੁਣਾਈ ਜਾਵੇਗੀ।

**ਗੋਰਿਆਂ ਦੀ ਕਥਿਤ ਸਰਵਉੱਚਤਾ ਦਾ ਮਾਮਲਾ**

ਇਹ ਪਹਿਲਾ ਮਾਮਲਾ ਹੈ ਜਦੋਂ ਕੈਨੇਡਾ ਵਿੱਚ ਕਿਸੇ ਜਿਊਰੀ ਨੇ ਗੋਰਿਆਂ ਦੀ ਕਥਿਤ ਸਰਵਉੱਚਤਾ ਨਾਲ ਸਬੰਧਤ ਅੱਤਵਾਦ ਬਾਰੇ ਕਾਨੂੰਨੀ ਦਲੀਲਾਂ ਸੁਣੀਆਂ ਹਨ।

ਪੈਨਲ ਨੇ ਨਾ ਸਿਰਫ ਇਹ ਫ਼ੈਸਲਾ ਕਰਨਾ ਹੈ ਕਿ ਵੇਲਟਮੈਨ ਕਤਲ ਦੇ ਦੋਸ਼ੀ ਹਨ ਜਾਂ ਨਹੀਂ, ਪਰ ਇਹ ਵੀ ਦਰਸਾਉਣਾ ਹੈ ਕਿ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਅੱਤਵਾਦੀ ਗਤੀਵਿਧੀ ਵਜੋਂ ਦਰਸਾਇਆ ਜਾਣਾ ਚਾਹੀਦਾ ਹੈ ਜਾਂ ਨਹੀਂ।

ਪ੍ਰੌਸੀਕਿਊਟਰ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਤਲ ਇਰਾਦਤਨ ਕੀਤੇ ਗਏ ਸਨ ਅਤੇ ਸਿਆਸੀ, ਧਾਰਮਿਕ ਜਾਂ ਵਿਚਾਰਧਾਰਕ ਮਕਸਦ ਨਾਲ ਲੋਕਾਂ ਜਾਂ ਕਿਸੇ ਖ਼ਾਸ ਭਾਈਚਾਰੇ ਨੂੰ ਡਰਾਉਣ ਲਈ ਕੀਤੇ ਗਏ ਸਨ।

ਬੁੱਧਵਾਰ ਨੂੰ ਬਹਿਸ ਦੇ ਆਖਰੀ ਦਿਨ, ਸਰਕਾਰੀ ਵਕੀਲਾਂ ਨੇ ਇਹ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਵੇਲਟਮੈਨ ਅਫ਼ਜ਼ਲ ਦਾ ਪਰਿਵਾਰ @ਤੇ ਹਮਲਾ ਦੇਸ਼ ਦੇ ਮੂਲ ਵਾਸੀਆਂ ਦੀ ਰਾਸ਼ਟਰਵਾਦੀ ਵਿਚਾਰਧਾਰਾਵਾਂ ਤੋਂ ਪ੍ਰੇਰਿਤ ਸੀ।

ਕ੍ਰਾਊਨ ਦੇ ਵਕੀਲ ਫਰੇਜ਼ਰ ਬਾਲ ਨੇ ਜਿਊਰੀ ਨੂੰ ਦੱਸਿਆ ਕਿ ਮੁਲਜ਼ਮ ਨੇ ਇਸ ਘਟਨਾ ਨੂੰ ਅੰਜਾਮ ਦੇਣ ਮੌਕੇ ਬਹੁਤ ਹੀ 'ਕੱਟੜ' ਰਵੱਈਆ ਅਖਤਿਆਰ ਕੀਤਾ ਹੋਇਆ ਸੀ ਉਨੀਂ ਦਿਨੀਂ ਉਹ ਡਾਰਕ ਵੈੱਬ @ਤੇ 'ਬਹੁਤ ਜ਼ਿਆਦਾ ਨਸਲਵਾਦੀ' ਸਮੱਗਰੀ ਦੇਖ ਰਿਹਾ ਸੀ।

ਬਾਲ ਨੇ ਅੱਗੇ ਕਿਹਾ ਕਿ ਵੇਲਟਮੈਨ ਨੇ ਮੁਸਲਮਾਨਾਂ ਲਈ ਆਪਣੀ ਨਫ਼ਰਤ ਦੀ ਰੂਪਰੇਖਾ ਦੇ ਪਿੱਛੇ ਇੱਕ ਦਸਤਾਵੇਜ਼ ਛੱਡਿਆ ਸੀ।



ਅਦਾਲਤ ਵਿੱਚ ਉਹ ਦਸਤਾਵੇਜ਼ ਵੀ ਪੇਸ਼ ਕੀਤਾ ਗਿਆ ਜਿਹੜਾ ਪੁਲਿਸ ਨੂੰ ਵੇਲਟਮੈਨ ਦੀ ਗ੍ਰਿਫ਼ਤਾਰੀ ਤੋਂ ਫ਼ੌਰਨ ਬਾਅਦ ਉਨ੍ਹਾਂ ਦੇ ਕੰਪਿਊਟਰ @ਤੇ ਮਿਲਿਆ ਸੀ।

ਆਪਣੀਆਂ ਦਲੀਲਾਂ ਵਿੱਚ ਬੱਲ ਨੇ ਕਿਹਾ ਕਿ ਦੋਸ਼ੀ ਨੇ ਅਪ੍ਰੈਲ 2021 ਦੇ ਸ਼ੁਰੂ ਵਿੱਚ ਬਾਡੀ ਆਰਮਰ ਖਰੀਦਣ ਬਾਰੇ ਸੋਚਿਆ ਸੀ। ਹਮਲੇ ਵਾਲੇ ਦਿਨ ਵੀ ਉਨ੍ਹਾਂ ਨੇ ਆਪਣੇ ਅਪਾਰਟਮੈਂਟ ਨੂੰ ਛੱਡਣ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਸ਼ੂਟਰ ਗਰੁੱਪ ਦੀਆਂ ਲਿਖੀਆਂ ਸਮੱਗਰੀਆਂ ਨੂੰ ਇੱਕ ਵਾਰ ਮੁੜ ਪੜ੍ਹਿਆ ਸੀ।

ਬਾਲ ਨੇ ਦਲੀਲ ਦਿੱਤੀ ਕਿ ਉਸ ਦਿਨ ਵੇਲਟਮੈਨ ਦਾ ਮਕਸਦ ਕਤਲ ਕਰਨ ਨਾਲੋਂ ਕਿਤੇ ਵੱਡਾ ਸੀ।

ਉਨ੍ਹਾਂ ਕਿਹਾ ਕਿ, ਬੇਰਹਿਮੀ ਦਾ ਸੰਦੇਸ਼' ਬਹੁਤ ਵੱਡੇ ਪੱਧਰ 'ਤੇ ਕਿਸੇ ਭਾਈਚਾਰੇ ਨੂੰ ਪਚੁੰਚਾਏ ਜਾਣ ਦਾ ਅਫ਼ਜ਼ਲ ਸਿਰਫ਼ ਮਾਧਿਅਮ ਬਣੇ ਸਨ।

**ਬਚਾਅ ਪੱਖ ਦੀਆਂ ਦਲੀਲਾਂ**

ਮੰਗਲਵਾਰ ਨੂੰ, 13 ਵਿਅਕਤੀਆਂ ਦੀ ਜਿਊਰੀ ਨੇ ਵੇਲਟਮੈਨ ਦੇ ਵਕੀਲਾਂ ਦੀਆਂ ਅੰਤਮ ਦਲੀਲਾਂ ਸੁਣੀਆਂ। ਜਿਨ੍ਹਾਂ ਨੇ ਕਿਹਾ ਕਿ ਮੁਲਜ਼ਮ ਹਮਲੇ ਵਾਲੇ ਦਿਨ ਬਹੁਤ ਜ਼ਿਆਦਾ ਮਾਤਰਾ ਵਿੱਚ 'ਜਾਦੂਈ ਖੁੰਭਾਂ' ਦਾ ਸੇਵਨ ਕਰਨ ਤੋਂ 'ਸੁਪਨੇ ਵਰਗੀ ਮਾਨਸਿਕ ਸਥਿਤੀ' ਵਿੱਚ ਸੀ। ਨ੍ਹਾਂ ਨੇ ਇਹ ਵੀ ਦਲੀਲ ਦਿੱਤੀ ਕਿ ਵੇਲਟਮੈਨ ਮਾਨਸਿਕ ਰੋਗਾਂ ਤੋਂ ਪੀੜਤ ਸਨ। ਉਨ੍ਹਾਂ ਨੂੰ ਡਿਪਰੈਸ਼ਨ, ਚਿੰਤਾ ਅਤੇ ਪਰਸਨੈਲਿਟੀ ਵਿਗਾੜ ਹਨ। ਇਸ ਸਭ ਪਿੱਛੇ ਕਾਰਨ ਉਨ੍ਹਾਂ ਦਾ ਹੱਦੋਂ ਵੱਧ ਨਸ਼ੇ ਦੀ ਵਰਤੋਂ ਕਰਨਾ ਹੈ।

ਵੇਲਟਮੈਨ ਦੇ ਵਕੀਲ, ਕ੍ਰਿਸਟੋਫਰ ਹਿਕਸ ਨੇ ਉਸ ਸਮੇਂ ਆਪਣੇ ਮੁਵੱਕਿਲ ਦੀ ਮਾਨਸਿਕ ਸਥਿਤੀ ਨੂੰ 'ਵਿਸਫੋਟ ਵੱਲ ਜਾਣ ਵਾਲੀ ਬੇਕਾਬੂ ਮਾਲ ਗੱਡੀ' ਵਜੋਂ ਦਰਸਾਇਆ।

ਉਨ੍ਹਾਂ ਨੇ ਦਲੀਲ ਦਿੱਤੀ ਕਿ ਉਨ੍ਹਾਂ ਦਾ ਮੁਵੱਕਿਲ ਫ਼ਸਟ-ਡਿਗਰੀ ਕਤਲ ਦਾ ਦੋਸ਼ੀ ਨਹੀਂ ਹੈ।

**ਵੇਲਟਮੈਨ ਨੇ ਕੀ ਕਿਹਾ**

ਆਪਣੇ ਬਚਾਅ ਵਿੱਚ ਗਵਾਹੀ ਦਿੰਦਿਆਂ ਵੇਲਟਮੈਨ ਨੇ ਮੁਕੱਦਮੇ ਦੌਰਾਨ ਜਿਊਰੀ ਨੂੰ ਦੱਸਿਆ ਕਿ ਉਨ੍ਹਾਂ ਨੇ ਹਾਦਸੇ ਤੋਂ ਕਰੀਬ 40 ਘੰਟੇ ਪਹਿਲਾਂ ਜਾਦੂਈ ਮਸ਼ਰੂਮਜ਼ ਦਾ ਵੱਡੀ ਮਾਤਰਾ ਵਿੱਚ ਸੇਵਨ ਕੀਤਾ ਸੀ।

ਉਨ੍ਹਾਂ ਨੇ ਮੰਨਿਆ ਕਿ ਨਸ਼ੀਲਾ ਪਦਾਰਥ ਲੈਣ ਤੋਂ ਬਾਅਦ ਉਨ੍ਹਾਂ ਨੂੰ ਦੋ ਵਾਰ ਮੁਸਲਮਾਨਾਂ @ਤੇ ਗੱਡੀ ਚੜ੍ਹਾਉਣ ਦਾ ਖਿਆਲ ਆਇਆ ਸੀ ਪਰ ਉਨ੍ਹਾਂ ਨੇ ਇਸ ਸੋਚ ਦਾ ਸਵੈ-ਵਿਰੋਧ ਕੀਤਾ ਸੀ। ਉਨ੍ਹਾਂ ਦੱਸਿਆ ਕਿ ਫ਼ਿਰ ਕੁਝ ਸਮੇਂ ਬਾਅਦ ਜਦੋਂ ਉਹ ਕੁਝ ਖਾਣ ਲਈ ਘਰ ਤੋਂ ਬਾਹਰ ਗਏ ਤਾਂ ਉਨ੍ਹਾਂ ਨੇ ਇੱਕ ਮੁਸਲਮਾਨ ਪਰਿਵਾਰ ਨੂੰ ਜਾਂਦਿਆਂ ਦੇਖਿਆ ਤਾਂ ਉਹ ਆਪਣੀ 'ਪ੍ਰਬਲ ਇੱਛਾ' ਨੂੰ ਰੋਕ ਨਾ ਸਕੇ। ਦੂਜੇ ਪਾਸੇ ਸਰਕਾਰੀ ਵਕੀਲਾਂ ਨੇ ਦਲੀਲ ਦਿੱਤੀ ਹੈ ਕਿ ਵੇਲਟਮੈਨ, ਜੋ ਕਿ ਗ੍ਰਿਫਤਾਰੀ ਦੇ ਸਮੇਂ 20 ਸਾਲ ਦੇ ਸਨ ਨਫ਼ਰਤ ਅਤੇ ਕਥਿਤ ਗੋਰੇ ਰਾਸ਼ਟਰਵਾਦੀ ਵਿਚਾਰਾਂ ਤੋਂ ਪ੍ਰੇਰਿਤ ਸੀ।

ਉਨ੍ਹਾਂ ਨੇ ਕੁੱਲ 19 ਗਵਾਹਾਂ ਨੂੰ ਬੁਲਾਇਆ ਸੀ ਅਤੇ ਜਿਊਰੀ ਨੂੰ ਕਰੈਸ਼ ਦੀ ਵੀਡੀਓ ਦਿਖਾਈ ਸੀ। ਵੀਡੀਓ ਵਿੱਚ, ਵੇਲਟਮੈਨ ਇੱਕ ਬੁਲੇਟ-ਪਰੂਫ ਜੈਕਟ ਪਹਿਨੀ ਅਤੇ ਇੱਕ ਆਰਮੀ ਹੈਲਮੇਟ ਪਹਿਨੇ ਨਜ਼ਰ ਆ ਰਹੇ ਹਨ। ਘਟਨਾ ਤੋਂ ਬਾਅਦ ਪੁਲਿਸ ਨਾਲ ਇੱਕ ਇੰਟਰਵਿਊ ਵਿੱਚ, ਉਨ੍ਹਾਂ ਨੇ ਆਪਣੀ ਪਛਾਣ ਇੱਕ ਗੋਰੇ ਰਾਸ਼ਟਰਵਾਦੀ ਵਜੋਂ ਦਿੱਤੀ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੇ ਇੱਕ ਪਰਿਵਾਰ ਨੂੰ ਮਾਰਿਆ ਹੈ ਕਿਉਂਕਿ ਉਹ ਮੁਸਲਮਾਨ ਸਨ। ਜਿਊਰੀ ਨੂੰ ਇੱਕ ਆਡੀਓ ਵੀ ਸੁਣਾਈ ਗਈ। ਵੇਲਟਮੈਨ ਨੇ ਕਰੈਸ਼ ਤੋਂ ਬਾਅਦ 911 'ਤੇ ਕਾਲ ਕੀਤੀ ਸੀ ਅਤੇ ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ,÷ਆਓ ਅਤੇ ਮੈਨੂੰ ਗ੍ਰਿਫ਼ਤਾਰ ਕਰੋ। ਮੈਂ ਇਹ ਕਿਸੇ ਮਕਸਦ ਨਾਲ ਕੀਤਾ ਹੈ। ਪਰ ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਵੇਲਟਮੈਨ ਨੇ ਇਹ ਬਿਆਨ ਦਬਾਅ ਹੇਠ ਦਿੱਤੇ ਸਨ ਅਤੇ ਇਹ ਸਾਬਤ ਕਰਨਾ ਔਖਾ ਹੈ ਕਿ ਵੇਲਟਮੈਨ ਦੇ ਵੱਖ-ਵੱਖ ਮਾਨਸਿਕ ਵਿਗਾੜਾਂ ਕਾਰਨ ਹਾਦਸੇ ਵਾਲੇ ਦਿਨ ਉਨ੍ਹਾਂ ਦਾ ਇਰਾਦਾ ਇਸ ਪਰਿਵਾਰ ਨੂੰ ਮਾਰਨਾ ਸੀ।



# ਵਾਚ ਆਊਟ : ਸਿੱਧੂ ਮੂਸੇਵਾਲਾ ਦੇ ਨਵੇਂ ਗੀਤ ਦੇ ਸ਼ਬਦ 'ਸੈਕਸ਼ਨ 12' ਅਤੇ '30 ਕੋਰੀਅਨ ਮੇਡ ਜ਼ਿਗਾਨੇ' ਨੇ ਛੇੜੀ ਚਰਚਾ






## ਸਿੱਧੂ ਦੀ ਮੌਤ ਤੋਂ ਬਾਅਦ ਪੰਜਵਾਂ ਗਾਣਾ

ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਹੁਣ ਤੱਕ 5 ਗਾਣੇ ਰਿਲੀਜ਼ ਹੋ ਚੁਕੇ ਹਨ, ਜਿਨ੍ਹਾਂ ਵਿੱਚ ਐੱਸਵਾਈਐੱਲ, ਵਾਰ- ਸਿੱਖ ਜਰਨੈਲ ਹਰੀ ਸਿੰਘ ਨਲੂਆ, ਮੇਰਾ ਨਾਂ ਤੇ ਚੋਰਨੀ ਵੀ ਸ਼ਾਮਲ ਹਨ। ਜੂਨ 2022 ਵਿੱਚ ਸਿੱਧੂ ਦਾ ਐੱਸਵਾਈਐੱਲ ਗਾਣਾ ਰਿਲੀਜ਼ ਹੋਇਆ ਸੀ ਜਿਸ ਉੱਤੇ ਯੂਟਿਊਬ 'ਤੇ ਭਾਰਤ ਵਿੱਚ ਪਾਬੰਦੀ ਲਗਾ ਦਿੱਤੀ ਸੀ। ਇਹ ਗਾਣਾ ਪੰਜਾਬ ਅਤੇ ਹਰਿਆਣਾ ਦਰਮਿਆਨ ਚੱਲ ਰਹੇ ਐੱਸਵਾਈਐੱਲ ਨਹਿਰ ਦੇ ਵਿਵਾਦ ਨੂੰ ਲੈ ਕੇ ਸੀ। ਸਿੱਧੂ ਨੇ ਇਸ ਗਾਣੇ ਵਿੱਚ ਸਿੱਖ ਖਾੜਕੂ ਬਲਵਿੰਦਰ ਸਿੰਘ ਜਟਾਣਾ ਦਾ ਜ਼ਿਕਰ ਵੀ ਕੀਤਾ ਸੀ। ਅਪ੍ਰੈਲ 2023 ਵਿੱਚ ਸਿੱਧੂ ਦਾ ਨਵਾਂ ਗਾਣਾ 'ਮੇਰਾ ਨਾਂ' ਰਿਲੀਜ਼ ਹੋਇਆ ਸੀ ਜੋ ਉਹਨਾਂ ਇੰਗਲੈਂਡ ਦੇ ਰੈਪਰ ਬਰਨਾ ਬੋਏ ਦੇ ਨਾਲ ਗਾਇਆ ਸੀ। ਮੂਸੇਵਾਲਾ ਦੇ ਕਤਲ ਕੇਸ ਵਿੱਚ ਹੁਣ ਤੱਕ ਦਰਜਨਾਂ ਗਿਰਫ਼ਤਾਰੀਆਂ ਹੋ ਚੁੱਕੀਆਂ ਹਨ। ਮੁੱਖ ਮੁਲਜ਼ਮਾਂ ਵਿੱਚ ਲਾਰੈਂਸ ਬਿਸ਼ਨੋਈ ਦਾ ਨਾਮ ਵੀ ਸ਼ਾਮਿਲ ਹੈ।

ਮਰਹੂਮ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ 'ਵਾਚ ਆਊਟ' ਯੂਟਿਊਬ ਉੱਤੇ ਆਉਂਦਿਆਂ ਹੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਹ ਗੀਤ ਦੀਵਾਲੀ ਵਾਲੇ ਦਿਨ 12 ਵਜੇ ਯੂਟਿਊਬ ਉੱਤੇ ਜਾਰੀ ਹੋਇਆ। ਲਾਈਵ ਪ੍ਰੀਮੀਅਰ ਵੇਲੇ ਤਕਰੀਬਨ 4 ਲੱਖ ਤੋਂ ਵੱਧ ਲੋਕ ਇਸ ਗੀਤ ਨੂੰ ਸੁਣ ਰਹੇ ਸਨ। ਭਾਰਤ ਦੇ ਨਾਲ-ਨਾਲ ਇਹ ਗੀਤ ਕੈਨੇਡਾ ਵਿੱਚ ਵੀ ਟਰੈਂਡਿੰਗ ਵਿੱਚ ਆ ਗਿਆ। 5 ਘੰਟੇ ਦੇ ਵਿੱਚ ਹੀ ਇਹ ਗੀਤ ਦੇ ਦਰਸ਼ਕਾਂ ਦੀ ਗਿਣਤੀ 50 ਲੱਖ ਤੋਂ ਵੀ ਪਾਰ ਹੋ ਗਈ। ਇਹ ਗੀਤ ਸਿੱਧੂ ਮੂਸੇਵਾਲਾ ਵੱਲੋਂ ਪਹਿਲਾਂ ਗਾਏ ਗੀਤਾਂ ਜਿਹੀ ਸ਼ੈਲੀ ਵਿੱਚ ਹੀ ਹੈ, ਇਸਦਾ ਰੌਅ ਅਜਿਹਾ ਹੈ, ਜਿਵੇਂ ਗਾਇਕ ਕਿਸੇ ਨੂੰ ਵੰਗਾਰ ਰਿਹਾ ਹੋਵੇ। ਇਹ ਗੀਤ ਸੁਣਕੇ ਅਜਿਹਾ ਲੱਗਦਾ ਹੈ, ਜਿਵੇਂ ਗਾਇਕ ਕਿਸੇ ਗੱਲ ਦਾ ਕਿਸੇ ਨੂੰ ਜੁਆਬ ਦੇ ਰਿਹਾ ਹੋਵੇ। ਸਿੱਧੂ ਮੂਸੇਵਾਲਾ ਪੰਜਾਬੀ ਦਾ ਕੌਮਾਂਤਰੀ ਪੱਧਰ ਦਾ ਸਟਾਰ ਸੀ। 29 ਮਈ 2022 ਨੂੰ ਘੇਰ ਕੇ ਦਿਨ-ਦਿਹਾੜੇ ਆਧੁਨਿਕ ਹਥਿਆਰਾਂ ਨਾਲ ਉਨ੍ਹਾਂ ਦਾ ਕਤਲ ਕੀਤਾ ਗਿਆ ਸੀ। ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਰਿਲੀਜ਼ ਹੋਣ ਵਾਲਾ ਇਹ ਉਨ੍ਹਾਂ ਦਾ ਪੰਜਵਾਂ ਗੀਤ ਹੈ।

**ਸੈਕਸ਼ਨ 12 ਬਾਰੇ ਕੀ ਛਿੜੀ ਚਰਚਾ**

ਸਿੱਧੂ ਮੂਸੇਵਾਲਾ ਆਪਣੇ ਪੁਰਾਣੇ ਗੀਤਾਂ ਵਿੱਚ ਕਾਨੂੰਨੀ ਧਾਰਾਵਾਂ ਨਾਲ ਸਬੰਧਤ ਸ਼ਬਦਾਵਲੀ ਦੀ ਗੀਤਾਂ ਵਿੱਚ ਵਰਤੋਂ ਕਰਦੇ ਰਹੇ ਹਨ। ਉਨ੍ਹਾਂ ਦੇ ਗੀਤ 295 ਦਾ ਨਾਂਅ ਵੀ ਭਾਰਤੀ ਦੰਡਾਵਲੀ ਦੀ ਧਾਰਾ ਉੱਤੇ ਹੈ। ਭਾਰਤੀ ਦੰਡਾਵਲੀ ਦੀ ਧਾਰਾ 295(ਏ) ਧਾਰਮਿਕ ਭਾਵਨਾਵਾਂ ਭੜਕਾਉਣ ਵਾਲਿਆਂ ਉੱਤੇ ਲੱਗਦੀ ਹੈ। ਆਪਣੇ ਇਸ ਗੀਤ ਵਿੱਚ ਉਨ੍ਹਾਂ ਨੇ ਤਥਾਕਥਿਤ ਧਾਰਮਿਕ ਆਗੂਆਂ ਅਤੇ ਸਿਆਸੀ ਆਗੂਆਂ ਉੱਤੇ ਤੰਜ਼ ਕੱਸਿਆ ਸੀ। ਇਸ ਗੀਤ ਵਿੱਚ ਉਨ੍ਹਾਂ ਕਿਹਾ ਸੀ ਸੱਚ ਬੋਲੇਂਗਾ ਤਾਂ ਮਿਲੂ 295 ਜੇ ਕਰੇਂਗਾ ਤਰੱਕੀ ਪੁੱਤ ਹੇਟ(ਨਫ਼ਰਤ) ਮਿਲੂਗੀ। ਆਪਣੇ ਇਸ ਨਵੇਂ ਗਾਣੇ ਦੀ ਸ਼ੁਰੂਆਤ ਵਿੱਚ ਹੀ ਉਹ ਸੈਕਸ਼ਨ 12 ਦੀ ਗੱਲ ਕਰਦੇ ਹਨ। ਆਹ ਸੈਕਸ਼ਨ 12 ਸਾਡੇ ਨਾਲ ਹੰਢੀਆਂ ਵਰਤੀਆਂ ਨੇ, ਸਾਡੇ ਮੋਢੇ ਚੁੱਕੀਆਂ ਰਫ਼ਲਾਂ ਜਾ ਫ਼ਿਰ ਅਰਥੀਆਂ ਨੇ ਸੈਕਸ਼ਨ 12 ਦਾ ਜ਼ਿਕਰ ਸਿੱਧੂ ਮੂਸੇਵਾਲਾ ਨੇ ਇਸ ਗੀਤ ਵਿੱਚ ਕਿਉਂ ਕੀਤਾ ਸੀ ਅਤੇ ਇਸਦੇ ਕੀ ਅਰਥ ਹਨ, ਇਸ ਬਾਰੇ ਸੋਸ਼ਲ ਮੀਡੀਆ ਉੱਤੇ ਲੋਕਾਂ ਦੀ ਵੱਖ-ਵੱਖ ਰਾਇ ਹੈ। ਕੁਝ ਲੋਕ ਇਸ ਨੂੰ ਨਜ਼ਾਇਜ਼ ਹਥਿਆਰਾਂ ਦੇ ਮਾਮਲੇ ਵਿੱਚ ਲੱਗਣ ਵਾਲੇ ਆਰਮਜ਼ ਐਕਟ ਦਾ ਸੈਕਸ਼ਨ ਵੀ ਦੱਸ ਰਹੇ ਹਨ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੱਲੋਂ ਗੀਤ ਜਾਰੀ ਹੋਣ ਤੋਂ ਬਾਅਦ ਕੀਤੇ ਗਏ ਸੰਬੋਧਨ ਵਿੱਚ ਵੀ ਇਸਦਾ ਜ਼ਿਕਰ ਨਹੀਂ ਆਉਂਦਾ ਹੈ। ਮਈ 2020 ਵਿੱਚ ਸਿੱਧੂ ਮੂਸੇਵਾਲਾ ਉੱਤੇ ਆਰਮਜ਼ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਹੋਇਆ ਸੀ। ਸਿੱਧੂ ਮੂਸੇਵਾਲਾ ਉੱਤੇ ਆਰਮਜ਼ ਐਕਟ ਦੀ ਸੈਕਸ਼ਨ 25,29 ਅਤੇ 30 ਦੀਆਂ ਧਾਰਾਵਾਂ ਤਹਿਤ ਕੇਸ ਦਰਜ ਹੋਇਆ ਸੀ। ਜੁਲਾਈ 2020 ਵਿੱਚ ਸਿੱਧੂ ਮੂਸੇਵਾਲਾ ਨੇ ਆਪਣਾ ਗੀਤ ਵੀ ਜਾਰੀ ਕੀਤਾ ਸੀ, ਗੱਭਰੂ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ। ਕੁਝ ਸੋਸ਼ਲ ਮੀਡੀਆ ਵਰਤੋਂਕਾਰ ਇਹ ਵੀ ਕਹਿ ਰਹੇ ਹਨ ਕਿ ਇਹ ਸੈਕਸ਼ਨ 12 ਯੂਕੇ ਜਾਂ ਕੈਨੇਡਾ ਦੇ ਕਾਨੂੰਨ ਬਾਰੇ ਵੀ ਹੋ ਸਕਦੇ। ਨਾਮ ਨਾ ਜਨਤਕ ਕਰਨ ਦੀ ਸ਼ਰਤ 'ਤੇ ਇੱਕ ਜਾਣਕਾਰ ਨੇ ਇਹ ਵੀ ਦੱਸਿਆ ਕਿ ਇਹ ਸਿੱਧੂ ਮੂਸੇਵਾਲਾ ਦੇ ਕਿਸੇ ਨਾਲ ਵਪਾਰਕ ਇਕਰਾਰਨਾਮੇ ਨਾਲ ਵੀ ਜੁੜਿਆ ਹੋ ਸਕਦਾ ਹੈ। ਬੀਬੀਸੀ ਨਾਲ ਗੱਲ ਕਰਦਿਆਂ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਸਿੱਧੂ ਵੱਲੋਂ ਆਪਣੇ ਗੀਤ ਵਿੱਚ ਬੱਸ ਇੱਕੋ ਵਾਰ ਇਕੱਲੇ 'ਸੈਕਸ਼ਨ 12' ਦੀ ਵਰਤੋਂ ਕੀਤੀ ਗਈ ਹੈ। ਇਸ ਬਾਰੇ ਬਹੁਤੀ ਸਪੱਸ਼ਟਤਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਦੰਡਾਵਲੀ ਦੇ ਸੈਕਸ਼ਨ 12 ਮੁਤਾਬਕ ਆਈਪੀਸੀ ਵਿੱਚ ਜਿੱਥੇ ਵੀ 'ਪਬਲਿਕ' ਕਿਸੇ ਵੀ ਵਰਗ ਨਾਲ ਸਬੰਧਤ ਲੋਕਾਂ ਬਾਰੇ ਵਰਤਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਸੰਵਿਧਾਨ ਦੇ ਆਰਟੀਕਲ 12 ਮੁਤਾਬਕ ਆਮ ਹਾਲਾਤਾਂ ਵਿੱਚ ਹਰੇਕ ਸੂਬੇ ਦੀ ਵਿਧਾਨ ਸਭਾ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਭਾਰਤ ਸਰਕਾਰ ਦੇ ਹੇਠ ਹਨ। ਉਨ੍ਹਾਂ ਦੱਸਿਆ ਕਿ ਆਰਮਜ਼ ਐਕਟ ਦਾ ਸੈਕਸ਼ਨ 12 ਹਥਿਆਰਾਂ ਨੂੰ ਇੱਕ ਥਾਂ ਤੋਂ ਦੂਜੇ ਥਾਂ 'ਤੇ ਲੈ ਕੇ ਜਾਣ 'ਟ੍ਰਾਂਸਪੋਰਟ' 'ਤੇ ਮਨਾਹੀ ਬਾਰੇ ਹੈ। ਸਿੱਧੂ ਮੂਸੇਵਾਲਾ ਦੇ ਕਈ ਗੀਤਾਂ ਵਿੱਚ ਉਹ ਖ਼ਾਸ ਸੰਦਰਭ ਵਿੱਚ ਉਨ੍ਹਾਂ ਦੇ 'ਦੁਸ਼ਮਣਾਂ' ਜਾਂ 'ਪਹਿਲਾਂ ਨਾਲ ਰਹਿ ਚੁੱਕੇ ਸਾਥੀਆਂ' ਨੂੰ ਨਿਸ਼ਾਨਾ ਬਣਾਉਂਦੇ ਰਹੇ ਹਨ। ਇੱਕ ਜਾਣਕਾਰ ਨੇ ਦੱਸਿਆ ਕਿ ਇਹ ਗਾਣਾ ਵੀ ਖ਼ਾਸ ਸੰਦਰਭ ਵਿੱਚ ਹੋ ਸਕਦਾ ਹੈ ਅਤੇ ਇਸ ਬਾਰੇ ਵੱਖ-ਵੱਖ ਰਾਇ ਬਣਾਈ ਜਾ ਰਹੀ ਹੈ, ਜਿਸਦੇ ਠੀਕ ਹੋਣ ਜਾਂ ਨਾ ਹੋਣ ਬਾਰੇ ਕਹਿਣਾ ਮੁਸ਼ਕਲ ਹੈ।

**'ਐਲਾਨ ਐ ਮੇਰਾ ਵੈਰੀਆਂ ਨੂੰ'**

ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਵੱਲੋਂ ਆਪਣੇ ਪਸੰਦੀਦਾ ਗਾਇਕ ਦੀ ਮੌਤ ਦੇ ਤਕਰੀਬਨ ਡੇਢ ਸਾਲ ਬਾਅਦ ਆਏ ਗੀਤ ਉੱਤੇ ਉਤਸ਼ਾਹ ਜ਼ਾਹਰ ਕੀਤਾ ਜਾ ਰਿਹਾ ਹੈ। ਉੱਥੇ ਹੀ ਕਈ ਲੋਕ ਇਸ ਗੀਤ ਵਿੱਚ ਕੀਤੇ ਗਏ ਹਿੰਸਾ ਦੇ ਜ਼ਿਕਰ ਦੇ ਸਮਾਜ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਵੀ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਇਸ ਗੀਤ ਵਿੱਚ ਉਹ ਆਪਣੇ ਵਿਰੋਧੀਆਂ ਨੂੰ ਲਲਕਾਰਦੇ ਹੋਏ ਪ੍ਰਤੀਤ ਹੁੰਦੇ ਹਨ। ਇਸ ਗਾਣੇ ਦੀਆਂ ਮੁੱਖ ਸਤਰਾਂ ਹਨ, ਹੋ ਕੇ ਤਕੜੇ ਰਿਹੋ ਐਲਾਨ ਐ ਮੇਰਾ ਵੈਰੀਆਂ ਨੂੰ, ਤੁਹਾਨੂੰ ਜਿਓਣ ਨੀ ਦਿੰਦਾ ਜਿੰਨਾ ਚਿਰ ਮੈਂ ਮਰਦਾ ਨੀ ਇਸ ਤੋਂ ਅਗਲੀਆਂ ਸਤਰਾਂ ਵਿੱਚ ਉਹ ਕਹਿੰਦੇ ਹਨ, 'ਜੇ ਤੁਹਾਡੇ ਹੱਥ ਆ ਗਿਆ ਮੈਨੂੰ ਬਖ਼ਸ਼ਿਓ ਨਾ, ਜੇ ਮੇਰੇ ਹੱਥੇ ਆ ਗਏ ਤਾਂ ਮੈਂ ਛੱਡਦਾ ਨਹੀਂ ਗਾਣੇ ਦੇ ਅੰਤ ਵਿੱਚ ਉਹ ਕਹਿੰਦੇ ਹਨ, ਜਿੱਥੇ ਚਿੱਤ ਕੀਤਾ ਆ ਕੇ ਟੱਕਰ ਲਿਓ ਕਿੱਥੇ ਜਾਨਾ-ਆਉਨਾ ਕਿਸੇ ਕੋਲੋਂ ਕੋਈ ਪਰਦਾ ਨਹੀਂ। ਉਨ੍ਹਾਂ ਦੇ ਪ੍ਰਸ਼ੰਸਕਾਂ ਵੱਲੋਂ ਇਨ੍ਹਾਂ ਸਤਰਾਂ ਨੂੰ ਉਨ੍ਹਾਂ ਦੀ ਮੌਤ ਦੇ ਹਾਲਾਤਾਂ ਨਾਲ ਵੀ ਜੋੜਿਆ ਜਾ ਰਿਹਾ ਹੈ।

**ਸਿੱਧੂ ਮੂਸੇਵਾਲਾ ਦੇ ਮਾਪੇ ਕੀ ਕਹਿ ਰਹੇ**

ਇਸ ਗੀਤ ਤੋਂ ਬਾਅਦ ਸਿੱਧੂ ਮੂਸੇਵਾਲਾ ਦੀ ਮਾਂ ਚਰਨ ਕੌਰ ਦੀਆਂ ਭਾਵੁਕ ਤਸਵੀਰਾਂ ਅਤੇ ਵੀਡੀਓਜ਼ ਵੀ ਸੋਸ਼ਲ ਮੀਡੀਆ ਉੱਤੇ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਸਿੱਧੂ ਮੂਸੇ ਵਾਲਾ ਦੇ ਪਿਤਾ ਨੇ ਬਲਕੌਰ ਸਿੰਘ ਨੇ ਵੀ ਸਰਕਾਰ ਉੱਤੇ ਉਨ੍ਹਾਂ ਉੱਤੇ ਨਜ਼ਰ ਰੱਖਣ ਦੇ ਇਲਜ਼ਾਮ ਲਾਏ ਹਨ। ਉਨ੍ਹਾਂ ਕਿਹਾ ਕਿ ਸਿੱਧੂ ਦੇ ਗੀਤ ਨੂੰ ਮਿਲੀ ਮਕਬੂਲੀਅਤ ਤੋਂ ਪਤਾ ਲੱਗਦਾ ਹੈ ਕਿ ਲੋਕ ਉਸ ਦੇ ਜਾਣ ਤੋਂ ਬਾਅਦ ਵੀ ਉਸ ਨੂੰ ਕਿੰਨਾ ਪਿਆਰ ਕਰਦੇ ਹਨ।

**ਸਿੱਧੂ ਦੀ ਮੌਤ ਤੋਂ ਬਾਅਦ ਪੰਜਵਾਂ ਗਾਣਾ**

ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਹੁਣ ਤੱਕ 5 ਗਾਣੇ ਰਿਲੀਜ਼ ਹੋ ਚੁਕੇ ਹਨ, ਜਿਨ੍ਹਾਂ ਵਿੱਚ ਐੱਸਵਾਈਐੱਲ, ਵਾਰ- ਸਿੱਖ ਜਰਨੈਲ ਹਰੀ ਸਿੰਘ ਨਲੂਆ, ਮੇਰਾ ਨਾਂ ਤੇ ਚੋਰਨੀ ਵੀ ਸ਼ਾਮਲ ਹਨ। ਜੂਨ 2022 ਵਿੱਚ ਸਿੱਧੂ ਦਾ ਐੱਸਵਾਈਐੱਲ ਗਾਣਾ ਰਿਲੀਜ਼ ਹੋਇਆ ਸੀ ਜਿਸ ਉੱਤੇ ਯੂਟਿਊਬ 'ਤੇ ਭਾਰਤ ਵਿੱਚ ਪਾਬੰਦੀ ਲਗਾ ਦਿੱਤੀ ਸੀ। ਇਹ ਗਾਣਾ ਪੰਜਾਬ ਅਤੇ ਹਰਿਆਣਾ ਦਰਮਿਆਨ ਚੱਲ ਰਹੇ ਐੱਸਵਾਈਐੱਲ ਨਹਿਰ ਦੇ ਵਿਵਾਦ ਨੂੰ ਲੈ ਕੇ ਸੀ। ਸਿੱਧੂ ਨੇ ਇਸ ਗਾਣੇ ਵਿੱਚ ਸਿੱਖ ਖਾੜਕੂ ਬਲਵਿੰਦਰ ਸਿੰਘ ਜਟਾਣਾ ਦਾ ਜ਼ਿਕਰ ਵੀ ਕੀਤਾ ਸੀ। ਅਪ੍ਰੈਲ 2023 ਵਿੱਚ ਸਿੱਧੂ ਦਾ ਨਵਾਂ ਗਾਣਾ 'ਮੇਰਾ ਨਾਂ' ਰਿਲੀਜ਼ ਹੋਇਆ ਸੀ ਜੋ ਉਹਨਾਂ ਇੰਗਲੈਂਡ ਦੇ ਰੈਪਰ ਬਰਨਾ ਬੋਏ ਦੇ ਨਾਲ ਗਾਇਆ ਸੀ। ਮੂਸੇਵਾਲਾ ਦੇ ਕਤਲ ਕੇਸ ਵਿੱਚ ਹੁਣ ਤੱਕ ਦਰਜਨਾਂ ਗਿਰਫ਼ਤਾਰੀਆਂ ਹੋ ਚੁੱਕੀਆਂ ਹਨ। ਮੁੱਖ ਮੁਲਜ਼ਮਾਂ ਵਿੱਚ ਲਾਰੈਂਸ ਬਿਸ਼ਨੋਈ ਦਾ ਨਾਮ ਵੀ ਸ਼ਾਮਿਲ ਹੈ।




## ਜਰਨੈਲ ਸਿੰਘ ਭਿੰਡਰਾਂਵਾਲੇ ਦੇ ਬੋਲ ਗੀਤ ਵਿੱਚ ਕਿੱਥੇ

ਇਸ ਗੀਤ ਵਿੱਚ ਸਿੱਧੂ ਮੂਸੇਵਾਲਾ ਦੇ ਨਾਲ ਸਿਕੰਦਰ ਕਾਹਲੋਂ ਵੀ ਹਨ। ਉਹ ਆਪਣੇ ਰੈਪ ਵਿੱਚ ਕਹਿੰਦੇ ਹਨ, 'ਸਰੀਰ ਦੇ ਗਏ ਤੇ ਨਾ ਹੋਏ ਅਫ਼ਸੋਸ, ਜ਼ਮੀਰ 'ਚ ਮਰੇ ਉਹਨੂੰ ਕਹਿੰਦੇ ਨੇ ਮੌਤ'। ਇਹ ਵਾਕ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਆਪਣੇ ਇੱਕ ਭਾਸ਼ਣ ਵਿੱਚ ਬੋਲੀ ਗਈ ਗੱਲ ਨਾਲ ਮਿਲਦਾ-ਜੁਲਦਾ ਹੈ। ਇਹ ਵਾਕ ਸਨ, ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾ ਹਾਂ। ਭਿੰਡਰਾਂਵਾਲਾ ਦੇ ਭਾਸ਼ਣ ਦਾ ਇਹ ਹਿੱਸਾ ਉਨ੍ਹਾਂ ਦੇ ਪੋਸਟਰਾਂ, ਟੀ ਸ਼ਰਟਾਂ ਦੇ ਨਾਲ-ਨਾਲ ਪੰਜਾਬ ਵਿੱਚ ਕਈ ਕਾਰਾਂ, ਬੱਸਾਂ ਅਤੇ ਟਰੱਕਾਂ ਦੇ ਪਿੱਛੇ ਵੀ ਲਿਖਿਆ ਮਿਲਦਾ ਹੈ। ਇਸ ਗਾਣੇ ਵਿੱਚ ਕਿਹੜੇ ਹਥਿਆਰਾਂ ਦਾ ਜ਼ਿਕਰਸਿੱਧੂ ਮੂਸੇਵਾਲਾ ਦੇ ਗੀਤਾਂ ਵਿੱਚ ਹਥਿਆਰਾਂ ਦੀ ਗੱਲ ਆਮ ਰਹੀ ਹੈ। ਇਸ ਗੱਲ ਲਈ ਕਈ ਸਮਾਜਕ ਕਾਰਕੁਨਾਂ ਵੱਲੋਂ ਸਮੇਂ-ਸਮੇਂ ਉੱਤੇ ਉਨ੍ਹਾਂ ਦਾ ਵਿਰੋਧ ਵੀ ਕੀਤਾ ਜਾਂਦਾ ਰਿਹਾ ਹੈ। ਸਾਡੇ ਕੋਲ ਵੀ 30 ਕੋਰੀਅਨ ਮੇਡ ਜ਼ਿਗਾਨੇ ਨੇ ਜ਼ਿਗਾਨਾ ਪਿਸਤੌਲ ਦੀ ਇੱਕ ਕਿਸਮ ਹੈ, ਇਸ ਦੀ ਖ਼ੂਬੀ ਇਹ ਹੈ ਕਿ ਇੱਕ ਵਾਰ ਵਿੱਚ ਆਮ ਨਾਲੋਂ ਵੱਧ ਗੋਲੀਆਂ ਚਲਾਈਆਂ ਜਾ ਸਕਦੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਇਸੇ ਹਥਿਆਰ ਨਾਲ ਹੀ ਯੂਪੀ ਦੇ ਗੈਂਗਸਟਰ ਅਤੀਕ ਅਹਿਮਦ ਨੂੰ ਸ਼ਰੇਆਮ ਗੋਲੀਆਂ ਮਾਰੀਆਂ ਗਈਆਂ ਸਨ।

# ਗੁਰਪਤਵੰਤ ਪੰਨੂ ਦੀ ਏਅਰ ਇੰਡੀਆ ਵਾਲੀ ਧਮਕੀ ’ਤੇ ਭਾਰਤ ਤੇ ਕੈਨੇਡਾ ਨੇ ਦਿੱਤਾ ਇਹ ਜਵਾਬ






ਭਾਰਤ ਵਿੱਚ ਪਾਬੰਦੀਸ਼ੁਦਾ ਜਥੇਬੰਦੀ ‘ਸਿੱਖਸ ਫਾਰ ਜਸਟਿਸ’ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਮੁੜ ਤੋਂ ਆਪਣੇ ਇੱਕ ਵੀਡੀਓ ਕਰਕੇ ਘਿਰੇ ਹੋਏ ਹਨ। ਹਾਲ ਹੀ ਵਿੱਚ ਉਨ੍ਹਾਂ ਨੇ ਇੱਕ ਵੀਡੀਓ ਜਾਰੀ ਕਰਕੇ 19 ਨਵੰਬਰ ਨੂੰ ਏਅਰ ਇੰਡੀਆ ਦੀਆਂ ਫਲਾਈਟਾਂ ਨੂੰ ਠੱਪ ਕਰਨ ਦੀ ਧਮਕੀ ਦਿੱਤੀ ਸੀ। ਇਹ ਵੀਡੀਓ 4 ਨਵੰਬਰ ਨੂੰ ਸੋਸ਼ਲ ਮੀਡੀਆ ਉੱਤੇ ਆਈ ਸੀ। ਇਸ ਵਿੱਚ ਉਹ 19 ਨਵੰਬਰ ਨੂੰ ਏਅਰ ਇੰਡੀਆ ਵਿੱਚ ਸਫ਼ਰ ਕਰਨ ਵਾਲੇ ਲੋਕਾਂ ਨੂੰ ਚੇਤਾਵਨੀ ਦਿੰਦੇ ਸੁਣੇ ਜਾ ਸਕਦੇ ਹਨ। ਪੰਨੂ ਦੇ ਇਸ ਵੀਡੀਓ ਤੋਂ ਬਾਅਦ ਭਾਰਤ ਤੇ ਕੈਨੇਡਾ ਸਰਕਾਰ ਨੇ ਸਖ਼ਤ ਕਦਮ ਚੁੱਕਣ ਦੀ ਗੱਲ ਆਖੀ ਹੈ। 19 ਨਵੰਬਰ ਨੂੰ ਕ੍ਰਿਕਟ ਵਿਸ਼ਵ ਕੱਪ 2023 ਦਾ ਆਖ਼ਰੀ ਮੈਚ ਹੋਵੇਗਾ। ਭਾਰਤ ਇਸ ਕ੍ਰਿਕਟ ਵਿਸ਼ਵ ਕੱਪ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸਦਾ ਜ਼ਿਕਰ ਵੀ ਪੰਨੂ ਨੇ ਆਪਣੀ ਵੀਡੀਓ ਵਿੱਚ ਕੀਤਾ ਹੈ। ਗੁਰਪਤਵੰਤ ਸਿੰਘ ਪੰਨੂ ਨੇ ਇਸ ਵੀਡੀਓ ਵਿੱਚ ਕਿਹਾ ਕਿ ਸਿੱਖ 19 ਨਵੰਬਰ ਨੂੰ ਏਅਰ ਇੰਡੀਆ ਦੇ ਜਹਾਜ਼ ਵਿੱਚ ਸਫ਼ਰ ਨਾ ਕਰਨ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ।

**ਭਾਰਤ ਦੇ ਵਿਦੇਸ਼ ਮੰਤਰਾਲੇ ਦੀ ਕੀ ਪ੍ਰਤੀਕਿਰਿਆ**

ਇਸ ਬਾਰੇ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਵੀ ਪ੍ਰਤੀਕਿਰਿਆ ਜ਼ਾਹਰ ਕੀਤੀ ਗਈ ਹੈ। ਉਨ੍ਹਾਂ ਕਿਹਾ ਹੈ ਕਿ ਭਾਰਤ ਵੱਲੋਂ ਸੁਰੱਖਿਆ ਦੇ ਲੋੜੀਂਦੇ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਅਜਿਹੇ ਕੱਟੜਪੰਥੀ ਤੱਤਾਂ ਨੂੰ ਆਪਣੇ ਦੇਸ਼ ਵਿੱਚ ਥਾਂ ਨਾ ਦੇਣ ਲਈ ਵਿਦੇਸ਼ੀ ਸਰਕਾਰਾਂ ਉੱਤੇ ਦਬਾਅ ਜਾਰੀ ਰੱਖੇਗਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗ਼ਚੀ ਨੇ ਵੀਰਵਾਰ ਨੂੰ ਦੱਸਿਆ, ਭਾਰਤ ਅਜਿਹੀਆਂ ਧਮਕੀਆਂ ਦੀ ਨਿੰਦਾ ਕਰਦਾ ਹੈ ਅਤੇ ਸੁਰੱਖਿਆ ਦੇ ਸਾਰੇ ਲੋੜੀਂਦੇ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਹਾ, ਅਜਿਹੇ ਤੱਤ ਜਿਹੜੇ ਸਾਡੀ ਲੀਡਰਸ਼ਿਪ ਅਤੇ ਕੂਟਨੀਤਕਾਂ ਨੂੰ ਹਿੰਸਾ ਅਤੇ ਖ਼ਤਰਾ ਪਹੁੰਚਾਉਂਦੇ ਹਨ, ਅਸੀਂ ਇਸ ਬਾਰੇ ਵਿਦੇਸ਼ੀ ਸਰਕਾਰਾਂ ਨਾਲ ਸੰਪਰਕ ਵਿੱਚ ਹਾਂ। ਅਸੀਂ ਸਰਕਾਰਾਂ ਨੂੰ ਇਹ ਕਹਿੰਦੇ ਹਾਂ ਕਿ ਉਹ ਅਜਿਹੇ ਤੱਤਾਂ ਨੂੰ ਥਾਂ ਨਾ ਦੇਣ।

**ਕੈਨੇਡਾ ਦੇ ਮੰਤਰੀ ਨੇ ਕੀ ਕਿਹਾ**

ਕੈਨੇਡਾ ਦੇ ਟਰਾਂਸਪੋਰਟ ਮੰਤਰੀ ਪਾਬਲੋ ਰੋਡਰਿਗਜ਼ ਨੇ ਕਿਹਾ ਹੈ ਕਿ ਦੇਸ਼ ਦੀ ਫ਼ੈਡਰਲ ਪੁਲਿਸ 19 ਨਵੰਬਰ ਨੂੰ ਏਅਰ ਇੰਡੀਆ ਦੀ ਫਲਾਈਟ ਵਿੱਚ ਧਮਾਕੇ ਦੀ ਧਮਕੀ ਦੇ ਮਾਮਲੇ ਵਿੱਚ ਜਾਂਚ ਕਰ ਰਹੀ ਹੈ। ਖ਼ਬਰ ਏਜੰਸੀ ਏਐੱਫਪੀ ਦੇ ਮੁਤਾਬਕ, ਉਨ੍ਹਾਂ ਨੇ ਓਟਾਵਾ ਵਿੱਚ ਪੱਤਰਕਾਰਾਂ ਨੂੰ ਦੱਸਿਆ, ਅਸੀਂ ਹਰ ਖ਼ਤਰੇ ਨੂੰ ਗੰਭੀਰਤਾ ਨਾਲ ਲੈਂਦੇ ਹਾਂ, ਖ਼ਾਸ ਕਰਕੇ ਜਦੋਂ ਇਹ ਏਅਰਲਾਈਨ ਨਾਲ ਸਬੰਧਤ ਹੋਵੇ। ਉਨ੍ਹਾਂ ਨੇ ਕਿਹਾ ਕਿ ਰੌਇਲ ਕੈਨੇਡੀਅਨ ਮਾਊਂਟਡ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

**ਗੁਰਪਤਵੰਤ ਸਿੰਘ ਪੰਨੂ ਕੌਣ ਹਨ**

ਪੇਸ਼ੇ ਤੋਂ ਵਕੀਲ ਗੁਰਪਤਵੰਤ ਸਿੰਘ ਪੰਨੂ ਦੇ ਪਰਿਵਾਰ ਦੇ ਵੱਡ-ਵਡੇਰੇ ਪਹਿਲਾਂ ਪੱਟੀ ਦੇ ਪਿੰਡ ਨੱਥੂਚੱਕ ਵਿੱਚ ਰਹਿੰਦੇ ਸਨ ਅਤੇ ਬਾਅਦ ਵਿੱਚ ਉਹ ਅੰਮ੍ਰਿਤਸਰ ਨੇੜੇ ਪੈਂਦੇ ਪਿੰਡ ਖਾਨਕੋਟ ਵਿਖੇ ਜਾ ਵਸੇ ਸਨ। ਪੰਨੂ ਦਾ ਇੱਕ ਭਰਾ ਤੇ ਇੱਕ ਭੈਣ ਹਨ। ਉਨ੍ਹਾਂ ਦੀ ਸਾਰੀ ਪੜ੍ਹਾਈ ਭਾਰਤ ਵਿੱਚ ਹੀ, ਲੁਧਿਆਣਾ ਅਤੇ ਚੰਡੀਗੜ੍ਹ ਤੋਂ ਹੋਈ ਹੈ। ਉਨ੍ਹਾਂ ਨੇ ਕਾਨੂੰਨ ਦੀ ਪੜ੍ਹਾਈ ਵੀ ਭਾਰਤ ਵਿੱਚ ਹੀ ਕੀਤੀ ਹੈ। ਪੰਨੂ ਦੇ ਪਿਤਾ ਮਹਿੰਦਰ ਸਿੰਘ ਪੰਜਾਬ ਮਾਰਕੀਟਿੰਗ ਬੋਰਡ ਦੇ ਸਕੱਤਰ ਸਨ। 1990ਵਿਆਂ ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਕਾਨੂੰਨ ਦੀ ਪੜ੍ਹਾਈ ਕੀਤੀ। ਕਾਲਜ ਦੇ ਸਮੇਂ ਤੋਂ ਹੀ ਉਹ ਸਟੂਡੈਂਟ ਐਕਟੀਵਿਸਟ ਬਣ ਗਏ ਸਨ ਅਤੇ ਸਟੂਡੈਂਟ ਪੌਲੀਟਿਕਸ ਵਿੱਚ ਐਕਟਿਵ ਹੋ ਗਏ ਸਨ। ਨੱਬੇ ਦੇ ਦਹਾਕੇ ਵਿੱਚ ਪੰਨੂ ਉੱਤੇ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਚੰਡੀਗੜ੍ਹ ਸ਼ਹਿਰਾਂ ਵਿੱਚ ਸਥਿਤ ਥਾਣਿਆਂ ਵਿੱਚ ਇਰਾਦਤਨ ਕਤਲ ਅਤੇ ਕਤਲ ਕਰਨ ਦੇ ਕੇਸ ਦਰਜ ਕੀਤੇ ਗਏ। ਸੂਤਰਾਂ ਮੁਤਾਬਕ ਗੁਰਪਤਵੰਤ ਪੰਨੂ ਦੇ ਉੱਪਰ ਕਈ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿੱਚ ਟਾਡਾ (ਟੈਰਰਿਸਟ ਐਂਡ ਡਿਸਰਪਟਿਵ ਐਕਟਿਵਿਟੀਜ਼) ਵੀ ਸ਼ਾਮਿਲ ਹੈ। ਪੰਨੂ ਦਾ ਕਹਿਣਾ ਹੈ ਕਿ ਉਨ੍ਹਾਂ ਉੱਪਰ ਪੁਲਿਸ ਨੇ ਝੂਠੇ ਮੁਕੱਦਮੇ ਦਾਇਰ ਕੀਤੇ ਸਨ। ਉਸ ਵੇਲੇ ਦੀ ਨਰਸਿਮ੍ਹਾ ਰਾਓ ਦੀ ਸਰਕਾਰ @ਚ ਉਨ੍ਹਾਂ ਦੇ ਪਰਿਵਾਰ ਦੇ ਰਸੂਖ਼ ਵਾਲੇ ਲੋਕਾਂ ਨੇ ਜ਼ੋਰ ਲਗਾ ਕੇ ਪੰਨੂ ਨੂੰ ਕਈ ਕੇਸਾਂ ਵਿੱਚੋਂ ਕਢਵਾ ਲਿਆ ਸੀ। ਇਸ ਤੋਂ ਬਾਅਦ, 1991-92 ਵਿੱਚ ਪੰਨੂ ਅਮਰੀਕਾ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਨੇ ਕਨੈਕਟੀਕਟ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਲਿਆ, ਜਿੱਥੇ ਪੰਨੂ ਨੇ ਐੱਮਬੀਏ ਫਾਇਨਾਂਸ ਅਤੇ ਨਿਊਯਾਰਕ ਯੂਨੀਵਰਸਿਟੀ ਵਿੱਚ ਮਾਸਟਰਜ਼ ਆਫ਼ ਲਾਅ ਦੀ ਡਿਗਰੀ ਹਾਸਿਲ ਕੀਤੀ। ਅਮਰੀਕਾ ਵਿੱਚ ਉਚੇਰੀ ਸਿੱਖਿਆ ਲੈਣ ਤੋਂ ਬਾਅਦ ਪੰਨੂ ਨੇ ਨਿਊਯਾਰਕ ਸਥਿਤ ਵਾਲ ਸਟਰੀਟ ਵਿੱਚ ਸਿਸਟਮ ਐਨੇਲਿਸਟ ਵਜੋਂ 2014 ਤੱਕ ਕੰਮ ਕੀਤਾ। ਉਹ ਅਮਰੀਕਾ ਜਾ ਕੇ ਵੀ ਸਿਆਸੀ ਤੌਰ ’ਤੇ ਸਰਗਰਮ ਰਹੇ। ਪੰਨੂ ਇੱਕ ਡਿਫੈਂਸ ਵਕੀਲ ਹਨ ਅਤੇ ਉਨ੍ਹਾਂ ਨੇ ਸਾਲ 2007 ਵਿੱਚ ਹੀ ਸਿਖਸ ਫਾਰ ਜਸਟਿਸ ਦੀ ਸਥਾਪਨਾ ਕੀਤੀ ਸੀ।

**ਨੈਸ਼ਨਲ ਇਨਵੈਸਟੀਗੇਸ਼ਨ ਵੱਲੋਂ ਜ਼ਮੀਨ ਜ਼ਬਤ**

ਇਸੇ ਸਾਲ ਸਤੰਬਰ 2023 ਨੂੰ ਗੁਰਪਤਵੰਤ ਸਿੰਘ ਪੰਨੂ ਖਿਲਾਫ਼ ਅੰਮ੍ਰਿਤਸਰ ਤੇ ਚੰਡੀਗੜ੍ਹ ਵਿੱਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨਆਈਏ) ਨੇ ਵੱਡੀ ਕਾਰਵਾਈ ਕੀਤੀ ਸੀ। ਐੱਨਆਈਏ ਨੇ ਜਾਰੀ ਬਿਆਨ ਵਿੱਚ ਦੱਸਿਆ ਸੀ ਕਿ ਗੁਰਪਤਵੰਤ ਸਿੰਘ ਪੰਨੂ ਦਾ ਇੱਕ ਘਰ ਤੇ ਜ਼ਮੀਨ ਜ਼ਬਤ ਕੀਤੀ ਗਈ ਸੀ। ਜ਼ਮੀਨ ਤੇ ਘਰ ਜ਼ਬਤ ਕਰਨ ਦੇ ਹੁਕਮ ਮੁਹਾਲੀ ਦੀ ਸਪੈਸ਼ਲ ਐੱਨਆਈਏ ਕੋਰਟ ਨੇ ਦਿੱਤੇ ਸਨ। ਜ਼ਬਤ ਕੀਤੀ ਗਈ ਜਾਇਦਾਦ ਵਿੱਚ ਅੰਮ੍ਰਿਤਸਰ ਦੇ ਖਾਨਕੋਟ ਪਿੰਡ ਵਿੱਚ 5.7 ਏਕੜ ਖੇਤੀ ਦੀ ਜ਼ਮੀਨ ਤੇ ਚੰਡੀਗੜ੍ਹ ਦੇ ਸੈਕਟਰ 15-ਸੀ ਦੀ ਕੋਠੀ ਵਿੱਚ ਪੰਨੂ ਦੇ ਇੱਕ ਚੌਥਾਈ ਹਿੱਸੇ ਨੂੰ ਜ਼ਬਤ ਕੀਤਾ ਗਿਆ ਸੀ।

## ਸਿਖਸ ਫਾਰ ਜਸਟਿਸ ਕੀ ਹੈ

ਸਿਖਸ ਫਾਰ ਜਸਟਿਸ ਵੱਲੋਂ ਭਾਰਤੀ ਪੰਜਾਬ ਨੂੰ ‘ਆਜ਼ਾਦ’ ਕਰਵਾਉਣ ਅਤੇ ਖ਼ਾਲਿਸਤਾਨ ਦੇ ਨਾਅਰੇ ਹੇਠ, ਪੰਜਾਬੀਆਂ ਨੂੰ ਸਵੈ-ਨਿਰਣੈ ਦਾ ਹੱਕ ਦੁਆਉਣ ਲਈ ‘ਰੈਫਰੈਂਡਮ-2020’ ਮੁਹਿੰਮ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਪੰਜਾਬ ਅਤੇ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਨੂੰ ਆਨਲਾਈਨ ਵੋਟਿੰਗ ਕਰਨ ਲਈ ਕਿਹਾ ਗਿਆ ਸੀ। ਪਰ ਇਸ ਰੈਫਰੈਂਡਮ ਦੀ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਭਾਰਤ ਸਰਕਾਰ ਨੇ 40 ਵੈੱਬਸਾਈਟਾਂ ਨੂੰ ਸਿਖਸ ਫਾਰ ਜਸਟਿਸ ਅਤੇ ਖਾਲਿਸਤਾਨ ਪੱਖੀ ਦੱਸ ਕੇ ਬੈਨ ਕਰ ਦਿੱਤਾ ਸੀ। ਇਹ ਸੰਗਠਨ ਖ਼ੁਦ ਨੂੰ ਮਨੁੱਖੀ ਅਧਿਕਾਰ ਸੰਗਠਨ ਦੱਸਦਾ ਹੈ, ਪਰ ਭਾਰਤ ਵਿੱਚ ਇਸ ਨੂੰ ਅੱਤਵਾਦੀ ਸੰਗਠਨ ਐਲਾਨਿਆ ਗਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਸੰਗਠਨ ਨੂੰ ਅੱਤਵਾਦੀ ਤੇ ਵੱਖਵਾਦੀ ਕਹਿ ਕੇ ਭਾਰਤ ਦੀ ਅਖੰਡਤਾ ਲਈ ਖ਼ਤਰਾ ਦੱਸ ਚੁੱਕੇ ਹਨ। ਸਿਖਸ ਫਾਰ ਜਸਟਿਸ ਦਾ ਰਜਿਸਟਰਡ ਦਫ਼ਤਰ ਵਾਸ਼ਿੰਗਟਨ ਵਿੱਚ ਹੈ ਅਤੇ ਪੰਨੂ ਦਾ ਦਫ਼ਤਰ ਨਿਊਯਾਰਕ ਵਿੱਚ ਹੈ, ਜਿੱਥੇ ਉਹ ਆਪਣੀ ਲਾਅ ਫਰਮ ਚਲਾਉਂਦੇ ਹਨ।

# ਲਾਰੈਂਸ ਬਿਸ਼ਨੋਈ ਦੇ ਜੇਲ੍ਹ ਵਿੱਚੋਂ ਦਿੱਤੇ ਇੰਟਰਵਿਊ ’ਤੇ ਕੋਰਟ ਨੇ ਪੰਜਾਬ ਸਰਕਾਰ ਨੂੰ ਇਹ ਐਕਸ਼ਨ ਲੈਣ ਦੇ ਦਿੱਤੇ ਹੁਕਮ



ਲਾਰੈਂਸ ਬਿਸ਼ਨੋਈ ਦੇ ਇੰਟਰਵਿਊ ਦਾ ਮੁੱਦਾ ਇੱਕ ਵਾਰ ਮੁੜ ਭਖਦਾ ਨਜ਼ਰ ਆ ਰਿਹਾ ਹੈ। ਦਰਅਸਲ, ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਮੁੱਦੇ ’ਤੇ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਤੋਂ ਜਵਾਬ ਤਲਬੀ ਕੀਤੀ ਹੈ। ਅਦਾਲਤ ਨੇ ਸੂਓ-ਮੋਟੋ ਨੋਟਿਸ ਲੈਂਦਿਆਂ ਇਸ ਨੂੰ ਜਨਹਿਤ ਵਿੱਚ ਜਾਰੀ ਕੀਤਾ ਹੈ। ਦਰਅਸਲ, ਸਿੱਧੂ ਮੂਸੇਵਾਲਾ ਕਤਲ ਕੇਸ ਮਾਮਲੇ ਵਿੱਚ ਜੇਲ੍ਹ ਵਿੱਚ ਸ਼ੱਕੀ ਲਾਰੈਂਸ ਬਿਸ਼ਨੋਈ ਦਾ 14 ਮਾਰਚ, 2023 ਨੂੰ ਇੱਕ ਨਿੱਜੀ ਟੀਵੀ ਚੈਨਲ ਵੱਲੋਂ ਇੱਕ ਇੰਟਰਵਿਊ ਚਲਾਇਆ ਗਿਆ ਤਾਂ ਉਸ ਵੇਲੇ ਪੰਜਾਬ ਵਿੱਚ ਕਾਫੀ ਹਲਚਲ ਮਚ ਗਈ ਸੀ। ਜੇਲ੍ਹਾਂ ਦੀਆਂ ਸੁਰੱਖਿਆ ਅਤੇ ਨਿਯਮਾਂ ਦੀ ਉਲੰਘਣਾ ਨੂੰ ਲੈ ਕੇ ਪ੍ਰਸ਼ਾਸਨ ’ਤੇ ਸਵਾਲ ਚੁੱਕੇ ਗਏ ਸਨ। ਇਸੇ ਦੇ ਤਹਿਤ ਅਦਾਲਤ ਦੀ ਸਿੰਗਲ ਬੈਂਚ ਵੱਲੋਂ ਜੇਲ੍ਹ ਅੰਦਰ ਕੈਦੀਆਂ ਵੱਲੋਂ ਮੋਬਾਈਲ ਫ਼ੋਨਾਂ ਦੀ ਵਰਤੋਂ ਕਰਨ ਅਤੇ ਅਜਿਹੀਆਂ ਪਾਬੰਦੀਸ਼ੁਦਾ ਵਸਤੂਆਂ ਦੇ ਦਾਖ਼ਲੇ ਨੂੰ ਰੋਕਣ ਲਈ ਕਿਹੜੇ ਕਦਮ ਚੁੱਕੇ ਜਾ ਰਹੇ ਹਨ, ਬਾਰੇ ਨੋਟਿਸ ਲਿਆ ਗਿਆ ਸੀ।

**ਅਦਾਲਤ ਵੱਲੋਂ ਚੁੱਕੇ ਗਏ ਸਵਾਲ**

ਇਸ ਵਿੱਚ ਅਦਾਲਤ ਨੇ ਗੰਭੀਰ ਸਵਾਲ ਚੁੱਕੇ ਹਨ, ਜਿਸ ਦੇ ਜਵਾਬ ਸਰਕਾਰ ਕੋਲੋਂ ਮੰਗੇ ਗਏ ਹਨ। ਇਹ ਸਵਾਲ ਇਸ ਤਰ੍ਹਾਂ ਹਨ। ਚੌਕੀ ਟਾਵਰਾਂ ’ਤੇ ਤੈਨਾਤ ਗਾਰਡ ਕਿਵੇਂ ਇਸ ਗੱਲ ਤੋਂ ਅਣਜਾਣ ਰਹਿੰਦੇ ਹਨ ਕਿ ਕੰਧ ਉੱਤੋਂ ਚੀਜ਼ਾਂ ਜਾਂਦੀਆਂ ਹਨ ਅਤੇ ਕੈਦੀਆਂ ਵੱਲੋਂ ਉਨ੍ਹਾਂ ਨੂੰ ਸਫ਼ਲਤਾਪੂਰਵਕ ਹਾਸਲ ਕਰ ਲਿਆ ਜਾਂਦਾ ਹੈ। ਕੈਦੀਆਂ ਨੂੰ ਉਨ੍ਹਾਂ ਦੇ ਸੈੱਲਾਂ ਵਿੱਚ ਕਿਵੇਂ ਅਤੇ ਕਦੋਂ ਘੁੰਮਾਇਆ ਜਾਂਦਾ ਹੈ ਜਿਨ੍ਹਾਂ ਵਿੱਚ ਟੀਵੀ ਹੈ ਅਤੇ ਜਿਨ੍ਹਾਂ ਵਿੱਚ ਕੋਈ ਅਜਿਹੀ ਵਿਵਸਥਾ ਨਹੀਂ ਹੈ। ਇਸ ਤੋਂ ਇਲਾਵਾ ਮੌਜੂਦਾ ਪਟੀਸ਼ਨਕਰਤਾ ਨੂੰ ਵੀਡੀਓ ਵਿੱਚ ਦੇਖੇ ਗਏ ਹੋਰ ਕੈਦੀਆਂ ਦੇ ਨਾਲ ਅਜਿਹੇ ਸੈੱਲ ਵਿੱਚ ਕਦੋਂ ਭੇਜਿਆ ਗਿਆ ਸੀ। ਕੀ ਹਰੇਕ ਅਦਾਲਤੀ ਸੁਣਵਾਈ ਤੋਂ ਬਾਅਦ ਅਤੇ ਮੁਲਾਕਾਤਾਂ ਤੋਂ ਬਾਅਦ ਕੈਦੀਆਂ ਦੀ ਤਲਾਸ਼ੀ ਲਈ ਜਾਂਦੀ ਹੈ। **ਅਦਾਲਤ ਨੇ ਅੱਗੇ ਕੀ ਕਿਹਾ** ਅਦਾਲਤ ਨੇ ਸਬੰਧਤ ਲੋਕਾਂ ਨੂੰ ਨੋਟਿਸ ਜਾਰੀ ਕਰਦਿਆਂ ਉਨ੍ਹਾਂ ਕੋਲੋਂ ਜਵਾਬ ਤਲਬੀ ਕੀਤੀ ਹੈ। ਅਦਾਲਤ ਨੇ ਅੱਗੇ ਕਿਹਾ, ਸਾਡੇ ਨੋਟਿਸ ਵਿੱਚ ਇਹ ਵੀ ਆਇਆ ਹੈ ਕਿ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿੱਚ ਸ਼ੱਕੀਆਂ ਵਿੱਚੋਂ ਇੱਕ ਲਾਰੈਂਸ ਬਿਸ਼ਨੋਈ ਦਾ ਇੱਕ ਨਿਊਜ਼ ਚੈਨਲ ’ਤੇ ਇੰਟਰਵਿਊ ਆਇਆ ਹੈ। ਇੰਟਰਵਿਊ ਮਾਰਚ 14.03.2023 ਤੋਂ 17.03.2023 ਤੱਕ ਪ੍ਰਸਾਰਿਤ ਕੀਤੀ ਗਈ ਸੀ। ਕਿਹਾ ਜਾਂਦਾ ਹੈ ਕਿ ਸ਼ੱਕੀ ਉਸ ਸਮੇਂ ਪੰਜਾਬ ਪੁਲਿਸ ਦੀ ਹਿਰਾਸਤ ਵਿੱਚ ਸੀ ਜਾਂ ਪੰਜਾਬ ਰਾਜ ਵਿੱਚ ਨਿਆਂਇਕ ਹਿਰਾਸਤ ਵਿੱਚ ਸੀ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਪੁਲਿਸ ਜਾਂ ਨਿਆਂਇਕ ਹਿਰਾਸਤ ਵਿੱਚ ਕਿਸੇ ਸ਼ੱਕੀ ਨੂੰ ਲੰਮੀ ਇੰਟਰਵਿਊ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇੰਟਰਵਿਊ ਦੀ ਇਜਾਜ਼ਤ ਦੇਣ ਵਾਲੇ ਜਾਂ ਸਹੂਲਤ ਮੁਹੱਈਆ ਕਰਵਾਉਣ ਵਾਲੇ ਅਧਿਕਾਰੀ (ਅਧਿਕਾਰੀਆਂ) ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਕਾਰਵਾਈ ਛੇਤੀ ਤੋਂ ਛੇਤੀ ਹੋਣੀ ਚਾਹੀਦੀ ਹੈ। ਜਾਂਚ ਲਈ ਕਮੇਟੀ ਦਾ ਗਠਨ ਮਾਰਚ 2023 ਵਿੱਚ ਕੀਤਾ ਗਿਆ ਸੀ ਅਤੇ 7 ਮਹੀਨੇ ਬੀਤ ਚੁੱਕੇ ਹਨ ਪਰ ਕੁਝ ਸਿੱਟਾ ਨਿਕਲਦਾ ਨਜ਼ਰ ਨਹੀਂ ਆ ਰਿਹਾ ਹੈ। ਜੇਲ੍ਹਾਂ ਦੇ ਵਧੀਕ ਡਾਇਰੈਕਟਰ ਜਨਰਲ ਇੱਕ ਹਲਫ਼ਨਾਮਾ ਦਾਇਰ ਕਰਨਗੇ ਕਿ ਕਮੇਟੀ ਨੂੰ ਆਪਣੀ ਰਿਪੋਰਟ ਸੌਂਪਣ ਵਿੱਚ ਇੰਨਾ ਸਮਾਂ ਕਿਉਂ ਲੱਗਾ।

**ਲਾਰੈਂਸ ਨੇ ਇਹ ਇੰਟਰਵਿਊ ਕਿੱਥੋਂ ਦਿੱਤਾ ?**

ਲਾਰੈਂਸ ਬਿਸ਼ਨੋਈ ਨੇ ਇਹ ਇੰਟਰਵਿਊ ਕਿਹੜੀ ਥਾਂ ਤੋਂ ਦਿੱਤਾ, ਇਹ ਵੀ ਸਭ ਤੋਂ ਅਹਿਮ ਸਵਾਲ ਹੈ। ਹਾਲਾਂਕਿ, ਬਠਿੰਡਾ ਜੇਲ੍ਹ ਪ੍ਰਸ਼ਾਸਨ ਇਹ ਵੀਡੀਓ ਆਪਣੀ ਜੇਲ੍ਹ ਤੋਂ ਰਿਕਾਰਡ ਹੋਣ ਤੋਂ ਇਨਕਾਰ ਕਰਦਾ ਰਿਹਾ ਹੈ। ਉਸ ਵੇਲੇ ਇਹ ਵੀ ਕਿਹਾ ਗਿਆ ਸੀ ਕਿ ਪੰਜਾਬ ਦੀ ਕਿਸੇ ਹੋਰ ਜੇਲ੍ਹ ਤੋਂ ਵੀ ਇਹ ਵੀਡੀਓ ਰਿਕਾਰਡ ਨਹੀਂ ਹੋਇਆ। ਇਟੰਰਵਿਊ ਤੋਂ ਕੁਝ ਦਿਨ ਪਹਿਲਾਂ ਹੀ ਲਾਰੈਂਸ ਨੂੰ ਰਾਜਸਥਾਨ ਦੀ ਜੇਲ੍ਹ ਤੋਂ ਬਠਿੰਡਾ ਜੇਲ੍ਹ ਵਿੱਚ ਲਿਆਂਦਾ ਗਿਆ ਸੀ। ਉਸ ਵੇਲੇ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ ਰਾਜਸਥਾਨ ਪੁਲਿਸ ਵੀ ਇਸ ਇੰਟਰਵਿਊ ਦੇ ਆਪਣੀ ਜੇਲ੍ਹ ਵਿੱਚ ਰਿਕਾਰਡ ਕੀਤੇ ਜਾਣ ਤੋਂ ਇਨਕਾਰ ਕਰਦੀ ਰਹੀ ਸੀ।

**ਡੀਜੀਪੀ ਦੇ ਬਿਆਨ ਮਗਰੋਂ ਇੰਟਰਵਿਊ ਦਾ ਦੂਜਾ ਹਿੱਸਾ**

ਇੰਟਰਵਿਊ ਦੇ ਪਹਿਲੇ ਹਿੱਸੇ ਤੋਂ ਬਾਅਦ ਡੀਜੀਪੀ ਨੇ ਪ੍ਰੈੱਸ ਕਾਨਫਰੰਸ ਕੀਤੀ ਸੀ। 17 ਮਾਰਚ ਦੀ ਇਸ ਕਾਨਫਰੰਸ ਦੌਰਾਨ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਸੀ, ਮੈਂ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਕਈ ਮਾਮਲਿਆਂ ਵਿੱਚ ਮੁਲਜ਼ਮ ਲਾਰੈਂਸ ਬਿਸ਼ਨੋਈ ਦਾ ਹਾਲ ਵਿੱਚ ਹੀ ਕੀਤਾ ਇੰਟਰਵਿਊ ਕਿਸੇ ਵੀ ਪੰਜਾਬ ਦੇ ਜੇਲ੍ਹ ਵਿੱਚੋਂ ਨਹੀਂ ਹੋਇਆ ਹੈ

# ਕੈਨੇਡਾ ਸਰਕਾਰ ਦੀ ਵਧੀ ਚਿੰਤਾ, ਲਗਾਤਾਰ ਵਧ ਰਹੀਆਂ ਗੈਂਗਵਾਰ ਦੀਆਂ ਘਟਨਾਵਾਂ




ਓਟਾਵਾ - ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਵਿਚ ਗੈਂਗਵਾਰ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਹਨਾਂ ਘਟਨਾਵਾਂ ਨੇ ਸਰਕਾਰ ਦੀ ਚਿੰਤਾ ਵਧਾ ਦਿੱਤੀ ਹੈ। ਹਾਲ ਹੀ ਵਿਚ ਐਡਮੰਟਨ ਅਤੇ ਟੋਰਾਂਟੋ ਵਿੱਚ ਹਾਲ ਹੀ ਵਿੱਚ ਹੋਏ ਤਿੰਨ ਗੈਂਗਲੈਂਡ ਕਤਲ ਬ੍ਰਿਟਿਸ਼ ਕੋਲੰਬੀਆ ਵਿੱਚ ਚੱਲ ਰਹੇ ਗੈਂਗ ਸੰਘਰਸ਼ ਨਾਲ ਜੁੜੇ ਹੋਏ ਹਨ, ਜੋ ਇਸਦੇ ਘਾਤਕ ਪ੍ਰਭਾਵ ਦੀ ਵਧ ਰਹੀ ਪਹੁੰਚ ਨੂੰ ਦਰਸਾਉਂਦੇ ਹਨ। ਪਿਛਲੇ ਬੁੱਧਵਾਰ ਬੀ.ਸੀ. ਸੰਯੁਕਤ ਰਾਸ਼ਟਰ ਦੇ ਗੈਂਗਸਟਰ ਪਰਮਵੀਰ ਚਾਹਲ ਦਾ ਟੋਰਾਂਟੋ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਫਿਰ ਵੀਰਵਾਰ ਨੂੰ ਦੱਖਣੀ ਐਡਮਿੰਟਨ ਵਿੱਚ ਇੱਕ 11 ਸਾਲਾ ਲੜਕੇ ਨੂੰ ਉਸਦੇ ਪਿਤਾ ਅਤੇ ਬ੍ਰਦਰਜ਼ ਕੀਪਰ ਗੈਂਗ ਨਾਲ ਸਬੰਧਤ ਹਰਪ੍ਰੀਤ ਸਿੰਘ ਉੱਪਲ ਦੇ ਨਾਲ ਗੋਲੀ ਮਾਰ ਦਿੱਤੀ ਗਈ ਸੀ। ਪੁਲਸ ਅਨੁਸਾਰ ਲੜਕੇ ਨੂੰ ਜਾਣਬੁੱਝ ਕੇ ਮਾਰਿਆ ਗਿਆ ਸੀ। ਦਿਨ-ਦਿਹਾੜੇ ਇੱਕ ਗੈਸ ਸਟੇਸ਼ਨ ਦੇ ਬਾਹਰ ਨਿਸ਼ਾਨਾ ਬਣਾਏ ਜਾਣ ਵਾਲੇ ਵਾਹਨ ਵਿੱਚ ਲੜਕੇ ਦੇ ਦੋਸਤ ਨੂੰ ਗੋਲੀ ਨਹੀਂ ਲੱਗੀ।

ਉੱਪਲ ਅਤੇ ਉਸਦੇ ਪਰਿਵਾਰ ਨੂੰ 2021 ਦੀ ਗੋਲੀਬਾਰੀ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਵਿੱਚ ਇੱਕ ਬੰਦੂਕਧਾਰੀ ਨੇ ਦੱਖਣੀ ਐਡਮੰਟਨ ਰਾਇਲ ਪੀਜ਼ਾ ਦੀ ਖਿੜਕੀ ਵਿੱਚੋਂ ਗੋਲੀਬਾਰੀ ਕੀਤੀ ਸੀ। ਕੇਸ ਵਿੱਚ ਦੋਸ਼ੀ ਵਿਅਕਤੀ ਨੂੰ ਬਾਅਦ ਵਿੱਚ ਉਹ ਦੋਸ਼ ਹਟਾ ਦਿੱਤੇ ਗਏ ਸਨ ਕਿਉਂਕਿ ਇੱਥੇ ਦੋਸ਼ੀ ਠਹਿਰਾਉਣ ਦੀ ਵਾਜਬ ਸੰਭਾਵਨਾ ਨਹੀਂ ਸੀ। ਐਡਮਿੰਟਨ ਪੁਲਸ ਨੇ ਪੁਸ਼ਟੀ ਕੀਤੀ ਕਿ ਉੱਪਲ ਐਡਮਿੰਟਨ ਦੇ ਸੰਗਠਿਤ ਅਪਰਾਧ ਸੀਨ ਵਿੱਚ ਇੱਕ ਉੱਚ ਪੱਧਰੀ ਸ਼ਖਸੀਅਤ ਸੀ, ਪਰ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਉਹ ਕਿਸੇ ਵਿਸ਼ੇਸ਼ ਸਮੂਹ ਨਾਲ ਸਬੰਧਤ ਸੀ। ਰਿਪੋਰਟਾਂ ਅਨੁਸਾਰ ਉਨ੍ਹਾਂ ਨੇ ਇਹ ਕਹਿਣ ਤੋਂ ਵੀ ਇਨਕਾਰ ਕਰ ਦਿੱਤਾ ਕਿ ਪੁਲਸ ਦਾ ਮੰਨਣਾ ਹੈ ਕਿ ਗੋਲੀਬਾਰੀ ਹੋਰ ਹਿੰਸਾ ਦਾ ਬਦਲਾ ਸੀ, ਜਾਂ ਕੀ ਉੱਪਲ ਦੇ ਕਤਲ ਦਾ ਬਦਲਾ ਲੈਣ ਦੀ ਉਮੀਦ ਹੈ। ਹਾਲਾਂਕਿ ਇੱਕ ਪੋਸਟਮੀਡੀਆ ਨਿਊਜ਼ ਸਰੋਤ ਅਨੁਸਾਰ ਉੱਪਲ ਬ੍ਰਦਰਜ਼ ਕੀਪਰਜ਼ ਦਾ ਇੱਕ ਪ੍ਰਮੁੱਖ ਸਹਿਯੋਗੀ ਸੀ, ਜਦੋਂ ਕਿ ਚਾਹਲ ਸੰਯੁਕਤ ਰਾਸ਼ਟਰ ਦੇ ਗਰੋਹ ਨਾਲ ਜੁੜਿਆ ਹੋਇਆ ਸੀ।

## ਓਨਟਾਰੀਓ 'ਚ 4 ਮਿਲੀਅਨ ਤੋਂ ਵਧੇਰੇ ਲੋਕਾਂ ਕੋਲ 3 ਸਾਲਾਂ ਬਾਅਦ ਨਹੀਂ ਹੋਵੇਗਾ ਇੱਕ ਵੀ ਪਰਿਵਾਰਕ ਡਾਕਟਰ

ਹੈਮਿਲਟਨ - ਓਨਟਾਰੀਓ ਕਾਲਜ ਆਫ਼ ਫੈਮਿਲੀ ਫਿਜ਼ੀਸ਼ੀਅਨ ਦੇ ਅਨੁਸਾਰ ਜੇਕਰ ਸੂਬਾਈ ਸਿਹਤ-ਸੰਭਾਲ ਪ੍ਰਣਾਲੀ ਵਿਚ ਸੁਧਾਰ ਨਹੀਂ ਹੁੰਦਾ ਤਾਂ ਹੈਮਿਲਟਨ 'ਚ ਲਗਭਗ 100,000 ਲੋਕ ਅਤੇ ਓਨਟਾਰੀਓ 'ਚ ਲਗਭਗ 4.4 ਮਿਲੀਅਨ ਲੋਕਾਂ ਕੋਲ ਸਾਲ 2026 ਤੱਕ ਇੱਕ ਵੀ ਪਰਿਵਾਰਕ ਡਾਕਟਰ ਨਹੀਂ ਹੋਵੇਗਾ। ਹੈਮਿਲਟਨ ਵਿਚ 55,000 ਤੋਂ 60,000 ਲੋਕਾਂ ਕੋਲ ਵਰਤਮਾਨ ਵਿੱਚ ਇੱਕ ਵੀ ਫੈਮਿਲੀ ਡਾਕਟਰ ਨਹੀਂ ਹੈ ਅਤੇ 2.2 ਮਿਲੀਅਨ ਓਨਟੇਰੀਅਨ ਲੋਕ ਪਰਿਵਾਰਕ ਡਾਕਟਰ ਤੋਂ ਬਿਨਾਂ ਹਨ। ਹੈਮਿਲਟਨ ਵਿਚ ਇੱਕ ਫੈਮਿਲੀ ਡਾਕਟਰ, ਫੈਮਿਲੀ ਮੈਡੀਸਨ ਦੇ ਪ੍ਰੋਫੈਸਰ ਅਤੇ ਮੈਕਮਾਸਟਰ ਯੂਨੀਵਰਸਿਟੀ ਵਿੱਚ ਵਿਭਾਗ ਦੀ ਚੇਅਰ ਡਾ. ਕੈਥੀ ਰਿਸਡਨ ਨੇ ਇੱਕ ਇੰਟਰਵਿਊ ਵਿੱਚ ਕਿਹਾ, ਇਹ ਇੱਕ ਡਰਾਉਣਾ ਅਨੁਮਾਨ ਹੈ। ਰਿਸਡਨ ਨੇ ਕਿਹਾ ਕਿ ਹੈਮਿਲਟਨ ਵਿੱਚ ਬਹੁਤ ਸਾਰੇ ਪਰਿਵਾਰਕ ਡਾਕਟਰ ਸੇਵਾਮੁਕਤ ਹੋ ਰਹੇ ਹਨ, ਬਹੁਤ ਸਾਰੇ ਗ੍ਰੈਜੂਏਟ ਪਰਿਵਾਰਕ ਦਵਾਈ ਕਿੱਤੇ ਨੂੰ ਨਹੀਂ ਅਪਣਾ ਰਹੇ ਹਨ ਅਤੇ ਕੁਝ ਪਰਿਵਾਰਕ ਡਾਕਟਰ ਇਸ ਕਿੱਤੇ ਨੂੰ ਛੱਡਣ ਬਾਰੇ ਸੋਚ ਰਹੇ ਹਨ। ਉਸਨੇ ਕਿਹਾ ÷ਇਹ ਇੱਕ ਆਉਣ ਵਾਲੇ ਤੂਫਾਨ ਦੀ ਆਹਟ ਹੈ ।HFHT ਦੇ ਮੁੱਖ ਕਾਰਜਕਾਰੀ ਅਧਿਕਾਰੀ ਗਲੋਰੀਆ ਜੌਰਡਨ ਨੇ ਇੱਕ ਤਾਜ਼ਾ ਇੰਟਰਵਿਊ ਵਿੱਚ ਕਿਹਾ ਕਿ ਅਸੀਂ ਸੱਚਮੁੱਚ ਚਿੰਤਤ ਹਾਂ ... ਇਹ ਉਹ ਚਿੰਤਾ ਹੈ ਜੋ ਸਾਨੂੰ ਰਾਤ ਨੂੰ ਸੌਣ ਨਹੀਂ ਦਿੰਦੀ। ਰਿਸਡਨ ਨੇ ਕਿਹਾ ਕਿ ਕੁਝ ਲੋਕ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਪਰਿਵਾਰਕ ਡਾਕਟਰ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਉਹ ਵਾਕ-ਇਨ ਕਲੀਨਿਕ ਜਾਂ ਐਮਰਜੈਂਸੀ ਰੂਮ ਦੀ ਵਰਤੋਂ ਕਰ ਸਕਦੇ ਹਨ। ਇੱਕ ਪਰਿਵਾਰਕ ਡਾਕਟਰ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ, ਇੱਕ ਸਿਹਤ ਟੀਮ ਨਾਲ ਜੁੜੇ ਹੋਏ ਹਨ ਜਿਹੜੇ ਕਿਸੇ ਵਿਅਕਤੀ ਦੀ Medical History ਨੂੰ ਸਮਝਦੇ ਹੋਣ ਅਤੇ ਸਾਰਿਆਂ ਲਈ ਲਾਭਦਾਇਕ ਹੋਣ। ਰਿਸਡਨ ਨੇ ਕਿਹਾ, ਜਿਨ੍ਹਾਂ ਲੋਕਾਂ ਨੂੰ [ਫੈਮਿਲੀ ਡਾਕਟਰ] ਦੀ ਸਭ ਤੋਂ ਵੱਧ ਲੋੜ ਹੈ, ਉਹ ਇਸ ਨੂੰ ਲੱਭਣ ਲਈ ਸੰਘਰਸ਼ ਕਰ ਰਹੇ ਹਨ। ਰਿਸਡਨ ਨੇ ਕਿਹਾ ਕਿ ਸੂਬੇ ਨੂੰ ਤੁਰੰਤ ਪਰਿਵਾਰਕ ਸਿਹਤ ਡਾਕਟਰੀ ਟੀਮਾਂ ਨੂੰ ਲਾਗੂ ਕਰਨ ਅਤੇ ਬੀਮਾ ਫਾਰਮਾਂ ਨੂੰ ਮਿਆਰੀ ਬਣਾਉਣ ਦੀ ਲੋੜ ਹੈ। ਇਹ ਦੋ ਸਿਫ਼ਾਰਸ਼ਾਂ ਡਾਕਟਰਾਂ ਨੂੰ ਕਾਗਜ਼ੀ ਕਾਰਵਾਈ 'ਤੇ ਘੱਟ ਸਮਾਂ ਅਤੇ ਮਰੀਜ਼ਾਂ 'ਤੇ ਜ਼ਿਆਦਾ ਸਮਾਂ ਬਿਤਾਉਣ ਵਿੱਚ ਮਦਦ ਕਰਨਗੀਆਂ। ਓਨਟਾਰੀਓ ਦੀ ਸਿਹਤ ਮੰਤਰੀ ਸਿਲਵੀਆ ਜੋਨਸ ਦੀ ਪ੍ਰੈਸ ਸਕੱਤਰ ਹੈਨਾ ਜੇਨਸਨ ਨੇ ਕਿਹਾ ਕਿ ਸੂਬੇ ਦੇ 90 ਫੀਸਦੀ ਤੋਂ ਵੱਧ ਲੋਕਾਂ ਕੋਲ ਫੈਮਿਲੀ ਡਾਕਟਰ ਜਾਂ ਪ੍ਰਾਇਮਰੀ ਹੈਲਥ ਪ੍ਰੋਵਾਈਡਰ ਹੈ।

## ਮੋਰਟਗੇਜ਼ ਧਾਰਕਾਂ ਲਈ ਅਗਲੇ ਦੋ ਸਾਲ ਬੇਹੱਦ ਮੁਸ਼ਕਲ :ਹਾਊਸਿਗ ਕਾਰਪੋਰੇਸ਼ਨ

### ਅਗਲੇ 2 ਸਾਲਾਂ ਤੱਕ ਵਿਆਜ਼ ਦਰਾਂ ਉੱਚੀਆਂ ਬਣੇ ਰਹਿਣ ਦੀ ਸੰਭਾਵਨਾ, ਬੈਂਕ ਆਫ਼ ਕੈਨੇਡਾ ਵਲੋਂ ਅਗਲਾ ਫੈਸਲਾ 6 ਦਸੰਬਰ ਨੂੰ

ਟੋਰਾਂਟੋ: ਕੈਨੇਡਾ ਮੋਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਵਲੋਂ ਵੀਰਵਾਰ ਕੈਨੇਡਾ ਦੇ ਰਿਹਾਇਸ਼ੀ ਮੌਰਗੇਜ ਮਾਰਕੀਟ ਬਾਰੇ ਆਪਣੀ ਦੋ-ਸਾਲਾ ਰਿਪੋਰਟ ਜਾਰੀ ਕੀਤੀ। ਜਿਸ 'ਚ ਦੱਸਿਆ ਗਿਆ ਹੈ ਕਿ ਮੌਰਗੇਜ਼ ਧਾਰਕਾਂ ਨੂੰ ਅਗਲੇ ਦੋ ਸਾਲਾਂ ਤੱਕ ਵਿਆਜ਼ ਦਰਾਂ ਦੇ ਹੋਰ ਝਟਕਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੈਨੇਡਾ ਮੋਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਵਲੋਂ ਜਾਰੀ ਕੀਤੀ ਇਸ ਰਿਪੋਰਟ 'ਚ ਮੌਰਗੇਜ ਨੂੰ ਰੀਨਿਊ ਕਰਵਾਉਣ ਵਾਲੇ ਕਰਜ਼ਦਾਰਾਂ ਲਈ ਇੱਕ ਤਰ੍ਹਾਂ ਦੀ ਚੇਤਾਵਨੀ ਜਾਰੀ ਕਰ ਦਿੱਤੀ ਗਈ ਹੈ ਕਿ ਅਗਲੇ 2 ਸਾਲਾਂ ਤੱਕ ਵਿਆਜ਼ ਦਰਾਂ ਉੱਚੀਆਂ ਰਹਿ ਸਕਦੀਆਂ ਹਨ ਜੋ ਕਿ ਮੌਰਟਗੇਜ਼ ਧਾਰਕਾਂ ਲਈ ਬੇਹੱਦ ਚਿੰਤਾ ਦਾ ਵਿਸ਼ਾ ਬਣ ਗਿਆ ਹੈ।




ਰਿਪੋਰਟ ਅਨੁਸਾਰ 290,000 ਤੋਂ ਵੱਧ ਕੈਨੇਡੀਅਨਾਂ ਨੇ 2023 ਦੀ ਪਹਿਲੀ ਛਿਮਾਹੀ ਵਿੱਚ ਇੱਕ ਚਾਰਟਰਡ ਬੈਂਕ ਕੋਲ ਆਪਣੇ ਮੌਰਗੇਜਾਂ ਦਾ ਨਵੀਨੀਕਰਨ ਕੀਤਾ ਅਤੇ ਉਨ੍ਹਾਂ ਨੂੰ ਉੱਚੀਆਂ ਵਿਆਜ਼ ਦਰਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਬੈਂਕ ਆਫ਼ ਕੈਨੇਡਾ ਵਲੋਂ ਵਿਆਜ਼ ਦਰਾਂ ਅਕਤੂਬਰ 2022 'ਚ 0.50 ਫੀਸਦੀ ਤੋਂ ਵਧਾ ਕਿ ਸਤੰਬਰ 2023 ਤੱਕ 5 ਫੀਸਦੀ ਤੱਕ ਵਧਾ ਦਿੱਤੀਆਂ ਗਈਆਂ ਹਨ। ਜਿਸ ਕਾਰਨ ਮੌਰਟਗੇਜ਼ ਦੀਆਂ ਕਿਸ਼ਤਾਂ 'ਚ ਵੀ ਕਈ ਗੁਣਾ ਵਾਧਾ ਹੋ ਚੁੱਕਾ ਹੈ ਅਤੇ ਮੌਰਟੇਗਜ਼ ਦੀਆਂ ਕਿਸ਼ਤਾਂ ਭਰਨ ਵਾਲੇ ਕੈਨੇਡੀਅਨ ਇਸ ਸਮੇਂ ਬੇਹੱਦ ਮਾਨਸਿਕ ਤਣਾਅ ਦਾ ਸਾਹਮਣਾ ਕਰ ਰਹੇ ਹਨ। ਕਿਸ਼ਤਾਂ ਦੀ ਰਕਮ ਵੱਧਣ ਕਾਰਨ ਉਨ੍ਹਾਂ ਨੂੰ ਆਪਣੇ ਘਰੇਲੂ ਖਰਚੇ ਵੀ ਪੂਰੇ ਕਰਨੇ ਬੁਹੱਦ ਮੁਸ਼ਕਿਲ ਹੋ ਰਹੇ ਹਨ। ਬੈਂਕ ਆਫ਼ ਕੈਨੇਡਾ ਵਲੋਂ ਮਹਿੰਗਾਈ ਦਰ ਨੂੰ ਕਾਬੂ ਕਰਨ ਦਾ ਰਾਗ ਅਲਾਪ ਕਿ ਵਿਆਜ਼ ਦਰਾਂ 'ਚ ਕਈ ਗੁਣਾ ਵਾਧਾ ਕਰ ਦਿੱਤਾ ਗਿਆ ਪਰ ਕੈਨੇਡਾ 'ਚ ਮਹਿੰਗਾਈ ਦੀ ਜ਼ਮੀਨੀ ਹਕੀਕਤ ਜਿਉਂ ਦੀ ਤਿਉਂ ਬਰਕਰਾਰ ਹੈ ਅਤੇ ਰੋਜ਼ਾਨਾ ਵਰਤੋਂ 'ਚ ਆਉਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਅਜੇ ਵੀ ਅਸਮਾਨ ਛੂਹ ਰਹੀਆਂ ਹਨ ਜਿਸ ਕਰਕੇ ਆਮ ਕੈਨੇਡੀਅਨ ਲਈ ਵੱਡੇ ਸ਼ਹਿਰਾਂ 'ਚ ਗੁਜ਼ਾਰਾ ਕਰਨਾ ਬੇਹੱਦ ਮੁਸ਼ਕਲ ਹੋ ਚੁੱਕਾ ਹੈ। ਏਜੰਸੀ ਨੇ ਕਿਹਾ ਹੈ ਕਿ 2022 ਦੀ ਤੀਜੀ ਤਿਮਾਹੀ ਤੋਂ $400,000 ਜਾਂ ਇਸ ਤੋਂ ਵੱਧ ਮੁੱਲ ਦੇ ਕਰਜ਼ਿਆਂ ਲਈ ਬਕਾਏ - ਭੁਗਤਾਨ 'ਤੇ ਪਿੱਛੇ ਰਹਿਣ ਵਾਲੇ ਗਿਰਵੀਨਾਮੇ ਦਾ ਅਨੁਪਾਤ ਕਈ ਗੁਣਾ ਵੱਧ ਚੁੱਕਾ ਹੈ ਕਿਉਂਕਿ ਲੋਕ ਆਪਣੀ ਪੂਰੀ ਕਿਸ਼ਤ ਦੇਣ ਤੋਂ ਅਸਮਰੱਥ ਹੁੰਦੇ ਜਾ ਰਹੇ ਹਨ। ਦੂਜੇ ਪਾਸੇ ਬੈਂਕ ਆਫ ਕੈਨੇਡਾ ਦੇ ਅਧਿਕਾਰੀ ਨੇ ਚੇਤਾਵਨੀ ਦਿੱਤੀ ਬਹੁਤ ਜਲਦ ਵਿਆਜ਼ ਦਰਾਂ ਸਬੰਧੀ ਅਗਲਾ ਫੈਸਲਾ ਆਉਣ ਵਾਲਾ ਹੈ ਜੋ ਕਿ 6 ਦਸੰਬਰ ਨੂੰ ਲਿਆ ਜਾ ਸਕਦਾ ਹੈ। ਬੈਂਕ ਆਫ ਕੈਨੇਡਾ ਦੇ ਸੀਨੀਅਰ ਡਿਪਟੀ ਗਵਰਨਰ ਕੈਰੋਲਿਨ ਰੋਜਰਜ਼ ਨੇ ਵੈਨਕੂਵਰ ਵਿੱਚ ਵੀਰਵਾਰ ਨੂੰ ਇੱਕ ਕਾਨਫਰੰਸ 'ਚ ਸੰਬੋਧਨ ਕਰਨ ਲਈ ਸ਼ਾਮਲ ਹੋਏ। ਪਰ ਉਥੇ ਉਨ੍ਹਾਂ 6 ਦਸੰਬਰ ਨੂੰ ਬੈਂਕ ਆਫ਼ ਕੈਨੇਡਾ ਦੇ ਅਗਲੇ ਦਰਾਂ ਦੇ ਫੈਸਲੇ ਬਾਰੇ ਕੋਈ ਸੰਕੇਤ ਨਹੀਂ ਦਿੱਤੇ ਹਲਾਂਕਿ ਉਨ੍ਹਾਂ ਇਹ ਜ਼ਰੂਰ ਕਿਹਾ ਕਿ ਵਿਆਜ਼ ਦਰਾਂ ਲੰਬੇ ਸਮੇਂ ਤੱਕ ਉੱਚੀਆਂ ਰਹਿ ਸਕਦੀਆਂ ਹਨ, ਅਤੇ ਚੱਲ ਰਹੀ ਵਿਸ਼ਵਵਿਆਪੀ ਅਨਿਸ਼ਚਿਤਤਾ ਦੇ ਮੱਦੇਨਜ਼ਰ ਹੋ ਸਕਦਾ ਹੈ ਵਿਆਜ਼ ਦਰਾਂ ਨੂੰ ਘਟ ਕਰਨਾ ਮੁਸ਼ਕਲ ਹੋਵੇ। ਜਿਸ ਤੋਂ ਸਾਫ਼ ਕਿ ਰੋਜਰਸ ਕੈਨੇਡੀਅਨ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਹੁਣ ਉੱਚੀਆਂ ਵਿਆਜ਼ ਦਰਾਂ ਦੇ ਨਾਲ ਹੀ ਆਪਣੇ ਖਰਚੇ ਢਾਲੇ ਪੈਣਗੇ ਯਾਨੀ ਕਿ ਵਿਆਜ਼ ਦਰਾਂ ਕਦੋਂ ਘਟਣਗੀਆਂ, ਘੱਟ ਹੋਣਗੀਆਂ ਵੀ ਯਾ ਨਹੀਂ ਇਹ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

## ਕੈਨੇਡਾ 'ਚ ਦੀਵਾਲੀ 'ਤੇ ਖਾਲਿਸਤਾਨੀਆਂ ਦਾ ਹੰਗਾਮਾ, ਪਟਾਕੇ ਚਲਾਉਣ 'ਤੇ ਭਾਰਤੀਆਂ ਨਾਲ ਹੋਈ ਝੜਪ





ਮਿਸੀਸਾਗਾ (ਰਾਜ ਗੋਗਨਾ)- ਕੈਨੇਡਾ ਦੇ ਮਿਸੀਸਾਗਾ 'ਚ ਦੀਵਾਲੀ ਦੀ ਰਾਤ ਭਾਰਤੀ ਨਾਗਰਿਕਾਂ ਤੇ ਖਾਲਿਸਤਾਨ ਸਮਰਥਕਾਂ ਵਿਚਾਲੇ ਝੜਪ ਹੋਈ। ਮਿਸੀਸਾਗਾ ਵਿੱਚ ਇੱਕ ਪਾਰਕਿੰਗ ਵਿੱਚ ਭਾਰਤੀ ਵਿਦਿਆਰਥੀਆਂ ਵੱਲੋਂ ਪਟਾਕੇ ਚਲਾਉਣ ਦਾ ਵਿਰੋਧ ਕਰਨ ਲਈ ਖਾਲਿਸਤਾਨ ਸਮਰਥਕ ਪਹੁੰਚੇ। ਇਸ ਦੌਰਾਨ 100 ਤੋਂ ਵੱਧ ਲੋਕਾਂ ਵਿਚਾਲੇ ਹੱਥੋਪਾਈ ਹੋ ਗਈ। ਇਸ ਘਟਨਾ 'ਚ ਕੁਝ ਨੌਜਵਾਨ ਜ਼ਖਮੀ ਵੀ ਹੋਏ ਹਨ।

ਦੀਵਾਲੀ ਮਨਾ ਰਹੇ ਭਾਰਤੀਆਂ ਨੇ ਤਿਰੰਗਾ ਲਹਿਰਾਇਆ ਜਦਕਿ ਦੂਜੇ ਪਾਸੇ ਖਾਲਿਸਤਾਨੀ ਬੈਨਰ ਲਹਿਰਾਏ ਗਏ। ਝਗੜਾ ਵਧਦਾ ਦੇਖ ਸਥਾਨਕ ਪੁਲਸ ਮੌਕੇ 'ਤੇ ਪਹੁੰਚ ਗਈ, ਜਿਸ ਨੂੰ ਦੇਖ ਕੇ ਅੰਦੋਲਨਕਾਰੀ ਖਾਲਿਸਤਾਨੀ ਉਥੋਂ ਭੱਜ ਗਏ। ਕੈਨੇਡਾ ਦੀ ਪੀਲ ਰੀਜਨਲ ਪੁਲਸ ਨੂੰ ਐਤਵਾਰ ਰਾਤ ਕਰੀਬ 9:41 ਵਜੇ ਘਟਨਾ ਦੀ ਸੂਚਨਾ ਮਿਲੀ। ਪੁਲਿਸ ਅਨੁਸਾਰ ਮਿਸੀਸਾਗਾ ਵਿੱਚ ਇੱਕ ਸਥਾਨਕ ਪਾਰਕਿੰਗ ਵਿੱਚ ਦੋ ਧਿਰਾਂ ਵਿੱਚ ਟਕਰਾਅ ਹੋ ਗਿਆ। ਪੁਲਸ ਨੇ ਘਟਨਾ ਵਾਲੀ ਥਾਂ ਤੋਂ ਕੁਝ ਜ਼ਖ਼ਮੀ ਨੌਜਵਾਨਾਂ ਨੂੰ ਹਸਪਤਾਲ ਪਹੁੰਚਾਇਆ। ਦੰਗਾਕਾਰੀਆਂ ਦੀ ਪਛਾਣ ਕਰਨ ਲਈ ਪੁਲਸ ਨੇ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਕਬਜ਼ੇ ਵਿੱਚ ਲੈ ਲਈ ਹੈ। ਕੈਨੇਡਾ ਦੇ ਮਿਸੀਸਾਗਾ 'ਚ ਦੀਵਾਲੀ ਦੀ ਰਾਤ ਨੂੰ ਖਾਲਿਸਤਾਨੀ ਪਟਾਕੇ ਚੁੱਕ ਕੇ ਭਾਰਤੀਆਂ 'ਤੇ ਸੁੱਟ ਰਹੇ ਸਨ। ਇਸ ਘਟਨਾ ਨਾਲ ਜੁੜਿਆ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ। ਵੀਡੀਓ ਵਿੱਚ ਪੀਲ ਰੀਜਨਲ ਪੁਲਸ ਮੁਲਾਜ਼ਮ ਦੀਵਾਲੀ ਦੇ ਜਸ਼ਨਾਂ ਦੌਰਾਨ ਆਹਮੋ-ਸਾਹਮਣੇ ਆਏ ਦੋਵਾਂ ਧਿਰਾਂ ਨੂੰ ਵੱਖ ਕਰਨ ਦੀ ਕੋਸ਼ਿਸ਼ ਕਰਦੇ ਨਜ਼ਰ ਆ ਰਹੇ ਹਨ। ਵੀਡੀਓ ਵਿੱਚ ਪਟਾਕਿਆਂ ਦੀ ਆਵਾਜ਼ ਵੀ ਸੁਣੀ ਜਾ ਸਕਦੀ ਹੈ। ਮਿਸੀਸਾਗਾ ਦੀ ਸਥਾਨਕ ਪਾਰਕਿੰਗ ਵਾਲੀ ਥਾਂ 'ਤੇ ਜਿੱਥੇ ਇਹ ਝਗੜਾ ਹੋਇਆ, ਉੱਥੇ ਹੀ ਕੂੜੇ ਦੇ ਢੇਰ ਲੱਗੇ ਹੋਏ ਹਨ। ਇਹ ਕੂੜਾ ਦੀਵਾਲੀ ਮਨਾ ਰਹੇ ਭਾਰਤੀਆਂ ਵੱਲੋਂ ਚਲਾਏ ਗਏ ਪਟਾਕਿਆਂ ਦਾ ਸੀ। ਕੁਝ ਖਾਲਿਸਤਾਨ ਸਮਰਥਕ ਇਸ ਕੂੜੇ ਨੂੰ ਚੁੱਕ ਕੇ ਭਾਰਤੀਆਂ ਵੱਲ ਸੁੱਟ ਰਹੇ ਸਨ।

ਦਰਅਸਲ ਇੱਥੇ ਭਾਰਤੀ ਨਾਗਰਿਕ ਅਤੇ ਵਿਦਿਆਰਥੀ ਦੀਵਾਲੀ ਮਨਾ ਰਹੇ ਸਨ, ਜਿਸ ਦੇ ਵਿਰੋਧ 'ਚ ਕੁਝ ਖਾਲਿਸਤਾਨ ਸਮਰਥਕ ਵਿਰੋਧ 'ਚ ਆ ਗਏ। ਪੀਲ ਰੀਜਨਲ ਪੁਲਸ ਦੀਵਾਲੀ ਦੀ ਰਾਤ ਕੈਨੇਡਾ ਦੇ ਮਿਸੀਸਾਗਾ ਵਿੱਚ ਭਾਰਤੀਆਂ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਖਾਲਿਸਤਾਨ ਸਮਰਥਕਾਂ ਨੂੰ ਖਦੇੜਨ ਲਈ ਪਹੁੰਚੀ। ਭਾਰਤ ਤੋਂ ਬਾਅਦ ਕੈਨੇਡਾ ਵਿੱਚ ਦੀਵਾਲੀ 'ਤੇ ਸਭ ਤੋਂ ਵੱਧ ਪਟਾਕਿਆਂ ਦਾ ਪ੍ਰਦਰਸ਼ਨ ਹੁੰਦਾ ਹੈ, ਜਿਸ ਵਿੱਚ ਭਾਰਤੀ ਨਾਗਰਿਕਾਂ ਦੀ ਕਾਫੀ ਗਿਣਤੀ ਹੁੰਦੀ ਹੈ। ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਤੋਂ ਵੀ ਵੱਡੀ ਗਿਣਤੀ ਲੋਕ ਇੱਥੇ ਰਹਿੰਦੇ ਹਨ ਜੋ ਦੀਵਾਲੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਉਂਦੇ ਹਨ। ਇਸੇ ਜਸ਼ਨ ਦੌਰਾਨ ਕੁਝ ਖਾਲਿਸਤਾਨ ਪੱਖੀ ਲੋਕ ਮਿਸੀਸਾਗਾ ਸ਼ਹਿਰ ਵਿੱਚ ਆ ਕੇ ਹੰਗਾਮਾ ਕਰ ਦਿੱਤਾ। ਪਿਛਲੇ ਸਾਲ ਵੀ ਇਸੇ ਥਾਂ 'ਤੇ ਦੀਵਾਲੀ ਦੇ ਜਸ਼ਨਾਂ ਦੌਰਾਨ ਖਾਲਿਸਤਾਨੀਆਂ ਨੇ ਇੱਥੇ ਦੰਗੇ ਕੀਤੇ ਸਨ, ਜਿਸ ਤੋਂ ਬਾਅਦ ਸਥਾਨਕ ਪੁਲਸ ਨੇ ਦਰਜਨਾਂ ਦੰਗਾਕਾਰੀਆਂ ਨੂੰ ਹਿਰਾਸਤ 'ਚ ਲਿਆ ਸੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਸੰਸਥਾਵਾਂ ਠੋਸ ਕਦਮ ਚੁੱਕਣ: ਜਥੇ. ਗਿ. ਰਘਬੀਰ ਸਿੰਘ

## ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕੌਮ ਦੇ ਨਾਂ ਸੰਦੇਸ਼



ਅੰਮ੍ਰਿਤਸਰ -ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਬੰਦੀ ਛੋੜ ਦਿਹਾੜੇ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਕੀਰਤਨ ਅਤੇ ਇਤਿਹਾਸ ਦੁਆਰਾ ਸੰਗਤ ਨਾਲ ਸਾਂਝ ਪਾਈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਦਿੰਦਿਆਂ ਪਿਛਲੇ 17 ਸਾਲਾਂ ਤੋਂ ਜੇਲ੍ਹ ਦੀ 8 ਫੁੱਟ ਚੱਕੀ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਸਬੰਧੀ ਕੇਂਦਰ ਸਰਕਾਰ ਵੱਲੋਂ ਨੋਟੀਫਿਕੇਸ਼ਨ ਕਰਕੇ ਮੁਕਰ ਜਾਣ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਨ, 39 ਸਾਲਾਂ ਬਾਅਦ ਵੀ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਅਤੇ ਪੰਜਾਬ ਦੇ ਨਾਲ ਕੇਂਦਰ ਸਰਕਾਰ ਦੇ ਸਿਆਸੀ ਵਿਤਕਰਿਆਂ ਦੀ ਗੱਲ ਕਰਦਿਆਂ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਇਕਜੁਟਤਾ ਨਾਲ ਅਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੱਤਾ। ਗਿਆਨੀ ਰਘਬੀਰ ਸਿੰਘ ਨੇ ਬੰਦੀ ਛੋੜ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਇਸ ਦਿਹਾੜੇ ਦਾ ਸਬੰਧ ਸਿੱਖ ਧਰਮ ਦੇ ਸੰਸਥਾਗਤ ਪ੍ਰਚਾਰ ਪ੍ਰਸਾਰ, ਖ਼ੂਨੀ ਪੈਂਡਿਆਂ ਅਤੇ ਜਬਰ-ਜ਼ੁਲਮ ਵਿਰੁੱਧ ਸੰਘਰਸ਼ ਦੌਰਾਨ ਕੌਮੀ ਤਕਦੀਰ ਉਡੀਕਣ ਦੇ ਅਹਿਮ ਦਿਹਾੜੇ ਵਜੋਂ ਵੀ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਮੁਗਲ ਹਾਕਮਾਂ ਵੱਲੋਂ ਲਗਾਈਆਂ ਤੁਅੱਸਬੀ ਪਾਬੰਦੀਆਂ ਦੇ ਬਾਵਜੂਦ ਵੀ ਬੰਦੀ ਛੋੜ ਦਿਵਸ ਮੌਕੇ ਸਿੱਖ ਆਪਣੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਗੁਰੂ-ਜਸ ਸਰਵਣ ਕਰਦੇ ਅਤੇ ਮਿਲ ਬੈਠ ਕੇ ਕੌਮ ਲਈ ਭਵਿੱਖੀ ਪ੍ਰੋਗਰਾਮ ਉਲੀਕਦੇ ਸਨ। ਇਸ ਪ੍ਰੰਪਰਾ ਨੇ ਸਿੱਖ ਕੌਮ ਦੀ ਬਿਖੜੇ ਸਮਿਆਂ 'ਚੋਂ ਬਾਹਰ ਨਿਕਲਣ ਅਤੇ ਨਵੀਆਂ ਦਿਸ਼ਾਵਾਂ ਤੈਅ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਤੋਂ ਅੱਜ ਵੀ ਸੇਧ ਲੈਣ ਦੀ ਲੋੜ ਹੈ। ਗਿਆਨੀ ਰਘਬੀਰ ਸਿੰਘ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਕੁਰਬਾਨੀ, ਜਜ਼ਬੇ ਅਤੇ ਦ੍ਰਿੜ੍ਹ ਇਰਾਦੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰਕੈਦ ਵਿਚ ਤਬਦੀਲ ਕਰਨ ਸਬੰਧੀ ਪਾਈ ਪਟੀਸ਼ਨ 'ਤੇ ਕੇਂਦਰ ਸਰਕਾਰ ਵੱਲੋਂ ਕੋਈ ਫੈਸਲਾ ਅਮਲ ਵਿਚ ਲੈ ਕੇ ਨਾ ਆਉਣਾ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਭਾਈ ਉਲੰਘਣਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਕੇ ਸਿੱਖਾਂ ਨੂੰ ਇਨਸਾਫ਼ ਦੇਣ ਲਈ ਕਿਹਾ।

ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਆਦੇਸ਼ ਦਿੱਤਾ ਕਿ ਉਹ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰਕੈਦ ਵਿਚ ਤਬਦੀਲ ਕਰਵਾਉਣ ਲਈ ਠੋਸ ਤੇ ਤੇਜ਼ ਯਤਨ ਕਰੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਸਮੂਹ ਪੰਥਕ ਦਲਾਂ ਅਤੇ ਜਥੇਬੰਦੀਆਂ ਦੀ ਇਕ ਵਿਸ਼ੇਸ਼ ਇਕੱਤਰਤਾ ਵੀ ਸੱਦੇ। ਇਸ ਦੇ ਨਾਲ ਹੀ ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਦੇਸ਼ ਜਾਰੀ ਕੀਤਾ ਕਿ ਉਹ ਆਪਣੇ ਅਸਲ ਰਸੂਖ ਅਤੇ ਨੇੜਲੇ ਸਬੰਧਾਂ ਦੀ ਵਰਤੋਂ ਕਰਕੇ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਕੋਲੋਂ ਭਾਈ ਰਾਜੋਆਣਾ ਸਬੰਧੀ ਅਪੀਲ 'ਤੇ ਫੈਸਲਾ ਕਰਵਾਉਣ ਲਈ ਗੰਭੀਰਤਾ ਨਾਲ ਯਤਨ ਕਰੇ ਅਤੇ ਇਸ ਸਬੰਧੀ 15 ਦਿਨਾਂ ਤੇ ਅੰਦਰ-ਅੰਦਰ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੇ। ਉਨ੍ਹਾਂ ਸਮੂਹ ਪੰਥਕ ਜਥੇਬੰਦੀਆਂ ਨੂੰ ਵੀ ਬੰਦੀ ਸਿੰਘਾਂ ਸਬੰਧੀ ਮੋਹਰੀ ਸਫਾਂ ਦੇ ਤੌਰ 'ਤੇ ਯਤਨ ਕਰਨ ਲਈ ਕਿਹਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਵੀ ਸੰਬੋਧਤ ਹੁੰਦਿਆਂ ਕਿਹਾ ਕਿ ਉਹ ਕੋਈ ਵੀ ਅਜਿਹਾ ਕਦਮ ਨਾ ਚੁੱਕਣ, ਜੋ ਉਨ੍ਹਾਂ ਦੀ ਜ਼ਿੰਦਗੀ ਤੇ ਕੌਮ ਲਈ ਚਿੰਤਾ ਵਾਲਾ ਹੋਵੇ।

ਜਥੇਦਾਰ ਨੇ ਆਪਣੇ ਸੰਦੇਸ਼ ਵਿਚ ਵਿਦੇਸ਼ਾਂ ਅੰਦਰ ਵੱਖਰੀ ਪਛਾਣ ਸਬੰਧੀ ਭਰਮ-ਭੁਲੇਖਿਆਂ ਅਤੇ ਨਸਲਵਾਦ ਦੀ ਭਾਵਨਾ ਨਾਲ ਸਿੱਖਾਂ ਉੱਪਰ ਹੋ ਰਹੇ ਹਮਲਿਆਂ 'ਤੇ ਚਿੰਤਾ ਕਰਨ ਦੇ ਨਾਲ-ਨਾਲ ਭਾਰਤ ਅੰਦਰ ਵੀ ਸਿੱਖਾਂ ਪ੍ਰਤੀ ਵੱਧ ਰਹੀ ਅਸਿਹਣਸ਼ੀਲਤਾ 'ਤੇ ਵੀ ਗੰਭੀਰ ਰੁਖ਼ ਦਿਖਾਇਆ। ਉਨ੍ਹਾਂ ਕਿਹਾ ਕਿ ਸਿਰਫ਼ 2% ਅਬਾਦੀ ਹੋਣ ਦੇ ਬਾਵਜੂਦ ਅਜ਼ਾਦੀ ਲਈ 80% ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨਾਲ ਦੇਸ਼ ਅੰਦਰ ਸਿਆਸੀ ਵਿਤਕਰਿਆਂ ਦੀ ਲੜੀ ਲਗਾਤਾਰ ਲੰਮੇਰੀ ਹੋ ਰਹੀ ਹੈ। ਪੰਜਾਬ ਦੀ ਸਿਆਸੀ ਖੁਦਮੁਖ਼ਤਿਆਰੀ, ਦਰਿਆਈ ਪਾਣੀ, ਡੈਮ, ਪੰਜਾਬੀ ਬੋਲਦੇ ਇਲਾਕੇ ਅਤੇ ਰਾਜਧਾਨੀ ਤੋਂ ਬਾਅਦ ਹੁਣ ਪੰਜਾਬ ਵਿਚ ਰੁਜ਼ਗਾਰ ਦਾ ਰਾਖਵਾਂ ਹੱਕ ਵੀ ਹੌਲੀ-ਹੌਲੀ ਪੰਜਾਬੀਆਂ ਦੇ ਹੱਥੋਂ ਖੁਸਦਾ ਜਾ ਰਿਹਾ ਹੈ। ਉਨ੍ਹਾਂ ਚਿੰਤਾ ਪ੍ਰਗਟ ਕਰਦਿਆਂ ਆਖਿਆ ਕਿ ਪੰਜਾਬ ਦੇ ਪੜ੍ਹੇ ਲਿਖੇ ਨੌਜੁਆਨ ਰੁਜ਼ਗਾਰ ਲਈ ਸੜਕਾਂ 'ਤੇ ਸੰਘਰਸ਼ ਕਰ ਰਹੇ ਹਨ, ਪਰ ਦੂਜਿਆਂ ਤੋਂ ਧੜਾ-ਧੜ ਲੋਕ ਇਥੇ ਆ ਕੇ ਸਰਕਾਰਾਂ ਅਤੇ ਨਿੱਜੀ ਖੇਤਰ ਵਿਚ ਰੁਜ਼ਗਾਰ ਦੇ ਵਸੀਲਿਆਂ 'ਤੇ ਕਾਬਜ਼ ਹੋ ਰਹੇ ਹਨ। ਗਿਣੀ ਮਿਥੀ ਸਾਜ਼ਸ਼ ਨਾਲ ਪੰਜਾਬ ਦੀ ਕਿਸਾਨੀ ਤੇ ਉਪਜਾਊ ਧਰਤੀ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਇਸੇ ਦਾ ਸਿੱਟਾ ਹੈ ਕਿ ਮਾਯੂਸ ਹੋਈ ਸਿੱਖ ਨੌਜੁਆਨੀ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੀ ਹੈ। ਉਨ੍ਹਾਂ ਇਸ ਗੱਲ 'ਤੇ ਚਿੰਤਾ ਜਾਹਰ ਕੀਤੀ ਕਿ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਕਾਤਲ 39 ਸਾਲ ਬਾਅਦ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ, ਜਦਕਿ ਸਾਡੇ ਬੰਦੀ ਸਿੰਘ ਉਮਰ ਕੈਦ ਦੀਆਂ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਜੇਲ੍ਹਾਂ ਅੰਦਰ ਕੈਦ ਹਨ।

ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਨੌਜੁਆਨਾਂ ਨੂੰ ਮੁਫ਼ਤ ਸਿਵਲ ਸੇਵਾਵਾਂ ਦੀ ਪ੍ਰੀਖਿਆ ਦੀ ਤਿਆਰੀ ਲਈ 'ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ' ਸਥਾਪਤ ਕਰਨ 'ਤੇ ਖੁਸ਼ੀ ਪ੍ਰਗਟ ਕਰਦਿਆਂ ਆਖਿਆ ਕਿ ਸਿੱਖ ਸਮਾਜ ਨੂੰ ਦੇਖਾ-ਦੇਖੀ ਆਪਣੇ ਬੱਚੇ ਪੜ੍ਹਾਈ ਜਾਂ ਰੁਜ਼ਗਾਰ ਲਈ ਵਿਦੇਸ਼ ਭੇਜਣ ਦੀ ਬਜਾਏ ਇਥੇ ਰਹਿੰਦਿਆਂ ਆਪਣੀ ਕਾਬਲੀਅਤ ਅਤੇ ਊਰਜਾ ਨੂੰ ਉਸਾਰੂ ਦਿਸ਼ਾ ਵੱਲ ਸੇਧਿਤ ਕਰਕੇ ਉੱਚ ਪ੍ਰਸ਼ਾਸਨਿਕ, ਡਾਕਟਰੀ ਸਿੱਖਿਆ, ਤਕਨੀਕੀ ਅਤੇ ਵਣਜ ਵਪਾਰ ਦੇ ਖੇਤਰ ਵਿਚ ਅੱਗੇ ਆਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਸਿੱਖ ਕੌਮ ਨੂੰ ਦੇਸ਼ ਅੰਦਰ ਆਪਣੇ ਨਾਲ ਹੋ ਰਹੀਆਂ ਸਿਆਸੀ ਵਿਤਕਰੇਬਾਜੀਆਂ ਨੂੰ ਠੱਲ੍ਹਣ ਲਈ ਅਤੇ ਰਾਜਨੀਤਕ ਹੱਕ ਹਕੂਕ ਮਹਿਫ਼ੂਜ ਰੱਖਣ ਲਈ ਆਪਣੀ ਖੇਤਰੀ ਤੇ ਪੰਥਕ ਰਾਜਨੀਤੀ ਨੂੰ ਪ੍ਰਫੁਲਤ ਅਤੇ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਸਿੱਖਾਂ ਦੀਆਂ ਧਾਰਮਿਕ ਪੰਥਕ ਅਤੇ ਰਾਜਨੀਤਕ ਸੰਸਥਾਵਾਂ ਨੂੰ ਖ਼ਤਮ ਕਰਨ ਲਈ ਹੋ ਰਹੀਆਂ ਸਾਜ਼ਿਸ਼ਾਂ ਤੋਂ ਸੁਚੇਤ ਹੋ ਕੇ ਕੌਮੀਅਤ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਵਧਣਾ ਚਾਹੀਦਾ ਹੈ।

## ਚੰਡੀਗੜ੍ਹੀਆਂ ਲਈ ਖੁਸ਼ਖਬਰੀ! 800 ਨਹੀਂ ਸਗੋਂ ਸਿਰਫ਼ 485 'ਚ ਦਿੱਲੀ ਏਅਰਪੋਰਟ ਤੱਕ ਦੀ ਸਵਾਰੀ



ਚੰਡੀਗੜ੍ਹ : ਚੰਡੀਗੜ੍ਹੀਆਂ ਲਈ ਖੁਸ਼ਖਬਰੀ ਹੈ। ਹੁਣ ਦਿੱਲੀ ਹਵਾਈ ਅੱਡੇ ਤੱਕ ਕੰਡੀਸ਼ਨਡ ਬੱਸ ਸੇਵਾ ਸ਼ੁਰੂ ਹੋ ਗਈ ਹੈ। ਇਸ ਬੱਸ ਵਿੱਚ ਸਿਰਫ 485 ਰੁਪਏ ਕਿਰਾਏ ਨਾਲ ਹੀ ਦਿੱਲੀ ਹਵਾਈ ਅੱਡੇ ਤੱਕ ਸਫਰ ਕੀਤਾ ਜਾ ਸਕੇਗਾ। ਇਹ ਬੱਸਾਂ ਚੰਡੀਗੜ੍ਹ ਦੇ ਸੈਕਟਰ-17 ਬੱਸ ਸਟੈਂਡ ਤੋਂ ਚੱਲਣਗੀਆਂ। ਦਰਅਸਲ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (ਸੀਟੀਯੂ) ਨੇ ਸ਼ਹਿਰ ਦੇ ਲੋਕਾਂ ਲਈ ਘੱਟ ਕਿਰਾਏ 'ਤੇ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਤੱਕ ਏਅਰ ਕੰਡੀਸ਼ਨਡ ਬੱਸ ਸੇਵਾ ਸ਼ੁਰੂ ਕੀਤੀ ਹੈ। ਸੀਟੀਯੂ ਵੱਲੋਂ ਸ਼ੁਰੂ ਕੀਤੀ ਗਈ ਇਸ ਏਅਰ ਕੰਡੀਸ਼ਨਡ ਬੱਸ ਸੇਵਾ ਲਈ ਇੱਕ ਸਵਾਰੀ ਦਾ ਕਿਰਾਇਆ ਸਿਰਫ਼ 485 ਰੁਪਏ ਤੈਅ ਕੀਤਾ ਗਿਆ ਹੈ ਜਦੋਂਕਿ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਤੱਕ ਵੋਲਵੋ ਬੱਸ ਦਾ ਕਿਰਾਇਆ ਲਗਪਗ 800 ਰੁਪਏ ਪ੍ਰਤੀ ਸਵਾਰੀ ਹੈ। ਹੁਣ ਤੱਕ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਨੂੰ ਸਿਰਫ਼ ਵੋਲਵੋ ਬੱਸ ਸੇਵਾ ਮੁਹੱਈਆ ਕਰਵਾਈ ਜਾਂਦੀ ਸੀ ਜਿਸ ਦਾ ਕਿਰਾਇਆ ਕਾਫ਼ੀ ਜ਼ਿਆਦਾ ਸੀ, ਪਰ ਸੀਟੀਯੂ ਕੋਲ ਐੱਚਵੀਏਸੀ ਏਅਰ ਕੰਡੀਸ਼ਨਡ ਬੱਸਾਂ ਹਨ ਜੋ ਵੋਲਵੋ ਦੇ ਉਲਟ ਆਮ ਬੱਸਾਂ ਵਾਂਗ ਹੀ ਹਨ ਪਰ ਇਨ੍ਹਾਂ ਵਿੱਚ ਹੀਟਿੰਗ ਤੇ ਏਅਰ ਕੰਡੀਸ਼ਨਿੰਗ ਦੀ ਵਿਵਸਥਾ ਹੈ। ਹੁਣ ਤੱਕ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਹ ਐੱਚਏਵੀਸੀ ਬੱਸ ਸੇਵਾ ਦਿੱਲੀ ਹਵਾਈ ਅੱਡੇ ਲਈ ਵੀ ਸ਼ੁਰੂ ਕੀਤੀ ਗਈ ਹੈ। ਸੀਟੀਯੂ ਨੇ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਤੱਕ ਚੱਲਣ ਵਾਲੀਆਂ ਐੱਚਏਵੀਸੀ ਬੱਸਾਂ ਦੀ ਸਮਾਂ ਸਾਰਣੀ ਤੈਅ ਕਰ ਲਈ ਹੈ। ਇਸ ਅਨੁਸਾਰ ਇਹ ਬੱਸ ਸੇਵਾ ਚੰਡੀਗੜ੍ਹ ਦੇ ਸੈਕਟਰ-17 ਬੱਸ ਸਟੈਂਡ ਤੋਂ ਦਿੱਲੀ ਹਵਾਈ ਅੱਡੇ ਲਈ ਸਵੇਰੇ 4.30 ਵਜੇ, 6 ਵਜੇ, ਬਾਅਦ ਦੁਪਹਿਰ 3 ਵਜੇ ਅਤੇ ਸ਼ਾਮ 4 ਵਜੇ ਚੱਲੇਗੀ। ਇਸ ਦੇ ਨਾਲ ਹੀ ਦਿੱਲੀ ਹਵਾਈ ਅੱਡੇ ਤੋਂ ਚੰਡੀਗੜ੍ਹ ਲਈ ਇਹ ਬੱਸ ਸੇਵਾ ਸਵੇਰੇ 11.50 ਵਜੇ, ਦੁਪਹਿਰ 1 ਵਜੇ, ਰਾਤ 10 ਵਜੇ ਤੇ ਰਾਤ 11 ਵਜੇ ਬੱਸਾਂ ਚੱਲਣਗੀਆਂ।

# ਮਜੀਠੀਆ ਵੱਲੋਂ ਪੰਜਾਬ ਦੇ ਇੱਕ ਮੰਤਰੀ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼

## ਸਬੂਤ ਵਾਲੀ ਪੈੱਨ ਡਰਾਈਵ ਮੁੱਖ ਮੰਤਰੀ ਨੂੰ ਸੌਂਪਣ ਦਾ ਐਲਾਨ; ਮੰਤਰੀ ਨੂੰ ਬਰਖ਼ਾਸਤ ਅਤੇ ਗ੍ਰਿਫ਼ਤਾਰ ਕਰਨ ਦੀ ਮੰਗ

ਚੰਡੀਗੜ : ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੂਬੇ ਦੇ ਇੱਕ ਮੰਤਰੀ 'ਤੇ ਅਨੈਤਿਕ ਵਿਵਹਾਰ ਦੇ ਦੋਸ਼ ਲਾਉਣ ਦਾ ਅਮਲ ਜਾਰੀ ਰੱਖਦਿਆਂ ਸਬੂਤ ਜਨਤਕ ਕਰਨ ਦੀ ਥਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਹਵਾਲੇ ਕਰਨ ਦੀ ਗੱਲ ਕਹੀ ਹੈ। ਇੱਥੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਵੇਂ ਮੰਤਰੀ ਦਾ ਨਾਮ ਤਾਂ ਉਨ੍ਹਾਂ ਨਸ਼ਰ ਨਹੀਂ ਕੀਤਾ ਪਰ ਇਹ ਦਾਅਵਾ ਜ਼ਰੂਰ ਕੀਤਾ ਕਿ ਮੰਤਰੀ ਨੇ ਇੱਕ ਮਜਬੂਰ ਤੇ ਲਾਚਾਰ ਮਹਿਲਾ ਨਾਲ ਸਰੀਰਕ ਸਬੰਧ ਬਣਾਏ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਸ ਸਬੰਧੀ ਵੀਡੀਓ ਵੀ ਮੌਜੂਦ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮੰਤਰੀ ਨੂੰ ਤੁਰੰਤ ਵਜ਼ਾਰਤ ਵਿੱਚੋਂ ਬਰਖ਼ਾਸਤ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ। ਸ੍ਰੀ ਮਜੀਠੀਆ ਨੇ ਕਿਹਾ ਕਿ ਦੀਵਾਲੀ ਤੋਂ ਪਹਿਲਾਂ ਉਨ੍ਹਾਂ ਮੁੱਖ ਮੰਤਰੀ ਤੋਂ ਮਿਲਣ ਲਈ ਸਮਾਂ ਮੰਗਿਆ ਸੀ ਤਾਂ ਜੋ ਮੰਤਰੀ ਵਾਲਾ ਸਬੂਤ ਸੌਂਪਿਆ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਲਈ ਦੀਵਾਲੀ ਦਾ ਤੋਹਫਾ (ਪੈੱਨ ਡਰਾਈਵ) ਪੈਕ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਇਹ ਪੈੱਨ ਡਰਾਈਵ ਕਿਸੇ ਜਨਤਕ ਪ੍ਰੋਗਰਾਮ ਵਿੱਚ ਸੌਂਪੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਪੈੱਨ ਡਰਾਈਵ ਸੌਂਪਣਾ ਚਾਹੁੰਦੇ ਹਨ ਤਾਂ ਜੋ ਇਸ ਮਾਮਲੇ ਵਿਚ ਫੌਰੀ ਕਾਰਵਾਈ ਹੋ ਸਕੇ। ਅਕਾਲੀ ਆਗੂ ਨੇ ਸਪੱਸ਼ਟ ਕੀਤਾ ਕਿ ਜੇ ਮੁੱਖ ਮੰਤਰੀ ਨੇ ਆਪਣੇ ਕੈਬਨਿਟ ਸਹਿਯੋਗੀ ਖ਼ਿਲਾਫ ਸਬੂਤ ਲੈਣ ਤੋਂ ਇਨਕਾਰ ਕੀਤਾ ਤਾਂ ਇਸ ਮਾਮਲੇ 'ਤੇ ਅਗਲੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਇਸ ਮਾਮਲੇ ਨੂੰ ਮੰਤਰੀ ਲਾਲ ਚੰਦ ਕਟਾਰੂ ਚੱਕ ਦੇ ਮਾਮਲੇ ਵਾਂਗ ਰਫ਼ਾ ਦਫਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਉਹ ਉਦੋਂ ਤੱਕ ਸੰਘਰਸ਼ ਜਾਰੀ ਰੱਖਣਗੇ ਜਦੋਂ ਤੱਕ ਮੰਤਰੀ ਪੂਰੀ ਤਰ੍ਹਾਂ ਬੇਨਕਾਬ ਨਹੀਂ ਹੋ ਜਾਂਦਾ ਤੇ ਉਸ ਦੇ ਖ਼ਿਲਾਫ਼ ਕਾਨੂੰਨ ਮੁਤਾਬਕ ਕਾਰਵਾਈ ਨਹੀਂ ਹੁੰਦੀ। ਅਕਾਲੀ ਆਗੂ ਨੇ ਕਿਹਾ ਕਿ ਇਸ ਸਰਕਾਰ ਨੂੰ ਹੋਂਦ 'ਚ ਆਇਆਂ ਮਹਿਜ਼ ਡੇਢ ਵਰ੍ਹਾ ਹੋਇਆ ਹੈ ਤੇ ਇਸ ਥੋੜ੍ਹੇ ਸਮੇਂ ਦੌਰਾਨ ਹੀ ਬਦਲਾਅ ਵਾਲੀ ਸਰਕਾਰ ਦੇ ਮੰਤਰੀ, ਵਿਧਾਇਕ ਭ੍ਰਿਸ਼ਟ ਅਤੇ ਅਨੈਤਿਕ ਗਤੀਵਿਧੀਆਂ ਵਿੱਚ ਲਗਾਤਾਰ ਘਿਰਦੇ ਆ ਰਹੇ ਹਨ।




**'ਸਿਰਸਾ 'ਤੇ ਲੱਗੇ ਦੋਸ਼ਾਂ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਵੇ'**

ਬਿਕਰਮ ਸਿੰਘ ਮਜੀਠੀਆ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੱਲੋਂ ਗੁਰਦੁਆਰਾ ਫੰਡਾਂ ਦੀ ਦੁਰਵਰਤੋਂ ਕਰਨ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਮੰਗੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਗੁਰੂ ਦੀ ਗੋਲਕ ਦੀ ਦੁਰਵਰਤੋਂ ਦੇ ਅਜਿਹੇ ਦੋਸ਼ ਸਾਹਮਣੇ ਆਏ ਹਨ ਤੇ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਰਸਾ ਕਿਉਂਕਿ ਭਾਜਪਾ ਦੇ ਕੌਮੀ ਸਕੱਤਰ ਹਨ ਤੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੋਵਾਂ ਦੇ ਨਜ਼ਦੀਕੀ ਹਨ, ਇਸ ਲਈ ਕੇਂਦਰੀ ਏਜੰਸੀਆਂ ਕੇਸ ਦੀ ਨਿਰਪੱਖਤਾ ਨਾਲ ਜਾਂਚ ਨਹੀਂ ਕਰ ਸਕਣਗੀਆਂ।

## ਪਾਕਿਸਤਾਨ ਸਰਕਾਰ ਨੇ ਸਿੱਖ ਯਾਤਰੀਆਂ ਦੀ ਸਹੂਲਤ ਲਈ ਲੌਂਚ ਕੀਤਾ ਔਨਲਾਈਨ ਪੋਰਟਲ

ਚੰਡੀਗੜ੍ਹ : ਭਾਰਤ ਤੋਂ ਇਲਾਵਾ ਦੁਨੀਆਂ ਦੇ ਕਿਸੇ ਵੀ ਦੇਸ਼ 'ਚ ਰਹਿੰਦੇ ਸਿੱਖ ਯਾਤਰੀਆਂ ਦੀ ਸਹੂਲਤ ਲਈ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਇੱਕ ਪੋਰਟਲ ਲਾਂਚ ਕੀਤਾ ਹੈ। ਜਾਣਕਾਰੀ ਅਨੁਸਾਰ ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਮੋਹੀਸਨ ਨਕਵੀ ਨੇ ਸਿੱਖ ਬੁਕਿੰਗ ਪੋਰਟਲ ਨੂੰ ਬਹੁਤ ਹੀ ਵਧੀਆ ਧਾਰਮਿਕ ਸੈਲਾਨੀ ਪ੍ਰੋਗਰਾਮ ਕਰਾਰ ਦਿੰਦਿਆਂ ਕਿਹਾ ਹੈ ਕਿ ਪਾਕਿਸਤਾਨ 'ਚ ਇਸ ਤਰ੍ਹਾਂ ਦਾ ਇਹ ਪਹਿਲਾ ਫ਼ੈਸਲਾ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਨਕਵੀ ਨੇ ਕਿਹਾ ਕਿ ਦੁਨੀਆਂ ਭਰ ਦੇ ਸਿੱਖ ਸ਼ਰਧਾਲੂ ਹੁਣ ਪੋਰਟਲ ਰਾਹੀਂ ਔਨਲਾਈਨ ਹੋਟਲ ਬੁਕਿੰਗ ਕਰ ਸਕਦੇ ਹਨ ਅਤੇ ਪਾਕਿਸਤਾਨ ਜਾਣ ਵਾਲੇ ਸਿੱਖਾਂ ਨੂੰ ਉਨ੍ਹਾਂ ਦੀ ਯਾਤਰਾ ਦੌਰਾਨ VIP ਪਹੁੰਚ ਹੋਵੇਗੀ। ਸਥਿਤੀ ਦੇ ਵਾਧੂ ਵਿਸੇਸ ਅਧਿਕਾਰਾਂ ਦੇ ਨਾਲ, ਸੁਰੱਖਿਆ ਸੇਵਾਵਾਂ ਨੂੰ ਕਿਰਾਏ 'ਤੇ ਲੈਣ ਅਤੇ ਆਵਾਜਾਈ ਦਾ ਪ੍ਰਬੰਧ ਕਰਨ ਦਾ ਆਪਣਾ ਬਦਲ ਵੀ ਹੋਵੇਗਾ। ਸੂਤਰ ਦੱਸਦੇ ਹਨ ਕਿ ਧਾਰਮਿਕ ਸੈਰ-ਸਪਾਟੇ ਨੂੰ ਸਰਗਰਮੀ ਨਾਲ ਪ੍ਰਫੁੱਲਿਤ ਕਰਨ ਲਈ ਇਸ ਪੋਰਟਲ ਦਾ ਐਲਾਨ ਕੀਤਾ ਗਿਆ ਹੈ ਅਤੇ ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਲੋਂ ਸਿੱਖ ਜਾਂ ਧਾਰਮਿਕ ਤਿਉਹਾਰਾਂ 'ਚ ਸ਼ਾਮਿਲ ਹੋਣ ਦੇ ਚਾਹਵਾਨ ਸ਼ਰਧਾਲੂਆਂ ਨੂੰ ਇਸ ਵਿਸ਼ੇ 'ਤੇ ਵੱਧ ਤੋਂ ਵੱਧ ਸਹੂਲਤਾਂ ਦੇਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 226

Website: www.preetnama.com Email preetnamausa@gmail.com

17 NOV TO 23 NOV, 2023


# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ555ਵੇਂ ਪ੍ਰਕਾਸ਼ ਪੁਰਬ ਤੇ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵੱਲੋਂ 23ਵਾਂ ਮਹਾਨ ਨਗਰ ਕੀਰਤਨ ਕੀਤਾ ਗਿਆ ਆਯੋਜਿਤ

## ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਗੁਰੂਦੁਆਰਾ ਸਾਹਿਬ ਦਾ ਵੱਡਾ ਉੱਦਮ

## ਨਿਊਯਾਰਕ ਦੀਆਂ ਸਮੂਹ ਜਥੇਬੰਦੀਆਂ ਅਤੇ ਗੁਰੂਦੁਆਰਾ ਸਾਹਿਬ ਕਮੇਟੀਆਂ ਅਤੇ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਇਸ ਨਗਰ ਕੀਰਤਨ ਵਿੱਚ ਹੋਈਆ ਸ਼ਾਮਲ

ਪੂਰੀ ਖ਼ਬਰ ਸਫ਼ਾ ਨੰ. 7-8-9 ਤੇ ਦੇਖੋ








(ਤਸਵੀਰਾਂ : ਬੀਜੇ ਸਟੂਡੀਓ)








# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 226

Website: www.preetnama.com Email preetnamausa@gmail.com

17 NOV TO 23 NOV, 2023


ਨਿਊਯਾਰਕ (ਪ੍ਰੀਤਨਾਮਾ ਬਿਓਰੋ) : ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ÷ ਧੰਨ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼ਾਂ ਵਿਦੇਸ਼ਾਂ ਵਿੱਚ ( ਜਿੱਥੇ ਜਿੱਥੇ ਨਾਨਕ ਨਾਮ ਲੇਵਾ ਸੰਗਤਾਂ ਵੱਸਦੀਆਂ ਹਨ ) ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਅਮਰੀਕਾ ਦੀ ਸਟੇਟ ਨਿਊਯਾਰਕ ਵਿੱਚ ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ 113ਵੀ ਸਟ੍ਰੀਟ ਰਿੱਚਮੰਡ ਹਿੱਲ ਨਿਊਯਾਰਕ ਦੁਆਰਾ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ। ਇਸ ਸਾਲ ਵੀ ਬੀਤੇ ਸ਼ਨੀਵਾਰ ਨਵੰਬਰ 11, 2023 ਨੂੰ ਗੁਰਦੁਆਰਾ ਸਾਹਿਬ ਦੁਆਰਾ ਨਿਊਯਾਰਕ ਦੇ ਸਮੂਹ ਗੁਰੁਦੁਆਰਾ ਸਾਹਿਬ ਕਮੇਟੀਆਂ , ਜਥੇਬੰਦੀਆਂ ਅਤੇ ਟ੍ਰਾਈ ਸਟੇਟ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਦਾ ਆਯੋਜਿਤ ਕੀਤਾ ਗਿਆ। ਗੁਰੂ ਸਾਹਿਬ ਜੀ ਦੀ ਪਾਲਕੀ ਨੂੰ ਖ਼ੂਬਸੂਰਤ ਫੁੱਲਾਂ ਨਾਲ ਸਜਾਇਆ ਗਿਆ। ਦੁਪਹਿਰ 12 ਵਜੇ ਅਰਦਾਸ ਨਾਲ ਆਰੰਭ ਹੋਇਆ ਨਗਰ ਕੀਰਤਨ ਸ਼ਾਮ ਪੰਜ ਵਜੇ ਸਮਾਮਤ ਹੋਇਆ। ਗੁਰੂਦੁਆਰਾ ਸਾਹਿਬ ਦੇ ਪ੍ਰਧਾਨ ਦਲੇਰ ਸਿੰਘ ਖ਼ਾਲਸਾ , ਜਰਨਲ ਸਕੱਤਰ ਸੁੱਖਜਿੰਦਰ ਸਿੰਘ ਰਿੰਪੀ, ਚੇਅਰਮੈਨ ਅਮਰੀਕ ਸਿੰਘ ਮੋਹਰਥਲੀ ਅਤੇ ਸਮੂਹ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਬੜੇ ਸੋਹਣੇ ਤਰੀਕੇ ਨਾਲ ਆਯੋਜਿਤ ਕੀਤਾ ਨਗਰ ਕੀਰਤਨ 114 ਸਟ੍ਰੀਟ ਤੋਂ ਚੱਲ ਕੇ ਲਿਬਰਟੀ ਸਟ੍ਰੀਟ, 101 ਐਵਨਿਊ ਤੋਂ ਹੁੰਦਾ ਹੋਇਆ 123ਵੀ ਸਟ੍ਰੀਟ ਤੇ ਪਹੁੰਚਿਆ। ਗੁਰੂ ਸਾਹਿਬ ਜੀ ਪਾਲਕੀ ਦੇ ਪਿੱਛੇ ਹਜ਼ਾਰਾਂ ਦੀ ਤਾਦਾਦ ਵਿੱਚ ਚੱਲ ਸੰਗਤਾਂ ਦਾ ਉਤਸ਼ਾਹ ਅਤੇ ਸ਼ਰਧਾ ਵੇਖ ਕੇ ਲੱਗਦਾ ਸੀ ਕਿ ਜਿਵੇਂ ਸਾਰਾ ਨਿਊਯਾਰਕ ਭਗਤੀਮਈ ਹੋ ਗਿਆ ਹੋਵੇ। ਸੰਗਤਾਂ ਲਈ ਜਗ੍ਹਾ ਜਗ੍ਹਾ ਤੇ ਜਲੇਬੀਆਂ , ਫਲ , ਜੂਸ , ਪਕੌੜੇ ਆਦਿ ਭਿੰਨ ਭਿੰਨ ਪ੍ਰਕਾਰ ਦੇ ਲੰਗਰ ਦਾ ਪ੍ਰਬੰਧ ਸੀ। ਵਲੰਟੀਅਰਾ ਅਤੇ ਸੇਵਾਦਾਰਾਂ ਨੇ ਬੜੀ ਸੋਹਣੇ ਤਰੀਕੇ ਨਾਲ ਆਪਣੀ ਸੇਵਾ ਨਿਭਾਈ। ਨਗਰ ਕੀਰਤਨ ਦਾ ਅਗਲਾ ਪੜਾਆਂ ਗੁਰੂਦੁਆਰਾ ਸਿੱਖ ਕਲਚਰਲ ਸੁਸਾਇਟੀ ਰਿੰਚਮੰਡ ਹਿੱਲ ਸੀ ਜਿੱਥੇ ਗੁਰੂਦੁਆਰਾ ਸਿੱਖ ਕਲਚਰਲ ਦੇ ਪ੍ਰਧਾਨ ਸ਼ ਭੁਪਿੰਦਰ ਸਿੰਘ ਬੋਪਰਾਏ ਅਤੇ ਕਮੇਟੀ ਵੱਲੋਂ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ । ਕਮੇਟੀ ਵੱਲੋਂ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ ਗਏ। ਇੱਥੇ ਕੁੱਝ ਬੁਲਾਰਿਆਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ । ਪੰਜ ਵਜੇ ਨਗਰ ਕੀਰਤਨ ਗੁਰੂਦੁਆਰਾ ਮੱਖਣ ਸ਼ਾਹ ਲੁਬਾਣਾ ਵਿੱਚ ਵਾਪਸ ਪਹੁੰਚਿਆ ਜਿੱਥੇ ਅਰਦਾਸ ਤੋਂ ਬਾਅਦ ਸਮਾਮਤ ਹੋ ਗਿਆ। ਗੁਰੂਦੁਆਰਾ ਸਾਹਿਬ ਪ੍ਰਧਾਨ ਸ਼ ਦਲੇਰ ਸਿੰਘ ਨੇ ਸਮੂਹ ਜਥੇਵੰਦੀਆ, ਕਮੇਟੀਆਂ , ਸੇਵਾਦਾਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਗੁਰੂ ਪਾਤਸ਼ਾਹ ਜੀ ਦੱਸੇ ਮਾਰਗ ਉੱਪਰ ਚੱਲਣ ਦੀ ਅਪੀਲ ਕੀਤੀ। ਸੰਗਤਾਂ ਆਪੋ ਆਪਣੇ ਘਰਾਂ ਪਰਤ ਗਈਆਂ ਜਿਕਰਯੋਗ ਹੈ ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖੀ ਦੇ ਪ੍ਰਸਾਰ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਹੈ। ਇਹ ਨਗਰ ਕੀਰਤਨ ਵੀ ਸਿੱਖੀ ਦੇ ਫੈਲ਼ਾਆ ਲਈ ਇੱਕ ਵੱਡਾ ਉੱਦਮ ਹੈ ਜਿਸ ਰਾਹੀ ਹਜ਼ਾਰਾਂ ਸਿੱਖ ਸੰਗਤਾਂ ਇੱਕਠਾ ਹੁੰਦੀਆਂ ਹਨ ਅਤੇ ਨਿਊਯਾਰਕ ਦੀ ਧਰਤੀ ਗੁਰੂ ਨਾਨਕ ਨਾਮ ਗੂੰਜ ਉੱਠਦੀ ਹੈ। ਵਾਹਿਗੁਰੂ ਗੁਰੂਦੁਆਰਾ ਸਾਹਿਬ ਦੀ ਕਮੇਟੀ ਨੂੰ ਚੜਦੀ ਕਲਾ ਵਿੱਚ ਰੱਖਣ ਤਾਂ ਜੋ ਸਿੱਖੀ ਦਾ ਪ੍ਰਚਾਰ ਵੱਧ ਤੋਂ ਵੱਧ ਹੋ ਸਕੇ। ਬਲਦੇਵ ਸਿੰਘ (ਬੀਜੇ ਸਟੂਡੀਓ) ਨੇ ਇਸ ਵਿਸ਼ਾਲ ਨਗਰ ਕੀਰਤਨ ਦੀ ਕਵਰੇਜ ਕੀਤੀ












(ਤਸਵੀਰਾਂ : ਬੀਜੇ ਸਟੂਡੀਓ)









# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 226

Website: www.preetnama.com Email preetnamausa@gmail.com

17 NOV TO 23 NOV, 2023



























(ਤਸਵੀਰਾਂ : ਬੀਜੇ ਸਟੂਡੀਓ)

















# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 226

Website: www.preetnama.com Email preetnamausa@gmail.com

17 NOV TO 23 NOV, 2023










(ਤਸਵੀਰਾਂ : ਬੀਜੇ ਸਟੂਡੀਓ)
















# ਅੱਜ ਆਪਣੀ ਮਾਂ ਬਾਰੇ ਕੁੱਝ

ਪ੍ਰਭਜੋਤ ਕੌਰ ਢਿੱਲੋਂ
ਮੋਬਾਈਲ ਨੰਬਰ 9815030221

ਸਿਆਣੇ ਕਹਿੰਦੇ ਨੇ "ਮਾਂਵਾਂ ਠੰਢੀਆਂ ਛਾਵਾਂ,ਛਾਵਾਂ ਕੌਣ ਕਰੇ" ,ਮਾਂਵਾਂ ਲਈ ਬਿਲਕੁੱਲ ਸਹੀ ਅਤੇ ਸੱਚ ਕਿਹਾ ਹੈ ਮਾਪਿਆਂ ਦੀ ਅਤੇ ਪ੍ਰਮਾਤਮਾਂ ਦੀ ਉਸਤਤ ਵਿੱਚ ਲਿਖਣਾ ਬੇਹੱਦ ਔਖਾ ਹੈ ਜੋ ਕੁੱਝ ਇਹ ਕਰਦੇ ਨੇ ਅਸੀਂ ਨਾ ਤਾਂ ਹਿਸਾਬ ਲਗਾ ਸਕਦੇ ਹਾਂ ਅਤੇ ਨਾ ਇੰਨਾ ਦੇ ਕੀਤੇ ਦਾ ਦੇਣਾ ਤੇ ਕਰਜ ਮੋੜ ਸਕਦੇ ਹਾਂ ਅਸੀਂ ਜਿੰਨੇ ਮਰਜ਼ੀ ਅਮੀਰ ਬਣ ਜਾਈਏ,ਪਰ ਇੰਨੇ ਅਮੀਰ ਕਦੇ ਨਹੀਂ ਹੋ ਸਕਦੇ ਕਿ ਇੰਨਾ ਦਾ ਹਿਸਾਬ ਕਰ ਸਕੀਏ ਅੱਜ ਮੈਂ ਆਪਣੀ "ਮਾਂ "ਬਾਰੇ ਕੁੱਝ ਲਿਖਣ ਦੀ ਕੋਸ਼ਿਸ਼ ਕਰਾਂਗੀ।ਆਪਣੇ ਬੀਜੀ ਲਈ ਲਿਖਣਾ,ਮੇਰੇ ਲਈ ਸੌਖਾ ਨਹੀਂ ਹੈ ਅਤੇ ਨਾ ਸਭ ਕੁੱਝ ਲਿਖਣ ਦੀ ਮੇਰੀ ਕਾਬਲੀਅਤ ਹੈ।

ਖੈਰ,ਮੈਂ ਬੀਜੀ ਦੇ ਬਚਪਨ ਤੋਂ ਸ਼ੁਰੂ ਕਰਾਂਗੀ ਬਾਪ ਦਾ ਸਾਇਆ ਬਹੁਤ ਛੋਟੀ ਉਮਰ ਵਿੱਚ ਹੀ ਸਿਰ ਤੋਂ ਉੱਠ ਗਿਆ ਵੱਡੇ ਭਰਾ ਵੀ ਭਰਵੀਂ ਜਵਾਨੀ ਵਿੱਚ ਮੌਤ ਨੇ ਖੋਹ ਲਿਆ ਵੱਡੀ ਭੈਣ ਅਤੇ ਛੋਟੇ ਭਰਾ ਦੇ ਵਿਚਕਾਰ ਮੇਰੇ ਬੀਜੀ ਪ੍ਰਿਤਪਾਲ ਸਨ ਇਸ ਹਾਲਤ ਵਿੱਚ ਮੇਰੇ ਨਾਨੀ ਜੀ ਆਪਣੇ ਪੇਕਿਆਂ ਦੇ ਘਰ ਬੱਚਿਆਂ ਨਾਲ ਆ ਗਏ ਪੜ੍ਹਿਆ ਲਿਖਿਆ ਅਤੇ ਸੰਪੰਨ ਪਰਿਵਾਰ ਸੀ ਮੇਰੇ ਬੀਜੀ ਜਾਏ ਨਾਨਾ ਜੀ ਨੂੰ ਲੋਕ ਬਾਬੂ ਜੀ ਕਹਿੰਦੇ ਸੀ ਕਿਉਂਕਿ ਉਹ ਪੜ੍ਹੇ ਲਿਖੇ ਸਨ ਬੀਜੀ ਦੇ ਵੱਡੇ ਮਾਮਾ ਜੀ ਨੇ ਵਿਦੇਸ਼ ਤੋਂ ਪੀ ਐਚ ਡੀ ਕੀਤੀ ਅਤੇ ਪ੍ਰਾਇਮਰੀ ਡਾਇਰੈਕਟਰ ਦੇ ਅਹੁਦੇ ਤੇ ਲੱਗੇ ਅਤੇ ਬਾਅਦ ਵਿੱਚ ਡਬਲਿਊ ਐਚ ਓ ਵਿੱਚ ਚਲੇ ਗਏ ਛੋਟੇ ਮਾਮਾ ਜੀ ਵੀ ਪੜ੍ਹੇ ਲਿਖੇ ਸੀ ਘਰ ਦਾ ਮਾਹੌਲ ਪੜ੍ਹਾਈ ਵਾਲਾ ਸੀ ਬੀਜੀ ਨੂੰ ਵੀ ਪੜ੍ਹਾਈ ਵਿੱਚ ਲਗਾਇਆ ਲਾਇਲਪੁਰ ਹੋਸਟਲ ਵਿੱਚ ਰਹਿਕੇ ਪੜ੍ਹੇ ਨਰਸਿੰਗ ਵਿੱਚ ਦਾਖਲਾ ਲਿਆ ਅਤੇ ਪੜ੍ਹਾਈ ਪੂਰੀ ਕਰਕੇ ਨੌਕਰੀ ਤੇ ਲੱਗੇ ਸੰਨ 1952- 53 ਵਿੱਚ ਲੜਕੀਆਂ ਦਾ ਪੜ੍ਹਨਾ ਅਤੇ ਨੌਕਰੀ ਕਰਨਾ ਬਹੁਤ ਵੱਡੀ ਗੱਲ ਸੀ ਵਿਆਹ ਵੀ ਪੜ੍ਹੇ ਲਿਖੇ ਪਰਿਵਾਰ ਵਿੱਚ ਹੋਇਆ ਮੇਰੇ ਦਾਦੀ ਜੀ ਉਸ ਵੇਲੇ ਦੇ ਮਿਡਲ ਪਾਸ ਸਨ ਅਤੇ ਦਾਦਾ ਜੀ ਫੌਜ ਵਿੱਚ ਸਨ ਇੰਨਾ ਨੇ ਆਪਣੇ ਚਾਰੇ ਪੁੱਤਰਾਂ ਨੂੰ ਪੜ੍ਹਾਇਆ ਮੇਰੇ ਪਾਪਾ ਅਧਿਆਪਕ ਸਨ ਐਮ ਏ,ਬੀ ਟੀ ਘਰ ਦਾ ਮਾਹੌਲ ਵਧੀਆ ਸੀ,ਤੰਗ ਸੋਚ ਨਹੀਂ ਸੀ,ਇਸ ਕਰਕੇ ਬੀਜੀ ਨੇ ਵਿਆਹ ਤੋਂ ਬਾਅਦ ਵੀ ਨੌਕਰੀਆਂ ਜਾਰੀ ਰੱਖੀ ਇਸ ਵਿੱਚ ਮੇਰੇ ਮਾਂ ਜੀ ਅਤੇ ਬਾਬਾ ਜੀ ਦੀ ਸ਼ਲਾਘਾ ਕਰਨੀ ਬਣਦੀ ਹੈ ਨਰਸਿੰਗ ਦੀ ਕੁੱਝ ਪੜ੍ਹਾਈ ਬੀਜੀ ਨੂੰ ਬਾਬਾ ਜੀ ਨੇ ਕਰਵਾਈ ਅੰਮ੍ਰਿਤਸਰ ਤੋ ਬੀਜੀ ਦੀ ਬਦਲੀ ਪ੍ਰਾਇਮਰੀ ਹੈਲਥ ਸੈਂਟਰ ਢਿਲਵਾਂ(ਕਪੂਰਥਲਾ) ਕਰਵਾ ਲਈ।

ਮੇਰਾ ਦਾਦਕਿਆਂ ਪਿੰਡ ਭੁੱਲਰ ਬੇਟ ਇੱਥੋਂ ਦਸ ਕੁ ਕਿਲੋਮੀਟਰ ਹੈ ਇਲਾਕੇ ਅਤੇ ਵਿਭਾਗ ਵਿੱਚ ਮਿਸਿਜ਼ ਭੁੱਲਰ ਦੀ ਇਕ ਵੱਖਰੀ ਪਹਿਚਾਣ ਸੀ(ਪ੍ਰਿਤਪਾਲ ਭੁੱਲਰ)।ਬੀਜੀ ਨੇ ਬੱਚਿਆਂ ਦੀ ਪੜ੍ਹਾਈ ਨੂੰ ਤਰਜੀਹ ਦਿੱਤੀ ਮੇਰੇ ਤਾਇਆ ਜੀ ਦੇ ਬੱਚੇ ਅਤੇ ਦੂਰ ਨੇੜੇ ਦੇ ਰਿਸ਼ਤੇਦਾਰਾਂ ਦੇ ਬੱਚਿਆਂ ਦੀ ਪੜ੍ਹਾਈ ਬਾਰੇ ਹਮੇਸ਼ਾਂ ਫਿਕਰਮੰਦ ਰਹਿੰਦਾ ਹਾਇਰ ਸੈਕੰਡਰੀ ਸਕੂਲ ਢਿਲਵਾਂ ਸੀ ਪਿੰਡੋਂ ਸਾਰਿਆਂ ਨੇ ਇੱਥੇ ਪੜ੍ਹਨ ਆਉਣਾ,ਮੈਨੂੰ ਯਾਦ ਹੈ ਕਿ ਸਾਡੇ ਘਰ ਖੂਬ ਰੌਣਕ ਲੱਗੀ ਰਹਿੰਦੀ ਸੀ ਛੋਟੀ ਬਣਾਉਣ ਵਾਲੀਆਂ ਨੇ ਰੋਟੀਆਂ ਬਣਾਈ ਜਾਣੀਆਂ ਅਤੇ ਸਕੂਲ ਜਦੋਂ ਅੱਧੀ ਛੁੱਟੀ ਹੋਣੀ ਤਾਂ ਸਾਰਿਆਂ ਨੇ ਰੋਟੀ ਖਾਣ ਭੱਜੇ ਆਉਣਾ ਰਿਸ਼ਤੇਦਾਰਾਂ ਨੇ ਦਵਾਈਆਂ ਲੈਕੇ ਘਰ ਆ ਜਾਣਾ,ਜੇਕਰ ਕੋਈ ਹਸਪਤਾਲ ਦਾਖਲ ਸੋ ਗਿਆ ਤਾਂ ਰੋਟੀ ਘਰ ਤੋਂ ਜਾਣੀ ਅਤੇ ਨਾਲ ਸੰਭਾਲਣ ਵਾਲੇ ਨੇ ਵੀ ਰੋਟੀ ਪਾਣੀ ਸਾਡੇ ਘਰ ਹੀ ਖਾਣੀ ਮੈਂ ਆਪਣੇ ਬੀਜੀ ਨੂੰ ਕਦੇ ਗੁੱਸੇ ਵਿੱਚ ਨਹੀਂ ਸੀ ਵੇਖਿਆ ਅਤੇ ਨਾ ਕਦੇ ਖਿੜਿਆ ਵੇਖਿਆ ਸੀ ਬਹੁਤ ਖੁੱਲ ਕੇ,ਖਿੜਖਿੜਾ ਕੇ ਹੱਸਦੇ।

ਜਦੋਂ ਮੈਂ ਸਕੂਲ ਜਾਣ ਲੱਗੀ ਤਾਂ ਫੁੱਟੀ ਤੇ ਪੂਰਨੇ ਬੀਜੀ ਹੀ ਪਾਕੇ ਦਿੰਦੇ ਸੀ ਬੀਜੀ ਦੀ ਲਿਖਾਈ ਬਹੁਤ ਸੋਹਣੀ ਸੀ,ਜਿਵੇਂ ਟਾਈਪ ਕੀਤਾ ਹੋਵੇ ਮੈਨੂੰ ਮਾਣ ਹੈ ਕਿ ਪੂਰਨਿਆਂ ਦਾ ਅਸਰ ਮੇਰੀ ਲਿਖਾਈ ਤੇ ਵੀ ਹੈ ਬਾਕੀ ਪੜ੍ਹਾਉਣ ਦਾ ਕੰਮ ਪਾਪਾ ਜੀ ਦਾ ਤੇ ਦਾਦੀ ਜੀ ਦਾ ਹੁੰਦਾ ਸੀ ਬੱਚਿਆਂ ਦੀ ਫੀਸ ਦੇਣ ਲੱਗਿਆਂ ਕਦੇ ਕੁੱਝ ਨਾ ਕਹਿਣਾ,ਪਾਪਾ ਜੀ ਨੇ ਕਈਆਂ ਦੀਆਂ ਫੀਸਾਂ ਦੇਣੀਆਂ,ਬੀਜੀ ਨੇ ਆਮ ਔਰਤਾਂ ਵਾਂਗ ਕਦੇ ਕਿੰਤੂ ਪ੍ਰੰਤੂ ਨਹੀਂ ਕੀਤਾ ਸੀ ਉਨ੍ਹਾਂ ਨੂੰ ਹਮੇਸ਼ਾਂ ਕਹਿੰਦੇ ਸੁਣਿਆ ਸੀ ਕਿ ਪੜ੍ਹਨ ਵਾਲੇ ਬੱਚੇ ਦੀ ਮਦਦ ਕਰਨੀ,ਬੀਮਾਰ ਦੀ ਇਮਾਨਦਾਰੀ ਨਾਲ ਸੇਵਾ ਕਰਨੀ ਹੀ ਭਗਤੀ ਹੈ ਕੋਈ ਵੀ ਪਰਿਵਾਰ ਦਾ ਬੰਦਾ ਜੇਕਰ ਆਪਣੇ ਪਰਿਵਾਰ ਜਾਂ ਰਿਸ਼ਤੇਦਾਰਾਂ ਦੀ ਮਦਦ ਕਰਨੀ ਚਾਹੁੰਦਾ ਹੋਵੇ ਤਾਂ ਸਿਰਫ਼ ਤਾਂ ਹੀ ਕਰ ਸਕਦਾ ਹੈ ਜੇਕਰ ਉਸਦੀ ਪਤਨੀ ਕਰਨ ਦੇਵੇ ਮੇਰੇ ਤਾਇਆ ਜੀ ਦਾ ਲੜਕਾ ਇਸ ਵੇਲੇ ਰਿਟਾਇਰ ਹੋ ਚੁੱਕੇ ਹਨ,ਬੀਜੀ ਦੀ ਬਹੁਤ ਇਜੱਤ ਕਰਦੇ ਹਨ ਮੈਂ ਜਦੋਂ ਵੀ ਮਿਲਣ ਪਿੰਡ ਜਾਂਦੀ ਹਾਂ ਤਾਂ ਕਹਿਣਗੇ ਜਿੰਨਾਂ ਸਾਡੀ ਚਾਚੀ ਜੀ ਨੇ ਸਾਡਾ ਕੀਤਾ ਹੈ ਅਸੀਂ ਕਦੇ ਨਹੀਂ ਭੁੱਲ ਸਕਦੇ ਜੇਕਰ ਚਾਚੀ ਜੀ ਚੰਗੇ ਸੀ ਤਾਂ ਹੀ ਚਾਚਾ ਜੀ ਸਾਰਾ ਕੁੱਝ ਕਰ ਸਕੇ ਹਨ ਇਸ ਵਕਤ ਮੇਰੇ ਬੀਜੀ ਦੀ ਉਮਰ 90 ਸਾਲ ਤੋਂ ਉਪਰ ਹੈ,ਪਰ ਸਾਰੇ ਉਨ੍ਹਾਂ ਕੋਲ ਆਉਂਦੇ ਹਨ ਪਿੰਡ ਵਿੱਚ ਵੀ ਦਵਾਈਆਂ ਮੁਫ਼ਤ ਹੀ ਦਿੰਦੇ ਸੀ ਮੈਨੂੰ ਯਾਦ ਹੈ,ਪਿੰਡ ਲੋਕਾਂ ਨੂੰ ਕੌਨੀਨ ਦੀਆਂ ਗੋਲੀਆਂ ਖਿਵਾਉਣੀਆਂ ਅਤੇ ਨਾਲ ਦੁੱਧ ਦਾ ਗਿਲਾਸ ਪਿਲਾਉਣਾ।

ਬੀਜੀ ਕਪੜਿਆਂ ਦੇ ਬਹੁਤ ਸ਼ੌਕੀਨ ਸੀ ਸਰਦੀਆਂ ਵਿੱਚ ਸੂਟਾਂ ਦੇ ਨਾਲ ਦੀਆਂ ਸਵੈਟਰ ਫਟਾ ਫੱਟ ਬੁਣ ਲੈਣੀਆਂ ਜੇਕਰ ਥੋੜ੍ਹੀ ਵੀ ਬਣਾਈ ਵਿੱਚ ਗੜਬੜ ਲੱਗਣੀ ਤਾਂ ਸਾਰੀ ਸਵੈਟਰ ਉਧੇੜ ਲੈਣੀ ਸਾਦਾ ਅਤੇ ਬਹੁਤ ਪ੍ਰਭਾਵਸ਼ਾਲੀ ਸ਼ਖਸੀਅਤ ਸੀ ਬਹਿਸ ਕਰਦਿਆਂ ਜਾਂ ਲੜਦੇ ਮੈਂ ਕਦੇ ਨਹੀਂ ਵੇਖਿਆ ਘਰ ਵਿੱਚ ਕਦੇ ਕੋਈ ਗੱਲ ਪਾਪਾ ਜੀ ਦੀ ਪਰਿਵਾਰ ਵਿੱਚ ਹੋਣੀ ਤਾਂ ਬੀਜੀ ਕਦੇ ਨਹੀਂ ਸੀ ਬੋਲਦੇ ਅੱਜ ਜਦੋਂ ਮੈਂ ਉਨ੍ਹਾਂ ਨੂੰ ਮੰਜੇ ਤੇ ਪਏ ਵੇਖਦੀ ਹਾਂ ਤਾਂ ਮੇਰਾ ਦਿਲ ਬਹੁਤ ਉਦਾਸ ਹੁੰਦਾ ਹੈ ਆਪਣੇ ਆਪ ਉਹ ਕੁੱਝ ਵੀ ਨਹੀਂ ਕਰ ਸਕਦੇ ਪਰ ਜਿੰਨਾ ਲੋਕਾਂ ਲਈ ਉਨ੍ਹਾਂ ਨੇ ਦਰਦ ਮਹਿਸੂਸ ਕੀਤਾ ਅਤੇ ਉਨ੍ਹਾਂ ਦੀ ਮਦਦ ਕੀਤੀ,ਉਨ੍ਹਾਂ ਦੀ ਸੇਵਾ ਬਹੁਤ ਵਧੀਆ ਹੋ ਰਹੀ ਹੈ ਮੇਰੀ ਛੋਟੀ ਭਾਬੀ ਉਨ੍ਹਾਂ ਨੂੰ ਬੱਚਿਆਂ ਵਾਂਗ ਸੰਭਾਲ ਰਹੀ ਹੈ ਮੈਨੂੰ ਯਾਦ ਹੈ ਮੇਰੇ ਦਾਦੀ ਸੱਸ ਦੀ ਹਾਲਤ ਖਰਾਬ ਹੋ ਗਈ। ਮੈਨੂੰ ਕਹਿਣ ਲੱਗੇ ਜਿੰਨੇ ਦਿਨ ਇੱਥੇ ਹੈ ਪਿਸ਼ਾਬ ਟੱਟੀ ਚੁੱਕਣੀ ਪੈਣੀ ਹੈ,ਮੂੰਹ ਬੁੱਲ ਨਹੀਂ ਵੱਟਣੇ ਕੀਤੀ ਸੇਵਾ ਲੱਗਦੀ ਨਹੀਂ।ਇਕ ਵਾਰ ਛੁੱਟੀ ਗਏ ਤਾਂ ਮੇਰੇ ਸੁਹਰਾ ਸਾਹਿਬ ਬੀਮਾਰ ਹੋ ਗਏ ਮੈਨੂੰ ਉਸ ਵੇਲੇ ਵੀ ਇਹ ਹੀ ਕਿਹਾ ਕਿ ਮੂੰਹ ਨਹੀਂ ਵੱਟਣਾ ਮੈਂ ਆਪਣੇ ਡੈਡੀ(ਸੁਹਰਾ) ਨੂੰ ਬਾਥਰੂਮ ਵਿੱਚ ਲੈਕੇ ਜਾਣਾ,ਬਾਹਰ ਖੜ੍ਹੇ ਰਹਿਣਾ ਅਤੇ ਫੜਕੇ ਲੈ ਆਉਣਾ ਬਹੁਤ ਖੁੱਲੇ ਸੁਭਾਅ ਦੇ ਹਨ ਖਿੜਖਿੜਾ ਕੇ ਹੱਸਣਾ ਕਦੇ ਖਾਣ ਪੀਣ ਵਿੱਚ ਚਿਕ ਚਿਕ ਨਹੀਂ ਕਰਦੇ ਵੇਖੇ ਹਮੇਸ਼ਾਂ ਇਕ ਗੱਲ ਅਜੇ ਵੀ ਕਹਿੰਦੇ ਨੇ ਕਿ ਕਦੇ ਬੁਰਾ ਨਾ ਕਰੋ ਲੜਨ ਦੀ ਥਾਂ,ਪ੍ਰਮਾਤਮਾ ਨੂੰ ਕਹੋ ਕਿ ਇਸਦਾ ਵਿਚਾਰਾਂ ਤੂੰ ਕਰ ਜਾਂ ਕਹਿਣਗੇ ਪ੍ਰਮਾਤਮਾ ਵੇਖਦਾ ਹੈ,ਆਪੇ ਫੈਸਲਾ ਕਰੇਗਾ ਅਸੀਂ ਇਮਾਨਦਾਰੀ ਨਾਲ ਅਤੇ ਮਿਹਨਤ ਕਰਦਿਆਂ ਨੌਕਰੀ ਕਰਦਿਆਂ ਵੇਖਿਆ ਹੈ,ਵਿਭਾਗ ਅਤੇ ਇਲਾਕੇ ਵਿੱਚ ਉਨ੍ਹਾਂ ਦੀ ਇਜੱਤ ਹੁੰਦੀ ਵੀ ਵੇਖੀ ਹੈ ਹੁਣ ਵੀ ਕਈ ਵਾਰ ਲੋਕ ਉਨ੍ਹਾਂ ਨੂੰ ਦੂਸਰੇ ਪਿੰਡਾਂ ਚੋ ਵੀ ਮਿਲਣ ਆਉਂਦੇ ਹਨ,ਉਹ ਵੀ ਕਾਫੀ ਬਜੁਰਗ ਹੁੰਦੇ ਹਨ ਪਰ ਜਿਵੇਂ ਉਹ ਮਿਲਦੇ ਹਨ ਤਾਂ ਸੱਚੀਂ ਲੱਗਦਾ ਹੈ ਕਿ ਅਸੀਂ ਵੀ ਨਾਲ ਬਹੁਤ ਚੰਗੇ ਕਰਮਾਂ ਵਾਲੇ ਹਾਂ ਸਾਡੇ ਇਲਾਕੇ ਵਿੱਚ ਸੰਨ1955 ਵਿੱਚ ਪਹਿਲੀ ਔਰਤ ਨੌਕਰੀ ਕਰਨ ਵਾਲੀ ਅਤੇ ਸਾਇਕਲ ਚਲਾਉਣ ਵਾਲੀ ਸਾਡੀ" ਮਾਂ "ਸੀ ਮੈਂ ਅੱਜ ਜੇਕਰ ਕੁੱਝ ਲਿਖਣ ਦੇ ਯੋਗ ਹਾਂ ਤਾਂ ਆਪਣੇ ਬੀਜੀ ਕਰਕੇ ਹਾਂ ਅਤੇ ਪਾਪਾ ਜੀ ਕਰਕੇ ਹਾਂ। ਜਿੰਨਾ ਨੇ ਹਮੇਸ਼ਾਂ ਕਿਹਾ ਹੈ ਕਿ ਆਪਣੇ ਵੱਲੋਂ ਜੋ ਵੀ ਕਰੋ ਚੰਗਾ ਕਰੋ ਜੇਕਰ ਮਦਦ ਕਰ ਸਕਦੇ ਹੋ ਤਾਂ ਜਰੂਰ ਕਰੋ ਲੋਕਾਂ ਦੀਆਂ ਗੱਲਾਂ ਦੀ ਪ੍ਰਵਾਹ ਨਾ ਕਰੋ,ਲੋਕਾਂ ਨੇ ਉਹ ਕਹਿਣਾ ਹੈ ਜਿਵੇਂ ਦੀ ਉਨ੍ਹਾਂ ਦੀ ਸੋਚ ਹੈ ਬਹੁਤ ਕੁੱਝ ਲਿਖਣ ਨੂੰ ਦਿਲ ਕਰ ਰਿਹਾ ਹੈ ਪਰ ਬਹੁਤ ਲੰਬਾ ਹੋ ਗਿਆ ਹੈ।

# ਪੰਜਾਬੀ ਮਾਂ-ਬੋਲੀ ਦਾ ਪਿਆਰਾ ਹਸਤਾਖਰ :- ਪ੍ਰੋ.ਬੀਰ ਇੰਦਰ ਸਰਾਂ

ਫਰੀਦਕੋਟ ਦੀ ਧਰਤੀ ਸਾਇਰਾਂ, ਕਵੀਆਂ ਤੇ ਫਨਕਾਰਾਂ ਦੀ ਧਰਤੀ ਹੈ ।ਜਿੱਥੇ ਅਨੇਕਾਂ ਹੀ ਪ੍ਰਸਿੱਧ ਗਾਇਕਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਨੇ ਜਨਮ ਲਿਆ ।ਜਿਨ੍ਹਾਂ ਨੇ ਦੇਸਾਂ-ਵਿਦੇਸਾਂ ਵਿਚ ਖੂਬ ਨਾਮਣਾ ਖੱਟਿਆ ।ਬਾਬਾ ਫਰੀਦ ਜੀ ਦੀ ਚਰਨ ਛੋਹ ਧਰਤੀ, ਫਰੀਦਕੋਟ ਵਾਸੀਆਂ ਲਈ ਵਰਦਾਨ ਹੈ ।ਜੋ ਵੀ ਇਸ ਧਰਤੀ ਦੀ ਗੋਦ 'ਚ ਆਉਂਦਾ, ਓਹ ਕਿਸੇ ਨਾ ਕਿਸੇ ਖੇਤਰ 'ਚ ਪ੍ਰਸਿੱਧੀ ਹਾਸਲ ਕਰਦਾ ਹੈ ।

ਪ੍ਰੋ.ਬੀਰ ਇੰਦਰ ਸਰਾਂ ਜੀ ਅੱਜਕਲ੍ਹ ਦੇ ਉੱਘੇ ਸਾਹਿਤਕਾਰਾਂ ਵਿਚੋਂ ਇੱਕ ਹਨ ।ਜੋ ਦਿਨ-ਰਾਤ ਪੰਜਾਬੀ ਮਾਂ-ਬੋਲੀ ਦੀ ਸੇਵਾ ਅਤੇ ਪ੍ਰਫੁੱਲਤਾ ਲਈ ਯਤਨਸ਼ੀਲ ਹਨ ।ਜਿੱਥੇ ਉਹ ਇੱਕ ਸਾਹਿਤਕਾਰ ਵਜੋਂ ਆਪਣੀ ਪਹਿਚਾਣ ਬਣਾ ਚੁੱਕੇ ਹਨ, ਉੱਥੇ ਉਹਨਾਂ ਦਾ ਨਾਮ ਕਾਲਜ ਅਧਿਆਪਨ ਦੇ ਖੇਤਰ ਵਿੱਚ ਵੀ ਆਪਣੀ ਵਿਲੱਖਣ ਪਹਿਚਾਣ ਰੱਖਦਾ ਹੈ ।ਉਹ ਪਿਛਲੇ ਇੱਕ ਦਹਾਕੇ ਤੋਂ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਵਿਖੇ ਬਤੌਰ ਅਸਿਸਟੈਂਟ ਪ੍ਰੋਫ਼ੈਸਰ ਸੇਵਾ ਨਿਭਾਅ ਰਹੇ ਹਨ ।ਉਹਨਾਂ ਦੇ ਪੜ੍ਹਾਏ ਹੋਏ ਵਿਦਿਆਰਥੀ, ਅਧਿਆਪਨ ਖੇਤਰ ਦੇ ਨਾਲ ਨਾਲ ਉੱਚ ਅਹੁਦਿਆਂ ਉੱਤੇ ਬਿਰਾਜਮਾਨ ਹਨ ।ਉਹ ਸਮਾਜ ਸੇਵਾ ਦੇ ਕਾਰਜਾਂ ਵਿੱਚ ਵੀ ਸਮੇਂ ਸਮੇਂ 'ਤੇ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ ।

ਪ੍ਰੋ.ਬੀਰ ਇੰਦਰ ਸਰਾਂ ਜੀ ਦਾ ਜਨਮ 10 ਅਕਤੂਬਰ 1979 ਨੂੰ ਪੰਜਾਬ ਦੇ ਮਲੋਟ ਸ਼ਹਿਰ ਵਿਖੇ ਮਾਤਾ ਗੁਰਵਿੰਦਰ ਕੌਰ ਜੀ ਦੀ ਕੁੱਖੋਂ ਹੋਇਆ ਅਤੇ ਇਹਨਾਂ ਦੇ ਪਿਤਾ ਸ੍. ਸੁਰਜੀਤ ਸਿੰਘ ਜੀ ਜੋ ਕਿ ਪੰਜਾਬ ਸਿੱਖਿਆ ਵਿਭਾਗ ਵਿੱਚੋਂ ਬਤੌਰ ਸੁਪਰਡੈਂਟ ਸੇਵਾ-ਮੁਕਤ ਹੋਏ ਹਨ ।ਜੇਕਰ ਪ੍ਰੋ. ਸਰਾਂ ਜੀ ਦੀ ਪੜ੍ਹਾਈ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਨੇ ਮੁੱਢਲੀ ਪੜ੍ਹਾਈ ਫ਼ਰੀਦਕੋਟ ਦੇ ਮਹਾਤਮਾ ਗਾਂਧੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਅਤੇ ਨਿਊ ਮਾਡਲ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ ।ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਬੀ.ਏ. ਦੀ ਡਿਗਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ (ਰਾਜਨੀਤੀ ਸਾਸਤਰ ਤੇ ਪੰਜਾਬੀ), ਸਹੀਦ ਊਧਮ ਸਿੰਘ ਕਾਲਜ ਆਫ਼ ਐਜੂਕੇਸਨ,ਸੁਨਾਮ ਤੋਂ ਬੀ.ਐਡ., ਰਿਆਤ ਬਾਹਰਾ ਕਾਲਜ ਆਫ਼ ਐਜੂਕੇਸਨ, ਖਰੜ (ਮੋਹਾਲੀ) ਤੋਂ ਐਮ.ਐਡ. ਅਤੇ ਯੂ.ਜੀ.ਸੀ. ਨੈੱਟ (ਐਜੂਕੇਸਨ) ਵਿੱਚ ਪਾਸ ਕੀਤਾ ਹੋਇਆ ਹੈ ।ਇਸ ਤੋਂ ਇਲਾਵਾ ਪੀ.ਜੀ.ਡੀ.ਸੀ.ਏ., ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਅਤੇ ਹੋਰ ਕਈ ਕੰਪਿਊਟਰ ਕੋਰਸ ਵੀ ਪਾਸ ਕੀਤੇ ਹੋਏ ਹਨ ।

Jahangirpuri was recorded at 500, under the 'severe' category, while PM 10 reached 477, also placing it under the 'severe' category. Here, the Carbon Monoxide was 90 in 'satisfactory' levels and Nitrogen Dioxide (NO2) at 16, in the 'good' category. Notably, the AQI between zero and 50 is considered 'good'; 51 and 100 'satisfactory'; 101 and 200 'moderate'; 201 and 300 'poor'; 301 and 400 'very poor'; and 401 and 500 'severe'.

# Texas Governor expected to endorse Trump for 2024 prez polls

Houston : Texas Governor Greg Abbott is expected to endorse Donald Trump for President in the 2024 election, a media report said citing sources.The sources told CNN that Abbott might make the announcement on November 19 when the former President visits the border city of McAllen. The endorsement is set to be a major boon to the Trump campaign, since the Texas Republican Governor has long been close with his counterpart in Florida Ron DeSantis, a rival of the former President in the 2024 race. During the visit to McAllen, Trump and Abbott will appear together on stage while discussing future plans to curb illegal immigration. the sources told CNN.



In recent days, the former President has upped the ante on what his immigration policies would be if he returns to the White House next year. The Republican frontrunner has publicly said he wants to revive many of his first-term immigration policies to restrict both legal and illegal immigration — including reinstating and expanding a travel ban on predominantly Muslim countries and bringing back a Covid-era policy known as Title 42 to further restrict immigration into the country.Meanwhile, the state of Texas remain locked in a hard-fought legal battle with President Joe Biden's administration over its efforts to curtain illegal immigration, CNN reported. In the latest development, Abbott is expected sign a bill that would make it a new state crime to enter Texas illegally and give local law enforcement the power to arrest and order migrants to leave the US.

# Israel to display more material from Al-Shifa Hospital raid: Official

Jerusalem : A top Israeli official said he was sure that "more and more material" will be shared from the military's search operation at Gaza's Al-Shifa Hospital, where the Jewish nation believes that the Hamas militant group operates a subterranean network of tunnels. Justifying the military operation at the enclave's largest hospital, Mark Regev, a senior adviser to Israeli Prime Minister Benjamin Netanyahu, told the BBC on Wednesday night that "international law specifically says that the minute your enemy uses a humanitarian site like a hospital for its military machine then you can target that site".

"It doesn't mean you do so lightly or irresponsibly but under international law it loses its immunity," he added. Regev's remarks came as Israeli special forces backed by additional troops conducted the "precise and targeted operation" inside the hospital against Hamas terror infrastructure at the site. The operation lasted until Wednesday evening, with the Israel Defense Forces (IDF) finding weapons and Hamas assets inside the premises, while it also interrogated people. At least five Hamas gunmen were killed by troops during a gun battle outside the hospital, The Times of Israel reported, adding that no soldiers were injured. Addressing the media, IDF spokeperson Daniel Hagari said on Wednesday night that the operation lasted some 18 hours. He said that the IDF searched the hospital premises extensively and did not rule out the possibility of getting Hamas terroists who are hiding in some areas in the facility. The Israeli military has repeatedly alleged that Palestinian armed groups operate a military compound within and underneath the Shifa Hospital. The hospital's management and the Palestinian Ministry of Health in Gaza have strongly denied these allegations and have called for an independent investigation. Presently, it remains unclear what or who remains in the complex following the Israli operation. Meanwhile, the Israeli army stressed that the military was "not overrunning" the hospital, asserting troops were conducting a "focused" operation "in a defined area" of the hospital. Though Israel believes some of the 240 hostages captured by Gaza terrorists were housed at the hospital at one time, there is no indication of hostages currently being held there. However, the IDF believes the operation may bring intelligence information on the captives. Responding to the operation, senior Hamas member Bassem Naim called it "ridiculous and worthless" and said he could not rule out that the Israeli military "brought weapons and put them in the Al-Shifa complex", the BBC reported. He said Israel's goal is to "pressure" hospitals and medical centres and to displace Gaza's population, adding that 25 hospitals in the territory are now out of service through "bombing, siege and destruction". Hamas has repeatedly denied Israeli claims that it operates from within the hospital. The Health Ministry in Gaza said that before the military raid in Al-Shifa, bombardments hit the hospital and damaged parts of it, including the specialised surgeries department, coronary care division and a warehouse. "After the troops entered, patients, staff and IDPs were reporteldy relocated within the compound," it said. The Ministry also claimed that on Wednesday, 179 bodies held at Al Shifa, which could not be evacuated or properly maintained, were buried in a mass grave inside the compound.

## Hamas demands release of 194 Palestinians held in Israeli prisons



Tel Aviv : The Hamas militant group has demanded the release of 194 Palestinians currently being held in Israeli prisons in exchange for Israeli hostages.Sources in the Israeli Foreign Ministry, who are currently in mediating efforts in Qatar, told IANS that the

Hamas's demand is especially for the women and childen langushing in Israeli jails on various charges. But the Israeli government has not approved to any such demand, informed officials said. The Qatari mediators, according to the sources, have put forward a suggestion of releasing 50 hostages kidnapped from Israel on October 7. But the Israel side has not agreed to it. Israeli Prime Minister Benjamin Netanyahu dismissed the development, saying it was just rumours and that no discussions had taken place on a possible prisoner swap

He also said that if there was any such development, the govenment would directly inform the people. Meanwhile, Defence Minister Yoav Gallant on Thursday said that the only way for the Hamas to release hostages that it captured following its massive assault on October 7, is to exert more military pressure on the terrorist group.

According to Israeli authorities, 238 people are being held captive in Gaza, including Israelis and foreign nationals. Some media reports have claimed about 30 of the hostages are children. Since the war began, Hamas has released four civilian hostages , while a female soldier was rescued by the Israeli forces. On Tuesday, Israeli sources confirmed that a soldier captured by the Hamas had been killed. The terrorist group claimed that she was among of 57 hostages killed in the ongoing Israeli airstrikes in Gaza.

## US Republicans launch Congressional Hindu Caucus

Washington : US Republican lawmakers have launched a Congressional Hindu Caucus that will be the second but largest yet for championing causes and issues related to the community of Hindu Americans. "Today I am so excited to announce the official launch of the Congressional Hindu Caucus in the US Congress," Elise Stefanik, who is the fourth ranking member of the Republican leadership in the House of Representatives, said on Wednesday an event organised by Shalabh "Shalli" Kumar, a leading Indian-American fundraiser for the the party and especially former President Donald Trump. This caucus is his initiative and has been in the making for some time. This was the second congressional caucus launched to represent Hindu Americans, who are largely Indian-descent Americans who are increasingly choosing to identify themselves by their religion rather than then their country of origin. But it also touts itself as a representative of Sikh, Jain and Buddhist communities. The caucus, which is chaired by first-term Democratic Congressman Shri Thanedar, ran into controversy off the block as Sikh Americans, who run a well-funded lobbying effort of their own, challenged its claim to represent them. It hasn't generated much support among lawmakers either. Stefanik's Hindu caucus is off to a flying start in comparison. She read out a list of 10 or so fellow Republican lawmakers who, she said, had volunteered to join the caucus but were not all present. One of them was Congresswoman Nicole Malliotakis. She came to the event to personally convey her regrets at not being able to attend. "I have a growing Indian community in my district," she said when asked by this reporter for her reason for joining the caucus. "We have a Hindu temple which I go to annually to celebrate, whether it's Diwali or some of the other holidays. And I really built a great relationship with the Hindu community and want to be able to help particularly now because of the very strategic time relationship between the US and India." Indian-Americans are a growing community with widely acknowledged financial clout with their way-above median household incomes. Their political clout has been on the ascendance as well, mostly for their donations, although many of them are also running for political offices from city councils to Congress to the White House. Increasingly now, they have wanted to be identified as Hindu Americans, which grants them constituency claims over Hindus from the Caribbeans, Nepal, Bangladesh and American converts.

## Only military pressure on Hamas will lead to release of hostages: Israel Defence Min



Tel Aviv : Israeli Defence Minister Yoav Gallant said the only way tor the Hamas to release hostages that it captured following its massive assault on October 7, is to exert more military pressure on the terrorist group.According to Israeli authorities, 238 people are being held captive in Gaza, including Israelis and foreign nationals. Some media reports have claimed about 30 of the hostages are children. Since the war began, Hamas has released four civilian hostages , while a female soldier was rescued by the Israeli forces. In a statement on Thursday morning, rhe Defence Minister said the armt will continue to attack the terror outfit and destroy its command centres. Gallant's comments came following media reports claimed that a prisoner swap was in the cards and the Hamas had agreed for the release of 50 hostages in place of a number of Palestinian women and children who are in Israeli prisons. Also reacting to the reports, Israeli Prime Minister Benjamin Netanyahu said if there was any such development, the govenment would directly inform the people and urged not to believe in rumours. On Tuesday, Israeli sources confirmed that a soldier captured by the Hamas had been killed. The terrorist group claimed that she was among of 57 hostages killed in the ongoing Israeli airstrikes in Gaza. The overall death toll in Israel as of Thursday morning stood at 1,200, which included Israelis and foreign nationals. Till date, the names of 1,162 fatalities in Israel have been released, including 859 civilians and police officers.

### 21 ਨਵੰਬਰ ਮੇਲੇ ਤੇ ਵਿਸ਼ੇਸ਼ ਲੇਖ

# ਗੀਤਕਾਰੀ ਅਤੇ ਗਾਇਕੀ ਦਾ ਧਨੀ ਦੀਦਾਰ ਸੰਧੂ

ਸੁਖਵਿੰਦਰ ਸਿੰਘ ਮੁੱਲਾਂਪੁਰ

ਅਰਸ਼ਾਂ ਦੀਆਂ ਕਲਪਨਿਕ ਉਡਾਰੀਆਂ ਲਾ ਕੇ ਉੱਥੋਂ ਦੇ ਦ੍ਰਿਸ਼
ਅਤੇ ਅਖਾਣ, ਮੁਹਾਵਰਿਆਂ ਨੂੰ ਗੀਤਾਂ ਵਿਚ ਫਿੱਟ ਕਰਨ ਵਾਲੇ ਗੀਤਕਾਰ ਅਤੇ ਗਾਇਕ ਦੀਦਾਰ ਸੰਧੂ ਜਾ ਜਨਮ 3 ਜੁਲਾਈ 1942 ਨੂੰ ਅਣਵੰਡੇ ਪੰਜਾਬ ਦੇ ਸਰਗੋਧਾ ਜਿਲ੍ਹੇ ਦੇ ਚੱਕ ਨੰਬਰ 133 ਵਿਚ ਹੋਇਆ। ਦੀਦਾਰ ਸੰਧੂ ਦੇ ਪਿਤਾ ਦਾ ਨਾਮ ਸਮੁੰਦ ਸਿੰਘ ਅਤੇ ਮਾਤਾ ਦਾ ਨਾਮ ਦਾਨ ਕੌਰ ਸੀ।

ਦੋਹਾਂ ਦੇਸ਼ਾ ਦੀ ਵੰਡ ਵੇਲੇ ਇਹ ਪ੍ਰੀਵਾਰ ਚੜ੍ਹਦੇ ਪੰਜਾਬ ਵਿਚ ਪਿੰਡ ਬੋਤਲ ਵਾਲਾ ਤਹਿਸੀਲ ਜਗਰਾਂਉ ਜਿਲ੍ਹਾ ਲੁਧਿਆਣਾ ਵਿਖੇ ਆ ਗਿਆ ਪਰ ਕੁੱਝ ਸਮੇਂ ਬਾਅਦ ਪਿੰਡ ਭਰੋਵਾਲ ਖੁਰਦ ਵਿਖੇ ਜਮੀਨ ਅਲਾਟ ਹੋਣ ਕਰਕੇ ਪੱਕੇ ਤੌਰ ਤੇ ਇਥੇ ਰਹਿਣ ਲੱਗ ਪਏ। ਇਸ ਨੇ ਸਤਵੀਂ ਤੱਕ ਦੀ ਪੜ੍ਹਾਈ ਜਗਰਾਉਂ ਸਕੂਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਬਰਸਾਲ ਹਾਈ ਸਕੂਲ ਤੋਂ ਪਾਸ ਕੀਤੀ।

ਦੀਦਾਰ ਸੰਧੂ ਦਾ ਵਿਆਹ 1966 ਵਿਚ ਜਗਰਾਉਂ ਨੇੜੇ ਪਿੰਡ ਗਾਲਿਬ ਦੀ ਅਮਰਜੀਤ ਕੌਰ ਨਾਲ ਹੋਇਆ ਜੋ ਬਹੁਤ ਹੀ ਵਧੀਆ ਸੁਭਾਹ ਦੇ ਸਨ ਘਰ ਦੀ ਜ਼ਿਮੇਵਾਰੀ ਇਹਨਾਂ ਨੇ ਸੰਭਾਲੀ ਅਤੇ ਦੀਦਾਰ ਸੰਧੂ ਨੂੰ ਕੁਦਰਤ ਵਲੋਂ ਮਿਲੀ ਗੀਤਕਾਰੀ ਅਤੇ ਗਾਇਕੀ ਦੀ ਕਲਾ ਨੂੰ ਸਰੋਤਿਆਂ ਸਾਹਮਣੇ ਰੱਖਣ ਲਈ ਵਿਹਲਾ ਕਰ ਦਿੱਤਾ।

ਦੀਦਾਰ ਸੰਧੂ ਹੋਰੀ ਪੰਜ ਭਰਾ ਸਨ ਇਹ ਸਭ ਤੋਂ ਛੋਟਾ ਸੀ। ਇਸ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟਾ ਜਗਮੋਹਣ ਸੰਧੂ ਜੋ ਵਧੀਆ ਗਾਇਕ ਹੈ ਦੀਦਾਰ ਸੰਧੂ ਦੀ ਗਾਇਕੀ ਨੂੰ ਅੱਗੇ ਤੋਰ ਰਿਹਾ ਹੈ। ਬੇਟੀ ਦੀਪਾਂ ਸੰਧੂ ਜੋ ਕਨੇਡਾ ਵਿਖੇ ਰਹਿ ਰਹੀ ਹੈ।

ਦੀਦਾਰ ਸੰਧੂ ਨੇ ਦਸਵੀਂ ਜਮਾਤ ਪਾਸ ਕਰਨ ਮਗਰੋਂ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰ ਲਈ। ਉਥੇ ਹੀ ਮਹੁੰਮਦ ਸਦੀਕ ਨੌਕਰੀ ਕਰਦਾ ਸੀ ਦੀਦਾਰ ਸੰਧੂ ਉਸ ਦੇ ਸੰਪਰਕ ਵਿਚ ਆ ਕੇ ਉਸ ਨੂੰ 1962 ਵਿਚ ਮਿਲਿਆ। ਦੀਦਾਰ ਸੰਧੂ ਨੇ ਆਪਣੇ ਲਿਖੇ ਗੀਤ ਮਹੁੰਮਦ ਸਦੀਕ ਨੂੰ ਦਿਖਾਏ। ਉਹ ਦੇਖ ਕੇ ਦੰਗ ਰਹਿ ਗਿਆ ਅੱਲੜ੍ਹ ਜਿਹੇ ਮੁੰਡੇ ਨੇ ਇਤਨੇ ਵਧੀਆ ਗੀਤ ਲਿਖੇ ਹਨ। ਉਹ ਗੀਤ ਹਨ @ਇਕ ਤੇਰਾ ਰੰਗ ਮੁਸ਼ਕੀ ਦੂਜਾ ਚਰਖਾ ਗਲੀ ਦੇ ਵਿਚ ਡਾਹਿਆ @ (ਸੋਲ੍ਹੋ) ਦੂਸਰਾ ਗੀਤ @ਜਿਹੀ ਤੇਰੀ ਗੁਤ ਦੇਖਲੀ ਜਿਹਾ ਦੇਖਿਆ ਜਰਗ ਦਾ ਮੇਲਾ @ (ਸੋਲ੍ਹੋ) ਤੀਸਰਾ ਗੀਤ @ਗੋਰੇ ਰੰਗ ਤੇ ਬਾਸਕਟ ਕਾਲੀ ਵੇਖ ਜੱਟਾ ਤੈਨੂੰ ਬੜੀ ਸਜਦੀ @ (ਦੋਗਾਣਾ ਗੀਤ ਮਹੁੰਮਦ ਸਦੀਕ ਅਤੇ ਸਵਰਨ ਲਤਾ ਦੀ ਆਵਾਜ਼ ਵਿਚ) ਇਹ ਤਿੰਨੇ ਗੀਤ 1965-66 ਵਿਚ ਰਿਕਾਰਡ ਹੋਏ। ਇਹ ਗੀਤ ਇਤਨੇ ਚੱਲੇ ਇਹਨਾਂ ਨੇ ਦੀਦਾਰ ਸੰਧੂ ਦੀ ਗੀਤਕਾਰੀ ਵਿਚ ਵਧੀਆ ਪਛਾਣ ਬਣਾ ਦਿੱਤੀ ਮਹੁੰਮਦ ਸਦੀਕ ਨੇ ਵੀ ਗਾ ਕੇ ਆਪਣਾ ਗਾਇਕੀ ਵਿਚ ਕੱਦ ਹੋਰ ਉਚਾ ਕਰ ਲਿਆ।

ਦੀਦਾਰ ਸੰਧੂ ਨੇ ਜਦੋ ਗਾਇਕੀ ਦੇ ਖੇਤਰ ਵਿਚ ਪੈਰ ਪਾਇਆ ਤਾਂ ਸਭ ਤੋਂ ਪਹਿਲਾ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾਇਆ।
੦--ਜੱਟ ਬੜਾ ਬੇਦਰਦੀ ਮੈਂ ਕਿੱਥੇਂ ਜਾਵਾਂ

ਫਿਰ ਦੀਦਾਰ ਸੰਧੂ ਦੀ ਜੋੜੀ ਸਨੇਹ ਲਤਾ ਨਾਲ ਬਣ ਗਈ ਜੋ ਬਹੁਤ ਮਕਬੂਲ ਹੋਈ। 1975 ਵਿਚ ਦੀਦਾਰ ਸੰਧੂ ਦਾ ਸਨੇਹ ਲਤਾ ਨਾਲ ਇਕ ਛੇ ਗੀਤਾਂ ਦਾ ਤਵਾ ਆਇਆ ਜਿਸ ਨੇ ਦੀਦਾਰ ਦੀ ਗੀਤਕਾਰੀ ਅਤੇ ਗਾਇਕੀ ਦਾ ਲੋਹਾ ਮੰਨਣ ਲਈ ਸਰੋਤਿਆਂ ਨੂੰ ਮਜਬੂਰ ਕਰ ਦਿੱਤਾ। ਉਸ ਵਿਚ @ਜੋੜੀ ਜਦੋ ਚੁਬਾਰੇ ਚੜ੍ਹਦੀ @ ਗੀਤ ਨੇ ਸਾਰੇ ਰਿਕਾਰਡ ਤੋੜ ਦਿੱਤੇ। ਇਹ ਗੀਤ ਅੱਜ ਵੀ ਪੁਰਾਣੀਆਂ ਯਾਦਾਂ ਨੂੰ ਤਾਜਾ ਕਰ ਰਿਹਾ ਹੈ।


ਦੀਦਾਰ ਸੰਧੂ ਦੇ ਮੁਕਤਸਰ,ਬਠਿੰਡਾ ਤੋਂ ਲੈ ਕੇ ਗੰਗਾਨਗਰ ਤੱਕ ਬਹੁਤ ਜਿਆਦਾ ਆਖਾੜੇ ਲਗਦੇ ਸਨ। ਰਸਤੇ ਵਿਚ ਕੋਟਕਪੂਰੇ ਦਾ ਰੇਲਵੇ ਫਾਟਕ ਪੈਂਦਾ ਸੀ। ਜੋ ਬਹੁਤਾ ਸਮਾਂ ਬੰਦ ਰਹਿੰਦਾ ਸੀ ਘਰ ਤੋਂ ਉਧਰ ਅਖਾੜਾ ਲਾਉਣ ਜਾਣ ਵਾਸਤੇ ਫਾਟਕ ਬੰਦ ਰਹਿਣ ਦਾ ਸਮਾਂ ਲੈ ਕੇ ਚਲਣਾ ਪੈਂਦਾ ਸੀ ਇਸ ਕਰਕੇ ਦੀਦਾਰ ਸੰਧੂ ਨੂੰ ਉਥੇ ਖੜ੍ਹ ਕੇ ਗੀਤ ਲਿਖਣਾ ਪਿਆ @ਹੁਣ ਬੰਦ ਪਿਆ ਦਰਵਾਜਾ ਜਿਉਂ ਫਾਟਕ ਕੋਟਕਪੂਰੇ ਦਾ @

1979 ਨੂੰ ਮੁੱਲਾਂਪੁਰ (ਦਾਖਾ)ਮੰਡੀ ਦੀ ਦੁਸਹਿਰਾ ਕਮੇਟੀ ਵਿਚ ਦੀਦਾਰ ਸੰਧੂ ਕਮੇਟੀ ਮੈਂਬਰ ਸੀ। ਕਮੇਟੀ ਨੇ ਰਾਮਲੀਲਾ ਨਾ ਲਗਾਉਣ ਦਾ ਫ਼ੈਸਲਾ ਕਰਕੇ ਉਤਨੇ ਦਿਨ ਦੀਦਾਰ ਸੰਧੂ ਦੀ ਰਾਤ ਨੂੰ ਅਖਾੜੇ ਲਗਾਉਣ ਦੀ ਡਿਊਟੀ ਲਗਾ ਦਿੱਤੀ ਉਸ ਟਾਇਮ ਦੀਦਾਰ ਸੰਧੂ ਨਾਲ ਪਰਮਿੰਦਰ ਸੰਧੂ ਸਹਿ ਗਾਇਕਾ ਸੀ।

ਦੀਦਾਰ ਸੰਧੂ ਨੇ ਦਿਨ ਵੇਲੇ ਗੰਗਾਨਗਰ ਵੱਲ ਅਖਾੜਾ ਲਾ ਕੇ ਆਉਣਾ ਰਾਤ ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਰਾਮਲੀਲਾ ਗਰਾਉਂਡ ਵਿਚ ਪਿੰਡਾਂ ਤੋਂ ਟਰੈਕਟਰ ਟਰਾਲੀਆਂ ਲੈ ਕੇ ਆਏ ਬੇਹਿਸਾਬ ਲੋਕਾਂ ਦੇ ਇਕੱਠ ਦਾ ਮੰਨੋਰੰਜਨ ਕਰਨਾ।

ਹਰਜਾਪ ਟਿਵਾਣਾ ਵੀ ਦੀਦਾਰ ਸੰਧੂ ਦਾ ਬਹੁਤ ਵਧੀਆ ਮਿੱਤਰ ਅਤੇ ਗੀਤਕਾਰ ਹੋਇਆ ਹੈ। ਇਕ ਦਿਨ ਮੇਰੇ ਮਨ ਵਿਚ ਖਿਆਲ ਆਇਆ ਉਸ ਨੂੰ ਮਿਲਿਆ ਜਾਵੇ ਮੈਂ ਉਸ ਨੂੰ ਮਿਲਣ ਵਾਸਤੇ ਨਾਭੇ ਕੋਲ ਜਿੰਦਲਪੁਰ ਪਿੰਡ ਚਲਿਆ ਗਿਆ। ਉਸ ਨੇ ਦੱਸਿਆ ਦੀਦਾਰ ਸੰਧੂ ਕਿਹਾ ਕਰਦਾ ਸੀ ਗੀਤ ਦੀਆਂ ਲਾਈਨਾਂ ਛੋਟੀਆਂ ਹੋਣ ਅਰਥ ਜਿਆਦਾ ਨਿਕਲਦਾ ਹੋਣਾ ਚਾਹੀਦਾ ਹੈ। ਜਿਸ ਤਰਾਂ ਹਰਜਾਪ ਟਿਵਾਣੇ ਦਾ ਲਿਖਿਆ ਗੀਤ-ਥੋਡੇ ਪਿੰਡ ਕਿਹੋ ਜਿਹੀਆਂ ਬੁੜੀਆਂ ਜੰਮਣ ਮੁੰਡੇ ਛੱਡ ਕੇ ਕੁੜੀਆਂ ਦੀਦਾਰ ਸੰਧੂ ਨੇ ਹਰਜਾਪ ਟਿਵਾਣੇ ਦੇ ਲਿਖੇ ਪੰਜ ਗੀਤ ਗਾਏ।

ਦੀਦਾਰ ਸੰਧੂ ਦੇ ਲਿਖੇ ਗੀਤ ਮਹੁੰਮਦ ਸਦੀਕ, ਰਣਜੀਤ ਕੌਰ, ਰਮੇਸ਼ ਰੰਗੀਲਾ, ਸੰਦੇਸ਼ ਕਪੂਰ,ਕਰਨੈਲ ਗਿੱਲ, ਸਵਰਨ ਲਤਾ, ਪ੍ਰੀਤੀ ਬਾਲਾ,ਬੀਰ ਚੰਦ ਗੋਪੀ,



ਨਰਿੰਦਰ ਬੀਬਾ,ਪ੍ਰੋਮੀਲਾ ਪੰਮੀ ਆਦਿ ਨੇ ਗਾਏ ਹਨ।

ਦੀਦਾਰ ਸੰਧੂ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਗਾਇਆ। ਸਨੇਹ ਲਤਾ, ਸੁਰਿੰਦਰ ਕੌਰ, ਕੁਲਦੀਪ ਕੌਰ, ਪਰਮਿੰਦਰ ਸੰਧੂ, ਅਮਰ ਨੂਰੀ, ਬਲਜੀਤ ਬੱਲੀ, ਨਰਿੰਦਰ ਬੀਬਾ, ਸੁਖਵੰਤ ਕੌਰ ਅਤੇ ਸ਼ੁਸ਼ਮਾ ਆਦਿ ਨਾਲ ਗਾਇਆ।

ਦੀਦਾਰ ਸੰਧੂ ਬਿੰਬਾ ਵਿਚ ਲਿਖਦਾ ਸੀ ਲਿਖਣ ਵੇਲੇ ਇਸ ਤਰਾਂ ਨਾਲ ਦ੍ਰਿਸ਼ ਪੇਸ਼ ਕਰਦਾ ਸੀ ਸੁਣਨ ਵਾਲੇ ਨੂੰ ਇਸ ਤਰਾਂ ਲਗਦਾ ਜੋ ਹੋ ਰਿਹਾ ਹੈ ਸਾਹਮਣੇ ਹੀ ਹੋ ਰਿਹਾ ਹੈ। ਜਿਸ ਤਰਾਂ-

੦-- ਮੇਰਾ ਉਡੇ ਡੋਰੀਆ ਮਹਿਲਾਂ ਵਾਲੇ ਘਰ ਵੇ
੦--ਤੈਨੂੰ ਬੁੱਕਦਾ ਵੇਖਣਾ ਹੋ ਕੇ ਸ਼ਰਾਬੀ ਆ ਵੇ
੦-- ਚੰਨ ਹੋ ਬੱਦਲਾਂ ਦੇ ਉਹਲੇ ਕੰਨੀਆਂ ਨੂੰ ਇੰਝ ਰੁਸ਼ਨਾਵੇ
ਕੋਈ ਗੋਟੇ ਵਾਲੀ ਚੁੰਨੀ ਅੰਬਰ ਤੇ ਸੁਟ ਸੁਕਾਵੇ
੦-- ਮੂੰਹ ਨ੍ਹੇਰੇ ਵਿਚ ਫਿਰਦੀ ਦੀ ਏਦਾ ਰੁਸ਼ਨਾਈ ਹੁੰਦੀ ਏ
ਜਿਵੇਂ ਕਿਸੇ ਨੇ ਆਲੇ ਦੇ ਵਿਚ ਜੋਤ ਜਗਾਈ ਹੁੰਦੀ ਏ


ਦੀਦਾਰ ਸੰਧੂ ਨੇ ਸਮਜਿਕ ਰਿਸ਼ਤਿਆਂ ਦਾ ਜਿਕਰ ਵੀ ਬਹੁਤ ਬਾਖੂਬੀ ਨਾਲ ਕੀਤਾ ਹੈ।

੦--ਜੇਠ ਚੰਦਰੇ ਦਾ ਕੀ
ਜਿਹਦਾ ਪੁੱਤ ਨਾ ਕੋਈ ਧੀ
ਜਾਂਦਾ ਘੁੱਟ ਕੁ ਸ਼ਰਾਬ ਪਿਛੇ ਮਰ ਨੀ
ਦੜ ਵੱਟ ਕੇ ਗੁਜਾਰਾ ਕਰ ਨੀ
੦--ਸਾਰਿਆਂ ਦੇ ਵਿੱਚੋਂ ਤੂੰ ਸਾਊ ਵੇ ਦੀਦਾਰ
ਤੇਰਾ ਘਰ ਚ@ ਨਾ ਕੋਡੀ ਜਿੰਨਾ ਮੁੱਲ ਵੇ
ਛੁੱਟ ਇਕ ਤੇਰੇ ਤੋਂ ਟੱਬਰ ਤੇਰਾ
ਦੇਣ ਵਾਲਾ ਵੱਡ ਕੇ ਨਿਊ ਦੇ
ਵਿਚ ਕੁੱਲ ਵੇ

ਅਮੀਰੀ ਅਤੇ ਗਰੀਬੀ ਦੇ ਪਾੜੇ ਦੀ ਗੱਲ ਕਰਦਾ ਜਗੀਰਦਾਰੀ ਨੂੰ ਤਾੜਨਾ ਕਰਦਾ ਹੋਇਆ ਕਹਿੰਦਾ ਹੈ- 0-
- ਮੰਨਿਆ ਗਰੀਬ ਹੁੰਦੇ ਵੱਡਿਆਂ ਦੇ ਆਸਰੇ ਤੇ
ਇਹ ਤਾਂ ਤੇਰਾ ਬਣਦਾ ਨੀ ਹੱਕ ਵੇ ਜਗੀਰਦਾਰਾ

ਦੀਦਾਰ ਸੰਧੂ ਫਿਲਮਾਂ ਤੱਕ ਵੀ ਜਾ ਪਹੁੰਚਿਆ ਸੀ ਇਸ ਨੇ ਗਭਰੂ ਪੰਜਾਬ ਦਾ ਫ਼ਿਲਮ ਵਿੱਚ ਅਮਰਨੂਰੀ ਨਾਲ ਬੋਲੀਆਂ ਪਾਈਆਂ ਸਨ। ਦੀਦਾਰ ਸੰਧੂ 16 ਫ਼ਰਵਰੀ 1991 ਨੂੰ ਇਸ ਦੁਨੀਆਂ ਤੇ ਆਪਣੀਆਂ ਪੈੜਾਂ ਪਾ ਕੇ ਅਲਵਿਦਾ ਕਹਿ ਗਿਆ। ਉਨ੍ਹਾਂ ਦਾ ਬੇਟਾ ਜਗਮੋਹਣ ਸੰਧੂ ਹਰ ਸਾਲ 21 ਨਵੰਬਰ ਨੂੰ ਭਰੋਵਾਲ ਖੁਰਦ ਜਿਲ੍ਹਾ ਲੁਧਿਆਣਾ ਵਿਖੇ ਆਪਣੇ ਖੇਤਾਂ ਵਿਚ ਮੇਲਾ ਲਗਾ ਕੇ ਆਪਣੇ ਪਿਤਾ ਦੀਦਾਰ ਸੰਧੂ ਦੀ ਯਾਦ ਨੂੰ ਤਾਜਾ ਕਰਦਾ ਹੈ। ਇਸ ਮੇਲੇ ਵਿਚ ਨਾਮਵਰ ਗਾਇਕ ਅਤੇ ਸਰੋਤੇ ਦੂਰੋਂ ਦੂਰੋਂ ਦੀਦਾਰ ਸੰਧੂ ਦੀ ਗੀਤਕਾਰੀ ਅਤੇ ਗਾਇਕੀ ਨੂੰ ਪਿਆਰ ਕਰਨ ਵਾਲੇ ਪਹੁੰਚਦੇ ਹਨ।

# ਸੁਬਰਤ ਰਾਏ ਦਾ ਦੇਹਾਂਤ : ਢਾਈ ਲੱਖ ਕਰੋੜ ਦੀ ਮਾਲਕੀ ਵਾਲੇ ਕਾਰੋਬਾਰੀ ਦੇ ਵਿਵਾਦ ਤੇ ਪਤਨ ਦੀ ਕਹਾਣੀ



ਸਹਾਰਾ ਇੰਡੀਆ ਗਰੁੱਪ ਦੇ ਮੁਖੀ ਸੁਬਰਤ ਰਾਏ ਨੇ 14 ਨਵੰਬਰ ਦੀ ਰਾਤ ਨੂੰ ਮੁੰਬਈ ਦੇ ਇੱਕ ਨਿੱਜੀ ਹਸਪਤਾਲ ਵਿੱਚ ਆਖ਼ਰੀ ਸਾਹ ਲਏ। ਸਹਾਰਾ ਨੇ ਇੱਕ ਬਿਆਨ ਜਾਰੀ ਕਰਕੇ ਦੱਸਿਆ ਕਿ ਉਹ ਹਾਈਪਰ ਟੈਂਸ਼ਨ ਅਤੇ ਡਾਇਬਟੀਜ਼ ਵਰਗੀਆਂ ਬੀਮਾਰੀਆਂ ਤੋਂ ਪੀੜਤ ਸਨ ਅਤੇ ਦਿਲ ਦਾ ਦੌਰਾ ਪੈਣ ਨਾਲ ਉਨ੍ਹਾਂ ਦੀ ਮੌਤ ਹੋਈ ਹੈ। ਬਿਆਨ ’ਚ ਕਿਹਾ ਗਿਆ ਹੈ ਕਿ 12 ਨਵੰਬਰ ਨੂੰ ਸਿਹਤ ਖਰਾਬ ਹੋਣ ਕਾਰਨ ਉਨ੍ਹਾਂ ਨੂੰ ਮੁੰਬਈ ਦੇ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਸੀ। ਬੁੱਧਵਾਰ ਨੂੰ ਉਨ੍ਹਾਂ ਦੀ ਦੇਹ ਨੂੰ ਲਖਨਊ ਦੇ ਸਹਾਰਾ ਸ਼ਹਿਰ ਲਿਆਂਦਾ ਜਾਵੇਗਾ, ਜਿੱਥੇ ਉਨ੍ਹਾਂ ਨੂੰ ਅੰਤਿਮ ਸ਼ਰਧਾਂਜਲੀ ਦਿੱਤੀ ਜਾਵੇਗੀ।

**ਸੁਬਰਤ ਰਾਏ ਤੇ ਦੇਸ਼ਾਂ ਵਿਦੇਸ਼ਾਂ ’ਚ ਜਾਇਦਾਦ**

ਸੁਬਰਤ ਰਾਏ ਦਾ ਜਨਮ 10 ਜੂਨ 1948 ਨੂੰ ਬਿਹਾਰ ਦੇ ਅਰਰਿਆ ਵਿੱਚ ਹੋਇਆ ਸੀ। ਉਨ੍ਹਾਂ ਦੀ ਸ਼ੁਰੂਆਤੀ ਪੜ੍ਹਾਈ ਕੋਲਕਾਤਾ ਦੇ ਹੋਲੀ ਚਾਈਲਡ ਸਕੂਲ ਵਿੱਚ ਹੋਈ, ਜਿਸ ਤੋਂ ਬਾਅਦ ਉਨ੍ਹਾਂ ਨੇ ਗੋਰਖਪੁਰ, ਉੱਤਰ ਪ੍ਰਦੇਸ਼ ਵਿੱਚ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਸੀ। ਗਰੁੱਪ ਦੀ ਵੈੱਬਸਾਈਟ ਮੁਤਾਬਕ ਉਨ੍ਹਾਂ ਦੇ 9 ਕਰੋੜ ਨਿਵੇਸ਼ਕ ਅਤੇ ਗਾਹਕ ਹਨ। ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕੁੱਲ ਜਾਇਦਾਦ 2 ਲੱਖ 59 ਕਰੋੜ ਰੁਪਏ ਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਕੋਲ ਪੰਜ ਹਜ਼ਾਰ ਕੈਂਪਸ ਅਤੇ 30 ਹਜ਼ਾਰ 970 ਏਕੜ ਜ਼ਮੀਨ ਹੈ। ਸੁਬਰਤ ਰਾਏ ਨੇ ਆਪਣੇ ਨਾਲ ਲੱਖਾਂ ਗਰੀਬ ਅਤੇ ਪੇਂਡੂ ਭਾਰਤੀਆਂ ਨੂੰ ਜੋੜਿਆ ਸੀ, ਜਿਨ੍ਹਾਂ ਕੋਲ ਬੈਂਕਿੰਗ ਸੁਵਿਧਾਵਾਂ ਨਹੀਂ ਸਨ ਅਤੇ ਉਨ੍ਹਾਂ ਦੇ ਸਹਾਰੇ ਦੀ ਸਹਾਰਾ ਗਰੁੱਪ ਖੜਾ ਕੀਤਾ ਗਿਆ ਸੀ। ਪਰ ਜਦੋਂ ਮਾਰਕੀਟ ਰੈਗੂਲੇਟਰੀ ਸੇਬੀ ਨੇ ਉਨ੍ਹਾਂ ਦੇ ਖ਼ਿਲਾਫ਼ ਕਦਮ ਚੁੱਕੇ ਤਾਂ ਦਹਾਕਿਆਂ ਤੋਂ ਬਣਿਆ ਸਾਮਰਾਜ ਹਿੱਲਣ ਲੱਗਿਆ ਸੀ। ਦਰਅਸਲ, ਇਹ ਮਾਮਲਾ ਸਹਾਰਾ ਗਰੁੱਪ ਦੀਆਂ ਕੰਪਨੀਆਂ ਨਾਲ ਸਬੰਧਤ ਸੀ, ਜਿਨ੍ਹਾਂ ਨੇ ਰੀਅਲ ਅਸਟੇਟ ’ਚ ਨਿਵੇਸ਼ ਦੇ ਨਾਂ ’ਤੇ ਤਿੰਨ ਕਰੋੜ ਤੋਂ ਜ਼ਿਆਦਾ ਨਿਵੇਸ਼ਕਾਂ ਤੋਂ ਕਰੀਬ 24 ਹਜ਼ਾਰ ਕਰੋੜ ਰੁਪਏ ਇਕੱਠੇ ਕੀਤੇ ਸਨ। ਇੱਕ ਸਮਾਂ ਸੀ ਜਦੋਂ ਸੁਬਰਤ ਰਾਏ ਕੋਲ ਇੱਕ ਏਅਰਲਾਈਨ, ਇੱਕ ਫਾਰਮੂਲਾ ਵਨ ਟੀਮ, ਇੱਕ ਆਈਪੀਐੱਲ ਕ੍ਰਿਕਟ ਟੀਮ, ਲੰਡਨ ਅਤੇ ਨਿਊਯਾਰਕ ਵਿੱਚ ਆਲੀਸ਼ਾਨ ਹੋਟਲ ਸਨ। ਉਨ੍ਹਾਂ ਨੇ ਆਪਣੀ ਏਅਰਲਾਈਨ, ਏਅਰ ਸਹਾਰਾ, ਜੈੱਟ ਏਅਰਵੇਜ਼ ਨੂੰ ਵੇਚ ਦਿੱਤੀ, ਜੋ ਬਾਅਦ ਵਿੱਚ ਬੰਦ ਹੋ ਗਈ। ਕਿਸੇ ਸਮੇਂ ਇਹ ਮੰਨਿਆ ਜਾਂਦਾ ਸੀ ਕਿ ਭਾਰਤੀ ਰੇਲਵੇ ਤੋਂ ਬਾਅਦ ਸਹਾਰਾ ਸਮੂਹ ਕੋਲ ਸਭ ਤੋਂ ਵੱਧ ਕਰਮਚਾਰੀ ਸਨ। ਗਰੁੱਪ ਦੇ ਕਮਚਾਰੀਆਂ ਦੀ ਗਿਣਤੀ 12 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ। ਸੁਬਰਤ ਰਾਏ ਦੇ ਦੋਸਤਾਂ ਵਿੱਚ ਫ਼ਿਲਮੀ ਸਿਤਾਰਿਆਂ ਤੋਂ ਲੈ ਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਸ਼ੁਮਾਰ ਸਨ। ਪਰ ਉਹ ਸਮਾਜਵਾਦੀ ਪਾਰਟੀ ਦੇ ਸਾਬਕਾ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੇ ਕਰੀਬੀ ਮੰਨੇ ਜਾਂਦੇ ਸਨ। ਦਸੰਬਰ 1993 ਵਿੱਚ ਜਦੋਂ ਮੁਲਾਇਮ ਸਿੰਘ ਦੁਬਾਰਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ ਤਾਂ ਰਾਏ ਨਾਲ ਉਨ੍ਹਾਂ ਦੇ ਸਬੰਧ ਹੋਰ ਗੂੜ੍ਹੇ ਹੋ ਗਏ। ਮੁਲਾਇਮ ਸਿੰਘ ਦੇ ਕਰੀਬੀ ਰਹੇ ਅਮਰ ਸਿੰਘ ਵੀ ਰਾਏ ਦੇ ਕਰੀਬੀ ਸਨ।

**ਸਹਾਰਾ ਦਾ ਪਤਨ**

ਸੁਬਰਤ ਰਾਏ ਨੂੰ 4 ਮਾਰਚ 2014 ਨੂੰ 10 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਅਦਾ ਨਾ ਕਰਨ ਕਾਰਨ ਜੇਲ੍ਹ ਜਾਣਾ ਪਿਆ ਸੀ। ਅਦਾਲਤ ਨੇ ਉਸ ਸਮੇਂ ਕਿਹਾ ਸੀ ਕਿ ਜਦੋਂ ਤੱਕ ਉਹ 5 ਹਜ਼ਾਰ ਕਰੋੜ ਰੁਪਏ ਨਕਦ ਅਤੇ 5 ਹਜ਼ਾਰ ਕਰੋੜ ਰੁਪਏ ਦੀ ਬੈਂਕ ਗਾਰੰਟੀ ਨਹੀਂ ਦਿੰਦੇ, ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾਵੇਗਾ। 2013 ਵਿੱਚ, ਸਹਾਰਾ ਸਮੂਹ ਨੇ ਸੇਬੀ ਦਫ਼ਤਰ ਨੂੰ 127 ਟਰੱਕ ਭੇਜੇ ਸਨ, ਜਿਨ੍ਹਾਂ ਵਿੱਚ ਤਿੰਨ ਕਰੋੜ ਤੋਂ ਵੱਧ ਅਰਜ਼ੀ ਪੱਤਰ ਅਤੇ ਦੋ ਕਰੋੜ ਰੀਡੈਂਪਸ਼ਨ ਵਾਊਚਰ ਸਨ। ਰਾਏ ਨੂੰ ਦੋ ਸਾਲ ਤੋਂ ਵੱਧ ਸਮਾਂ ਜੇਲ੍ਹ ਵਿੱਚ ਰਹਿਣਾ ਪਿਆ ਅਤੇ 2016 ਵਿੱਚ ਪੈਰੋਲ ’ਤੇ ਬਾਹਰ ਆਏ ਸਨ। ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਜਾਇਦਾਦ ਨਾਲ ਸਬੰਧਿਤ ਇੱਕ ਹੋਰ ਮਾਮਲੇ ਵਿੱਚ ਮੁੜ ਜੇਲ੍ਹ ਭੇਜ ਦਿੱਤਾ ਸੀ। ਸੇਬੀ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਜੇਕਰ ਸੁਬਰਤ ਨਵੰਬਰ 2020 ਵਿੱਚ 62,600 ਕਰੋੜ ਰੁਪਏ ਦਾ ਭੁਗਤਾਨ ਨਹੀਂ ਕਰਦੇ, ਤਾਂ ਉਨ੍ਹਾਂ ਦੀ ਪੈਰੋਲ ਰੱਦ ਕਰ ਦਿੱਤੀ ਜਾਵੇਗੀ। ਸਹਾਰਾ ਗਰੁੱਪ ਦੀ ਮਾਰਕੀਟ ਰੈਗੂਲੇਟਰੀ ਸੇਬੀ ਨਾਲ ਲੰਬੇ ਸਮੇਂ ਤੋਂ ਲੜਾਈ ਚੱਲ ਰਹੀ ਹੈ। ਸੇਬੀ ਨੇ ਸਹਾਰਾ ਸਮੂਹ ਨੂੰ ਨਿਵੇਸ਼ਕਾਂ ਦੇ ਪੈਸੇ ਵਾਪਸ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਸਨ ਅਤੇ ਸਾਲ 2010 ਵਿੱਚ ਸਹਾਰਾ ਸਮੂਹ ਦੀਆਂ ਦੋ ਕੰਪਨੀਆਂ ਅਤੇ ਰਾਏ ’ਤੇ ਲੋਕਾਂ ਤੋਂ ਪੈਸਾ ਇਕੱਠਾ ਕਰਨ ’ਤੇ ਪਾਬੰਦੀ ਲਗਾ ਦਿੱਤੀ ਗਈ ਸੀ।

**ਸਹਾਰਾ ਟੀਮ ਇੰਡੀਆ ਦਾ ਸਪਾਂਸਰ ਸੀ**

ਸਹਾਰਾ ਗਰੁੱਪ 2001 ਤੋਂ 2013 ਤੱਕ ਟੀਮ ਇੰਡੀਆ ਦਾ ਸਪਾਂਸਰ ਰਿਹਾ ਸੀ। ਸਹਾਰਾ ਦੀ ਟੀਮ ਪੁਣੇ ਵਾਰੀਅਰਜ਼ ਨੇ 2011 @ਚ ਆਈਪੀਐੱਲ ਵਿੱਚ ਐਂਟਰੀ ਕੀਤੀ ਸੀ। ਸਾਲ 2013 ਵਿੱਚ ਸਹਾਰਾ ਗਰੁੱਪ ਦੀ ਵਿੱਤੀ ਹਾਲਤ ਖ਼ਰਾਬ ਹੋਣ ਤੋਂ ਬਾਅਦ ਇਹ ਸਮਝੌਤਾ ਖ਼ਤਮ ਕਰ ਦਿੱਤਾ ਗਿਆ ਸੀ।

**ਪੁੱਤਾਂ ਦੇ ਵਿਆਹ ਚਰਚਾ ਦਾ ਵਿਸ਼ਾ ਬਣੇ**

ਸੁਬਰਤ ਰਾਏ ਬਾਲੀਵੁੱਡ ਦੇ ਮਹਾਨਾਇਕ ਅਮਿਤਾਭ ਬੱਚਨ ਨੂੰ ਆਪਣਾ ਦੋਸਤ ਕਹਿੰਦੇ ਸਨ ਅਤੇ ਬਰਤਾਨੀਆਂ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨਾਲ ਨੇੜਤਾ ਜ਼ਾਹਰ ਕਰਦੇ ਨਜ਼ਰ ਆਉਂਦੇ ਸਨ। 2004 ਵਿੱਚ ਸੁਬਰਤ ਰਾਏ ਦੇ ਦੋ ਪੁੱਤਰਾਂ ਦਾ ਵਿਆਹ ਹੋਇਆ ਸੀ। ਇਹ ਵਿਆਹ ਸਮਾਗਮ ਕਰੀਬ ਦੋ ਹਫ਼ਤੇ ਤੱਕ ਚਲੇ ਸਨ। ਇਸ ਨੂੰ ਸਦੀ ਦਾ ਸਭ ਤੋਂ ਚਰਚਿਤ ਭਾਰਤੀ ਵਿਆਹ ਦੱਸਿਆ ਗਿਆ ਸੀ ਅਤੇ ਇਹ ਵਿਆਹ ਸਮਾਗਮ ਕਈ ਦਿਨਾਂ ਤੱਕ ਸੁਰਖ਼ੀਆਂ ’ਚ ਰਿਹਾ ਸੀ। ਵਿਆਹ ਵਿੱਚ ਕਰੀਬ ਦਸ ਹਜ਼ਾਰ ਲੋਕ ਸ਼ਾਮਲ ਹੋਏ ਸਨ। ਇਨ੍ਹਾਂ ਵਿੱਚ ਕਾਰੋਬਾਰੀ ਹਸਤੀਆਂ, ਬਾਲੀਵੁੱਡ ਸਿਤਾਰੇ, ਕ੍ਰਿਕਟ ਖਿਡਾਰੀ ਅਤੇ ਫੈਸ਼ਨ ਜਗਤ ਦੇ ਦਿੱਗਜਾਂ ਨੇ ਹਿੱਸਾ ਲਿਆ ਸੀ। ਵਿਆਹ ਵਿੱਚ ਸ਼ਿਰਕਤ ਕਰਨ ਵਾਲੇ ਮਹਿਮਾਨਾਂ ਨੂੰ ਖ਼ਾਸ ਜਹਾਜ਼ ਰਾਹੀਂ ਲਖਨਊ ਲਿਜਾਇਆ ਗਿਆ। ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੀ ਨਵੇਂ ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦੇਣ ਪਹੁੰਚੇ ਸਨ।

## ‘ਉਹ ਹਮੇਸ਼ਾਂ ਮੇਰੇ ਨਾਲ ਖੜੇ ਰਹੇ’- ਯੁਵਰਾਜ ਸਿੰਘ

ਸਾਬਕਾ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਲਿਖਿਆ ਕਿ ਸੁਬਰਤ ਰਾਏ ਦੇ ਦੇਹਾਂਤ ਦੀ ਖਬਰ ਸੁਣ ਕੇ ਉਨ੍ਹਾਂ ਨੂੰ ਦੁੱਖ ਹੋਇਆ। ਉਨ੍ਹਾਂ ਨੇ ਲਿਖਿਆ ਕਿ ਉਹ ਇੱਕ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰਦਿਆਂ ਕਦੇ ਹਾਰ ਨਹੀਂ ਮੰਨੀ। ਯੁਵਰਾਜ ਨੇ ਲਿਖਿਆ, ਜਦੋਂ ਮੈਨੂੰ ਕੈਂਸਰ ਹੋਇਆ, ਉਹ ਉਨ੍ਹਾਂ ਕੁਝ ਲੋਕਾਂ ਵਿੱਚੋਂ ਇੱਕ ਸੀ ਜੋ ਮੇਰੇ ਨਾਲ ਖੜੇ ਸਨ। ਉਹ ਹਮੇਸ਼ਾ ਮੇਰੇ ਅਤੇ ਮੇਰੇ ਪਰਿਵਾਰ ਦੇ ਬਹੁਤ ਨੇੜੇ ਸੀ। ਉਹ ਅਜਿਹੇ ਵਿਅਕਤੀ ਸਨ, ਜਿਨ੍ਹਾਂ ਤੋਂ ਅਸੀਂ ਸਿੱਖਦੇ ਹਾਂ। ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਪੋਸਟ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਨੇ ਲਿਖਿਆ, ਸਹਾਰਾ ਸ਼੍ਰੀ ਸੁਬਰਤ ਰਾਏ ਜੀ ਦਾ ਦੇਹਾਂਤ ਉੱਤਰ ਪ੍ਰਦੇਸ਼ ਅਤੇ ਦੇਸ਼ ਲਈ ਇੱਕ ਭਾਵਨਾਤਮਕ ਘਾਟਾ ਹੈ ਕਿਉਂਕਿ ਉਹ ਇੱਕ ਬਹੁਤ ਹੀ ਸਫਲ ਕਾਰੋਬਾਰੀ ਹੋਣ ਦੇ ਨਾਲ-ਨਾਲ ਇੱਕ ਵੱਡੇ ਦਿਲ ਵਾਲੇ ਤੇ ਇੱਕ ਬਹੁਤ ਹੀ ਸੰਵੇਦਨਸ਼ੀਲ ਵਿਅਕਤੀ ਵੀ ਸਨ ਜਿਨ੍ਹਾਂ ਨੇ ਅਣਗਿਣਤ ਲੋਕਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਦਾ ਸਹਾਰਾ ਬਣੇ। ਦਿਲੋਂ ਸ਼ਰਧਾਂਜਲੀ !

# ਕਹਾਣੀ ਫ਼ੌਜੀ ਵੀਰਾਂ ਦੀ ਦਰਿਆਦਿਲੀ



ਮੈਂ ਤੇ ਮੇਰਾ ਦੋਸਤ ਸੁਖਦੀਪ ਬੜੀ ਤੇਜ਼ੀ ਨਾਲ ਰੇਲਵੇ ਸਟੇਸ਼ਨ ਅੰਦਰ ਦਾਖਲ ਹੋਏ। ਅਸੀਂ ਦਿੱਲੀ ਜਾਣਾ ਸੀ। ਰੇਲਗੱਡੀ ਦੇ ਚੱਲਣ ਦਾ ਸਮਾਂ ਹੋਣ ਹੀ ਵਾਲਾ ਸੀ। ਲੋਕ ਵਾਹੋ-ਦਾਹੀ ਰੇਲਗੱਡੀ ਦੇ ਡੱਬਿਆਂ ਵੱਲ ਭੱਜ ਰਹੇ ਸਨ ਤੇ ਸੀਟ ਹਥਿਆਉਣ ਲਈ ਜੱਦੋ ਜਹਿਦ ਕਰ ਰਹੇ ਸਨ। ਗੱਡੀ ਦੇ ਪਿਛਲੇ ਹਿੱਸੇ ਵਿਚ ਲੱਗੇ ਜਨਰਲ ਡੱਬਿਆਂ ਵਿਚ ਖ਼ਾਸੀ ਭੀੜ ਸੀ। ਇਨ੍ਹਾਂ ਡੱਬਿਆਂ ਵਿਚ ਬੈਠਣ ਨੂੰ ਤਾਂ ਕੀ, ਪੈਰ ਟਿਕਾਉਣ ਲਈ ਵੀ ਕਿਤੇ ਥਾਂ ਨਹੀਂ ਸੀ। ਅਸੀਂ ਵੀ ਇਨ੍ਹਾਂ ਜਨਰਲ ਡੱਬਿਆਂ ਵਿਚ ਚੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਕਾਫੀ ਕੋਸ਼ਿਸ਼ ਤੋਂ ਬਾਅਦ ਵੀ ਸਫਲ ਨਾ ਹੋਏ।

ਮੇਰੇ ਦੋਸਤ ਸੁਖਦੀਪ ਨੇ ਸਲਾਹ ਦਿੱਤੀ ਕਿ ਆਪਾਂ ਨੂੰ ਰੇਲਗੱਡੀ ਦੇ ਅਗਲੇ ਪਾਸੇ ਦੇ ਜਨਰਲ ਡੱਬਿਆਂ ਵੱਲ ਜਾ ਕੇ ਦੇਖਣਾ ਚਾਹੀਦਾ ਹੈ, ਸ਼ਾਇਦ ਸੀਟ ਮਿਲ ਜਾਵੇ। ਅਸੀਂ ਭੱਜਦੇ ਹੋਏ ਰੇਲਗੱਡੀ ਦੇ ਅਗਲੇ ਪਾਸੇ ਇੰਜਣ ਨਾਲ ਜੁੜੇ ਜਨਰਲ ਡੱਬਿਆਂ ਤੱਕ ਪਹੁੰਚੇ, ਪਰ ਉਨ੍ਹਾਂ ਡੱਬਿਆਂ ਦਾ ਵੀ ਭੀੜ ਨਾਲ ਬੁਰਾ ਹਾਲ ਸੀ। ਉਹ ਸਵਾਰੀਆਂ ਨਾਲ ਨੱਕੋ-ਨੱਕ ਭਰ ਚੁੱਕੇ ਸਨ। ਅਸੀਂ ਇੱਧਰ ਉੱਧਰ ਹੋਰ ਡੱਬਿਆਂ ਵੱਲ ਨਜ਼ਰ ਦੁੜਾਉਣ ਲੱਗੇ। ਸਾਡੀ ਨੇੜਲੇ ਇਕ ਡੱਬੇ ਤੇ ਨਜ਼ਰ ਗਈ, ਜੋ ਲਗਭਗ ਖ਼ਾਲੀ ਹੀ ਜਾਪਦਾ ਸੀ। ਅਸੀਂ ਆਪਣਾ ਸਮਾਨ ਚੁੱਕਿਆ ਤੇ ਚੁੱਪ-ਚਾਪ ਉਸ ਡੱਬੇ ਵਿਚ ਜਾ ਕੇ ਬੈਠ ਗਏ। ਕੁਝ ਸੈਕਿੰਡ ਬਾਅਦ ਹੀ ਰੇਲਗੱਡੀ ਲੰਬੀ ਕੂਕ ਮਾਰ ਕੇ ਚੱਲ ਪਈ। ਅਸੀਂ ਆਰਾਮ ਨਾਲ ਸੀਟ ਤੇ ਬੈਠੇ ਤੇ ਆਪਸ ਵਿਚ ਗੱਲਾਂ ਕਰਨ ਲੱਗ ਪਏ।

ਯਾਰ, ਲੋਕਾਂ ਦੀ ਵੀ ਕਮਾਲ ਹੀ ਹੈ, ਵੇਖ ਆਹ ਡੱਬਾ ਵੀ ਤਾਂ ਬਿਲਕੁਲ ਖਾਲ੍ਹੀ ਵਰਗਾ ਹੀ ਸੀ, ਪਰ ਪਤਾ ਨਹੀਂ ਲੋਕ ਇਸ ਡੱਬੇ ਵੱਲ ਕਿਉਂ ਨਹੀਂ ਆਏ, ਦੇਖ ਆਪਾਂ ਨੂੰ ਵਧੀਆ ਸੀਟ ਮਿਲ ਗਈ , ਮੈਂ ਆਪਣੇ ਦੋਸਤ ਨਾਲ ਗੱਲ ਸ਼ੁਰੂ ਕਰਦਿਆਂ ਕਿਹਾ।

ਹਾਂ ਬਾਈ, ਲੋਕਾਂ ਦੀ ਭੇਡ-ਚਾਲ ਹੁੰਦੀ ਹੈ, ਜਿੱਧਰ ਨੂੰ ਚੱਲ ਪੈਣ, ਬਿਨਾਂ ਦੇਖੇ-ਭਾਲੇ ਭੀੜ ਵੱਲ ਨੂੰ ਹੀ ਜਾਂਦੇ ਐ , ਮੇਰੇ ਦੋਸਤ ਸੁਖਦੀਪ ਨੇ ਸੀਟ 'ਤੇ ਠੀਕ ਹੁੰਦੇ ਹੋਏ ਮੇਰੇ ਵੱਲ ਮੂੰਹ ਕਰਦਿਆਂ ਕਿਹਾ।

ਅਸੀਂ ਆਪਣੇ ਆਪ ਵਿਚ ਬੜੇ ਮਸਤ ਸੀ ਤੇ ਆਪਣੇ ਆਪ ਨੂੰ ਬੜਾ ਬਹਾਦੁਰ ਸਮਝ ਰਹੇ ਸਾਂ, ਕਿਉਂਕਿ ਇਨ੍ਹੀਂ ਭੀੜ ਵਿਚ ਵੀ ਸਾਨੂੰ ਬੈਠਨ ਲਈ ਸੀਟ ਮਿਲ ਗਈ ਸੀ। ਵੈਸੇ ਵੀ ਜੇਕਰ ਸਵਾਰੀਆਂ ਨਾਲ ਭਰੀ ਬੱਸ ਜਾਂ ਰੇਲਗੱਡੀ ਵਿਚ ਬੈਠਣ ਨੂੰ ਸੀਟ ਮਿਲ ਜਾਵੇ ਤਾਂ ਸੀਟ ਤੇ ਬੈਠਨ ਦਾ ਵਖਰਾ ਜਿਹਾ ਸੁਆਦ ਆਉਂਦਾ ਹੈ ਤੇ ਮਨੁੱਖ ਆਪਣੇ ਆਪ ਨੂੰ ਹੋਰਨਾਂ ਨਾਲੋਂ ਜਿਆਦਾ ਖੁਸ਼ਕਿਸਮਤ ਸਮਝਦਾ ਹੈ। ਅਸੀਂ ਵੀ ਸੀਟ ਮਿਲਣ 'ਤੇ ਰਾਜਭਾਗ ਜਿੰਨੀ ਪ੍ਰਾਪਤੀ ਦਾ ਅਨੰਦ ਮਾਣ ਰਹੇ ਸਾਂ। ਅਸੀਂ ਅਜੇ ਗੱਲਾਂ ਕਰ ਹੀ ਰਹੇ ਸਾਂ ਕਿ ਇੱਕ ਵੱਡੇ ਸਾਰੇ ਲੋਹੇ ਦੇ ਟਰੰਕ ਚੁੱਕੀ ਇੱਕ ਉੱਚਾ-ਲੰਬਾ ਨੌਜਵਾਨ ਡੱਬੇ 'ਚ ਆਇਆ ਤੇ ਸਾਡੇ ਸਾਹਮਣੇ ਵਾਲੀ ਸੀਟ 'ਤੇ ਆ ਕੇ ਬੈਠ ਗਿਆ। ਅਸੀਂ ਉਸ ਨੌਜਵਾਨ ਵੱਲ ਜਿਆਦਾ ਧਿਆਨ ਨਾ ਦਿੱਤਾ ਤੇ ਇੱਧਰ-ਉੱਧਰ ਦੇਖਦੇ ਮਸਤੀ ਜਿਹੀ ਕਰਦੇ ਰਹੇ।

ਸਾਡੀ ਸਾਹਮਣੀ ਸੀਟ 'ਤੇ ਬੈਠਾ ਉਹ ਨੌਜਵਾਨ ਸਾਡੇ ਵੱਲ ਬੜੀ ਗਹੁ ਨਾਲ ਦੇਖ ਰਿਹਾ ਸੀ। ਉਹ ਸਾਡੇ ਨਾਲ ਗੱਲਬਾਤ ਕਰਨ ਦਾ ਇੱਛੁਕ ਜਾਪਦਾ ਸੀ, ਪਰ ਗੱਲਬਾਤ ਸ਼ੁਰੂ ਕਰਨ ਦਾ ਉਸ ਨੂੰ ਢੁੱਕਵਾਂ ਬਹਾਨਾ ਨਹੀਂ ਮਿਲ ਰਿਹਾ ਸੀ। ਕੁੱਝ ਸਮੇਂ ਬਾਅਦ ਉਸਨੇ ਆਪਣੇ ਨਾਲ ਲਿਆਂਦੀ ਰੋਟੀ ਦਾ ਟਿਫਨ ਖੋਲ੍ਹ ਲਿਆ। ਉਸ ਨੂੰ ਟਿਫਨ ਖੋਲ੍ਹਦਿਆਂ ਦੇਖ ਸਾਡੀ ਵੀ ਭੁੱਖ ਜਾਗ ਪਈ ਤੇ ਅਸੀਂ ਵੀ ਘਰੋਂ ਲਿਆਂਦੇ ਪਰੌਂਠਿਆਂ ਦਾ ਪੌਣਾ ਖੋਲ੍ਹ ਕੇ ਚੌਂਕੜੀਆਂ ਮਾਰ ਬੈਠ ਗਏ।

ਜਵਾਨੋ, ਕਿਸੇ ਚੀਜ਼ ਦੀ ਜਰੂਰਤ ਹੋਵੇ ਤਾਂ ਸੰਗਿਓ ਨਾ, ਮੰਗ ਲਿਓ (ਰੋਟੀ ਦੀ ਬੁਰਕੀ ਤੋੜ ਕੇ ਮੂੰਹ 'ਚ ਪਾ ਕੇ) ਆਪਣਾ ਜਿਆਦਾ ਸਮਾਂ ਤਾਂ ਸਾਥੀ ਜਵਾਨਾਂ ਨਾਲ ਹੀ ਲੰਘਦੈ, ਘਰ ਵਾਲੇ ਤਾਂ ਬਸ ਦਹਲੀਜ ਤੱਕ ਹੀ ਸਾਥ ਹੁੰਦੇ ਐ, ਬੈਰਕਾਂ ਵਿਚ ਤਾਂ ਨਾਲ ਦੇ ਸਾਥੀ ਹੀ ਨਿਭਦੇ ਐ , ਨੌਜਵਾਨ ਨੇ ਪਾਣੀ ਦੀ ਬੋਤਲ ਚੁੱਕਦਿਆਂ ਕਿਹਾ।

ਥੈਂਕ ਯੂ ਭਰਾ, ਅਸੀਂ ਵੀ ਘਰੋਂ ਲੂਣ-ਮਿਰਚ ਵਾਲੇ ਪਰੌਂਠੇ ਬਣਵਾ ਕੇ ਲਿਆਏ ਹਾਂ, ਸਾਨੂੰ ਤਾਂ ਇਹੀ ਬਹੁਤ ਨੇ, ਤੁਸੀਂ ਦਸੋ ਜੇਕਰ ਘਰੋਂ ਲਿਆਂਦੇ ਦੇਸੀ ਘਿਓ ਦੇ ਪਰੌਂਠੇ ਦਾ ਸੁਆਦ ਲੈਣਾ , ਮੈਂ ਇਕ ਪਰੌਂਠਾ ਉਸ ਨੌਜਵਾਨ ਵੱਲ ਕਰਦੇ ਹੋਏ ਕਿਹਾ।

ਧੰਨਵਾਦ ਜੀਓ, ਹੁਣ ਤਾਂ ਅਨੰਦ ਹੋ ਗਿਆ (ਟਿਫਨ ਨੂੰ ਬੰਦ ਕਰਦੇ ਹੋਏ) ਕਿੱਥੇ ਪੋਸਟਿੰਗ ਹੈ ਤੁਹਾਡੀ, ਕਿਹੜੀ ਬਟਾਲੀਅਨ 'ਚ ਹੋ ?, ਨੌਜਵਾਨ ਨੇ ਸੀਟ ਤੋਂ ਉੱਠ ਕੇ ਟਿਫਨ ਬੈਗ 'ਚ ਪਾਉਂਦੇ ਹੋਏ ਸਵਾਲ ਕੀਤਾ।

ਸਾਡੀ ਕਿਹੜੀ ਬਟਾਲੀਅਨ ਤੇ ਕਿੱਥੇ ਪੋਸਟਿੰਗ ਹੋਣੀ ਹੈ ਬਾਈ, ਅਸੀਂ ਤਾਂ ਆਮ ਜਿਹੇ ਪਾੜ੍ਹੂ ਮੁੰਡੇ ਹਾਂ , ਮੈਂ ਥੋੜਾ ਜਿਹਾ ਹੈਰਾਨ ਹੁੰਦਿਆਂ ਉਸ ਨੂੰ ਜਵਾਬ ਦਿੱਤਾ।

ਜੇਕਰ ਤੁਸੀਂ ਕਿਸੇ ਬਟਾਲੀਅਨ ਦੇ ਫੌਜ਼ੀ ਨਹੀਂ ਤਾਂ ਫਿਰ ਇੱਥੇ ਕਿਵੇਂ ਬੈਠੇ ਹੋ, ਤੁਹਾਨੂੰ ਨਹੀਂ ਪਤਾ ਇਹ ਡੱਬਾ ਤਾਂ ਫੌਜ਼ੀਆਂ ਲਈ ਰਿਜ਼ਰਵ ਹੈ , ਉਸ ਨੌਜਵਾਨ ਨੇ ਸਾਨੂੰ ਖਾਲ੍ਹੀ ਡੱਬੇ ਦੀ ਅਸਲੀਅਤ ਤੋਂ ਜਾਣੂ ਕਰਵਾਉਂਦਿਆਂ ਹੋਇਆ ਕਿਹਾ।

ਬਾਈ, ਫੇਰ ਕੀ ਹੋ ਗਿਆ, ਅਸੀਂ ਫੌਜੀਆਂ ਵਾਲੇ ਡੱਬੇ ਚ ਬੈਠ ਗਏ, ਇਹ ਡੱਬਾ ਵੀ ਤਾਂ ਦੂਸਰੇ ਡੱਬਿਆਂ ਵਾਂਗ ਹੀ ਹੈ ਅਤੇ ਦਿੱਲੀ ਹੀ ਜਾ ਰਿਹੈ , ਸੁਖਦੀਪ ਨੇ ਆਪਣਾ ਪੱਖ ਸਪਸ਼ਟ ਕਰਦਿਆਂ ਹੋਇਆ ਕਿਹਾ।

ਜਵਾਨੋ, ਸ਼ਾਇਦ ਤੁਹਾਨੂੰ ਨਹੀਂ ਪਤਾ, ਫੌਜੀਆਂ ਵਾਲੇ ਡੱਬੇ ਵਿਚ ਕੇਵਲ ਫੌਜੀ ਹੀ ਬੈਠ ਸਕਦੇ ਹਨ, ਹੋਰ ਆਮ ਬੰਦਾ ਇਸ ਡੱਬੇ ਵਿਚ ਬੈਠਣਾ ਅਲਾਓ ਨਹੀਂ ਹੁੰਦਾ, ਜਾਸੂਸੀ ਦਾ ਕੇਸ ਬਣ ਸਕਦੈ, ਜੇ ਕਿਸੇ ਫੌਜੀ ਅਧਿਕਾਰੀ ਨੂੰ ਪਤਾ ਲੱਗ ਗਿਆ ਤਾਂ ਉਸ ਨੇ ਚਲਦੀ ਰੇਲ 'ਚੋਂ ਤੁਹਾਨੂੰ ਤੁਹਾਡੇ ਸਮਾਨ ਸਮੇਤ ਵਗਾ ਕੇ ਬਾਹਰ ਮਾਰਨਾ। ਜਿਹ ਬਾਹਰ ਨਾ ਸੁੱਟਿਆ ਤਾਂ ਜੇਲ੍ਹ ਦੀਆਂ ਰੋਟੀਆਂ ਖਾਣੀਆਂ ਪੈਣਗੀਆਂ , ਉਸ ਨੌਜਵਾਨ ਫੌਜੀ ਨੇ ਸਾਨੂੰ ਸੁਚੇਤ ਕਰਦਿਆਂ ਦੱਸਿਆ।

ਨੌਜਵਾਨ ਫੌਜੀ ਦੀ ਗੱਲ ਸੁਣ ਕੇ ਮੈਂ ਤੇ ਮੇਰਾ ਸਾਥੀ ਸੁਖਦੀਪ ਇੱਕ ਦੂਜੇ ਦੇ ਮੂੰਹ ਵੱਲ ਦੇਖਣ ਲੱਗ ਪਏ। ਸਾਡੇ ਮਨਾਂ ਵਿਚ ਡਰ ਬੈਠ ਗਿਆ, ਪਰ ਹੁਣ ਕੀ ਹੋ ਸਕਦਾ ਸੀ। ਅਸੀਂ ਇਸ ਚਿੰਤਾ ਵਿਚ ਸਾਂ ਕਿ ਜੇਕਰ ਸਾਡੀ ਅਸਲੀਅਤ ਦਾ ਕਿਸੇ ਹੋਰ ਫੌਜੀ ਵੀਰ ਨੂੰ ਪਤਾ ਲੱਗ ਗਿਆ ਤਾਂ ਬਹੁਤ ਮੁਸ਼ਿਕਲ ਹੋ ਜਾਣੀ ਹੈ। ਅਸੀਂ ਸੰਭਾਵੀ ਖਤਰੇ ਤੋਂ ਬਚਣਾ ਚਾਹੁੰਦੇ ਸਾਂ।

ਬਾਈ, ਲੱਗਦਾ ਸਾਡੇ ਕੋਲੋਂ ਗਲਤੀ ਹੋ ਗਈ, ਅਸੀਂ ਤਾਂ ਖਾਲੀ ਡੱਬਾ ਵੇਖ ਕੇ ਬੈਠ ਗਏ, ਹੁਣ ਕੀ ਕਰੀਏ ?ਤੁਸੀਂ ਦੱਸੋ ਬਾਈ, ਤੁਸੀਂ ਹੀ ਬਚਾ ਸਕਦੇ ਹੋਂ, ਨਾਲੇ ਤੁਸੀਂ ਤਾਂ ਸਾਡੇ ਏਰੀਏ ਦੇ ਹੀ ਲੱਗਦੇ ਹੋ , ਮੈਂ ਡਰ ਨਾਲ ਨੌਜਵਾਨ ਫੌਜੀ ਦੀ ਮਿੰਨਤ ਕਰਦੇ ਪੁੱਛਿਆ।

ਜਵਾਨੋ, ਗਲਤੀ ਤਾਂ ਤੁਸੀਂ ਕਰ ਚੁੱਕੇ ਹੋ, ਮੈ ਤੁਹਾਡੀ ਹਾਮੀ ਵੀ ਨਹੀਂ ਭਰ ਸਕਦਾ ਕਿਉਂਕਿ ਮੇਰੀ ਵੀ ਨੌਕਰੀ ਦਾ ਸਵਾਲ ਹੈ। ਹੁਣ ਕੁਝ ਕੁ ਮਿੰਟਾਂ 'ਚ ਟ੍ਰੇਨ ਅਗਲੇ ਸਟੇਸ਼ਨ 'ਤੇ ਰੁਕਣ ਵਾਲੀ ਹੈ, ਇਥੋਂ ਵੀ ਹੋਰ ਫੌਜੀ ਇਸ ਡੱਬੇ 'ਚ ਚੜਨਗੇ, ਜੇਕਰ ਤੁਸੀਂ ਹੁਣ ਇਸ ਡੱਬੇ 'ਚੋਂ ਉੱਤਰੇ ਤਾਂ ਫੜ੍ਹੇ ਜਾ ਸਕਦੇ ਹੋਂ। ਇਸ ਲਈ ਮੇਰੀ ਸਲਾਹ ਹੈ ਕਿ ਹੁਣ ਚੁੱਪ ਕਰਕੇ ਉੱਪਰ ਵਾਲੀਆਂ ਸੀਟਾਂ ਤੇ ਮੂੰਹ ਲਪੇਟ ਕੇ ਸੌਣ ਦਾ ਬਹਾਨਾ ਕਰਦੇ ਹੋਏ ਲੇਟ ਜਾਓ। ਦੋ ਘੰਟੇ ਬਾਅਦ ਇਸ ਰੇਲ ਨੇ ਅੱਧੇ ਘੰਟੇ ਲਈ ਬਠਿੰਡੇ ਰੁਕਣਾ ਹੈ, ਤੁਸੀਂ ਉਥੇ ਚੁੱਪ ਕਰਕੇ ਇਸ ਡੱਬੇ ਚੋਂ ਉਤਰ ਜਾਇਓ ਅਤੇ ਫਿਰ ਕਿਸੇ ਹੋਰ ਡੱਬੇ ਵਿਚ ਬੈਠ ਜਾਇਓ , ਫੌਜੀ ਵੀਰ ਨੇ ਸਾਡੀ ਸਮੱਸਿਆ ਦਾ ਸਮਾਧਾਨ ਕਰਦਿਆਂ ਹੋਇਆਂ ਸਲਾਹ ਦਿੱਤੀ।

ਨੌਜਵਾਨ ਫੌਜੀ ਵੀਰ ਦੀ ਸਲਾਹ ਸੁਣ ਕੇ ਅਸੀਂ ਦੋਨਾਂ ਨੇ ਵਾਹੋ-ਦਾਹੀ ਆਪਣੇ ਬੈਗ ਖੋਲੇ ਅਤੇ ਬੈਗਾਂ ਵਿਚੋਂ ਘਰੋਂ ਲਿਆਂਦੀਆਂ ਚਾਦਰਾਂ ਕੱਢ ਕੇ ਉੱਪਰ ਵਾਲੀਆਂ ਸੀਟਾਂ ਤੇ ਸੌਣ ਦਾ ਬਹਾਨਾ ਕਰਦੇ ਹੋਏ ਝਟਪਟ ਹੀ ਲੇਟ ਗਏ, ਪਰ ਨੀਂਦ ਕਿੱਥੇ ਆਉਣੀ ਸੀ, ਬਾਰ-ਬਾਰ ਫੌਜੀ ਵੀਰ ਦੇ ਕਹੇ ਸ਼ਬਦ ਕੰਨਾਂ ਵਿਚ ਗੂੰਜ ਰਹੇ ਸਨ। ਅਸੀਂ ਮਨ ਹੀ ਮਨ ਸੋਚ ਰਹੇ ਸਾਂ ਕਿ ਅੱਜ ਤਾਂ ਬੜੇ ਕਸੂਤੇ ਫਸ ਗਏ, ਕਦੋਂ ਬਠਿੰਡਾ ਸਟੇਸ਼ਨ ਆਵੇ ਤੇ ਅਸੀਂ ਇਸ ਭਿਆਨਕ ਸਥਿਤੀ 'ਚੋਂ ਬਾਹਰ ਨਿਕਲੀਏ। ਇਸ ਦੌਰਾਨ ਰੇਲ ਨੇ ਕੂਕ ਮਾਰੀ ਤੇ ਝਟਕਾ ਜਿਹਾ ਮਾਰ ਕੇ ਰੁਕ ਗਈ। ਰੇਲ ਦੇ ਰੁਕਣ ਸਾਰ ਹੀ ਕਈ ਹੋਰ ਫੌਜੀ ਵੀਰ ਆਪਣੇ ਵੱਡੇ-ਵੱਡੇ ਟਰੰਕਾਂ ਨੂੰ ਲੈ ਕੇ ਰੇਲ ਦੇ ਡੱਬੇ ਵਿਚ ਚੜ੍ਹ ਗਏ। ਇਸ ਸਟੇਸ਼ਨ ਤੋਂ ਇਨ੍ਹੇ ਫੌਜੀ ਭਰਾ ਡੱਬੇ ਵਿਚ ਚੜ੍ਹੇ ਕਿ ਥੱਲ੍ਹੇ ਤੇ ਉੱਪਰ ਵਾਲੀਆਂ ਸੀਟਾਂ ਲਗਭਗ ਫੁੱਲ ਹੋ ਗਈਆਂ ਸਨ, ਪਰ ਸਾਨੂੰ ਕਿਸੇ ਨੇ ਵੀ ਨਾ ਛੇੜਿਆ। ਰੇਲ ਮੁੜ ਆਪਣੀ ਰਫ਼ਤਾਰ ਫੜ ਚੁੱਕੀ ਸੀ ਅਤੇ ਫੌਜੀ ਵੀਰ ਆਪਸ ਦੇ ਵਿਚ ਇੱਕ ਦੂਜੇ ਨਾਲ ਜਾਣ-ਪਛਾਣ ਕੱਢ ਰਹੇ ਸਨ। ਉਨ੍ਹਾਂ ਦੀ ਆਪਸੀ ਗੱਲਬਾਤ ਤੋਂ ਪਤਾ ਲੱਗਿਆ ਕਿ ਸਾਰੇ ਹੀ ਫੌਜੀ ਵੀਰ ਆਪਣੀ ਛੁੱਟੀ ਦਾ ਸਮਾਂ ਬਿਤਾ ਕੇ ਡਓਟੀ 'ਤੇ ਜਾ ਰਹੇ ਸਨ। ਸਾਡੀਆਂ ਅੱਖਾਂ ਵਿਚ ਨੀਂਦ ਨਹੀਂ ਸੀ, ਪਰ ਡਰ ਦੇ ਮਾਰੇ ਆਪਣੇ ਆਪ ਨੂੰ ਘੂਕ ਸੁੱਤੇ ਹੋਏ ਦਰਸ਼ਾ ਰਹੇ ਸਾਂ।

ਕੁਝ ਸਮੇਂ ਬਾਅਦ ਫਿਰ ਰੇਲਗੱਡੀ ਝਟਕਾ ਜਿਹਾ ਖਾ ਕੇ ਅਗਲੇ ਸਟੇਸ਼ਨ 'ਤੇ ਰੁਕੀ। ਉਥੋਂ ਵੀ ਕੁਝ ਫੌਜੀ ਆਪਣੇ ਸਮਾਨ ਸਮੇਤ ਡੱਬੇ ਵਿਚ ਚੜ੍ਹ ਗਏ, ਪਰ ਹੁਣ ਡੱਬੇ ਵਿਚ ਬੈਠਣ ਨੂੰ ਥਾਂ ਨਹੀਂ ਸੀ। ਉਹਨਾਂ ਵਿੱਚੋਂ ਕੁਝ ਫੌਜੀ ਤਾਂ ਜੁਗਾੜ ਕਰਕੇ ਬੈਠ ਗਏ। ਪਰ ਦੋ ਸਰਦਾਰ ਫੌਜੀ ਅਜੇ ਖੜ੍ਹੇ ਹੀ ਸਨ, ਉਹਨਾਂ ਦੇ ਬੈਠਣ ਲਈ ਕੋਈ ਇੰਤਜਾਮ ਨਹੀਂ ਸੀ ਹੋ ਰਿਹਾ। ਇੰਨੇ ਨੂੰ ਇੱਕ ਫੌਜੀ ਵੀਰ ਨੇ ਉਹਨਾਂ ਦੋਵੇਂ ਸਰਦਾਰ ਫੌਜੀਆਂ ਨੂੰ ਸਲਾਹ ਦਿੰਦੇ ਹੋਏ ਕਿਹਾ,

ਜਵਾਨੋ, ਉੱਪਰ ਵਾਲੀ ਵਰਥ ਪਰ ਦੋ ਫੌਜੀ ਭਾਈ ਸੋ ਰਹੇ ਹੈ ਨਾ, ਉਨਕੋ ਉਠਾ ਲਓ, ਵੋ ਵੀ ਬੈਠ ਜਾਏਂਗੇ ਔਰ ਆਪ ਵੀ ਬੈਠ ਜਾਣਾ, ਖੜੇ ਰਹਿ ਕਰ ਸਫ਼ਰ ਕਾਟਨਾ ਮੁਸ਼ਿਕਲ ਹੈ । ਫੌਜੀ ਵੀਰ ਦੀ ਇਹ ਸਲਾਹ ਸੁਣ ਕੇ ਸਾਡੇ ਤਾਂ ਜਿਵੇਂ ਸਾਹ ਹੀ ਸੁੱਕ ਗਏ। ਸਾਨੂੰ ਹੱਥਾਂ-ਪੈਰਾ ਦੀ ਪੈ ਗਈ।

ਉਹ ਨਾ ਬਾਈ ਨਾ, ਇਹ ਵੀ ਸਾਡੇ ਹੀ ਭਰਾ ਨੇ, ਲਗਦੈ ਕਿਤੇ ਦੂਰ ਜਾਣਾ ਇਹਨਾਂ ਨੇ, ਇਸੇ ਕਰਕੇ ਤਾਂ ਬੜੀ ਜਲਦੀ ਸੌਂ ਗਏ ਹਨ, ਦੇਖੋ ਕਿਵੇਂ ਘੂਕ ਸੁੱਤੇ ਪਏ ਹਨ, ਇਹਨਾਂ ਨੂੰ ਸੁੱਤੇ ਹੀ ਰਹਿਣ ਦਈਏ, ਕਾਹਦੇ ਵਾਸਤੇ ਇਹਨਾਂ ਦੀ ਨੀਂਦ ਖਰਾਬ ਕਰਨੀ ਐ, ਚਲੋ ਆਪਾਂ ਤਾਂ ਡਿਓਟੀ 'ਤੇ ਜਾ ਕੇ ਵੀ ਖੜ੍ਹੇ ਹੀ ਰਹਿਣਾ ਐ, ਚਲੋ ਸੋਚ ਲੈਣੇ ਆ ਕਿ ਡਿਓਟੀ ਹੁਣ ਤੋਂ ਹੀ ਸ਼ੁਰੂ ਹੋ ਗਈ , ਇੱਕ ਸਰਦਾਰ ਫੌਜੀ ਵੀਰ ਨੇ ਸਾਡੇ ਵੱਲ ਵੇਖਦਿਆਂ ਫੌਜੀਆਂ ਦੀ ਜ਼ਿੰਦਗੀ ਦੇ ਤਜਰਬੇ ਨੂੰ ਸਾਂਝਾ ਕੀਤਾ।

ਸਰਦਾਰ ਫੌਜੀ ਵੀਰ ਦੀ ਗੱਲ ਸੁਣ ਕੇ ਮੈਂ ਹੱਕਾ-ਬੱਕਾ ਰਹਿ ਗਿਆ ਪਰ ਕੁਝ ਸੁਕੂਨ ਜਰੂਰ ਮਿਲਿਆ । ਇੱਕ ਫੌਜੀ ਜਵਾਨ ਦਾ ਦੂਸਰੇ ਫੌਜੀ ਜਵਾਨ ਲਈ ਕਿੰਨਾ ਪਿਆਰ ਅਤੇ ਸਤਿਕਾਰ ਹੁੰਦਾ ਹੈ। ਭਾਵੇਂ ਫੌਜੀ ਵੀਰ ਇੱਕ-ਦੂਜੇ ਨੂੰ ਨਾ ਵੀ ਜਾਣਦੇ ਹੋਣ ਪਰ ਫਿਰ ਵੀ ਇੱਕ-ਦੂਜੇ ਦਾ ਕਿੰਨਾ ਖਿਆਲ ਰੱਖਦੇ ਹਨ। ਮੈਂ ਸਰਦਾਰ ਫੌਜੀ ਵੀਰ ਦੀ ਗੱਲ ਸੁਣ ਕੇ ਸ਼ਰਮ ਨਾਲ ਪਾਣੀ-ਪਾਣੀ ਹੋ ਰਿਹਾ ਸੀ। ਮੈਨੂੰ ਬਹੁਤ ਆਤਮ-ਗਿਲਾਨੀ ਹੋ ਰਹੀ ਸੀ। ਮੈਂ ਆਪਣੇ-ਆਪ ਨੂੰ ਉਹਨਾਂ ਦਾ ਦੋਸ਼ੀ ਮਹਿਸੂਸ ਕਰ ਰਿਹਾ ਸੀ ਕਿ ਅਸੀਂ ਕਿਉਂ ਇਸ ਡੱਬੇ ਵਿਚ ਬੈਠ ਗਏ ?ਪਰ ਹੁਣ ਕੀ ਹੋ ਸਕਦਾ ਸੀ ?ਜੇ ਅਸੀਂ ਉੱਠਦੇ ਤਾਂ ਫੌਜੀ ਵੀਰਾਂ ਨੇ ਗੱਲਬਾਤ ਰਾਹੀਂ ਸਾਨੂੰ ਸਾਡੀ ਡਓਟੀ ਅਤੇ ਬਟਾਲੀਅਨ ਬਾਰੇ ਪੁੱਛਣਾਂ ਸੀ, ਅਸੀਂ ਕੀ ਜਵਾਬ ਦਿੰਦੇ ?ਸਾਡੀ ਪੋਲ ਖੁਲ੍ਹ ਜਾਣੀ ਸੀ। ਸੋ ਅਸੀਂ ਕੁੜਿਕੀ ਵਿਚ ਫਸਿਆਂ ਨੇ ਚੁੱਪ ਰਹਿਣਾ ਹੀ ਉਚਿਤ ਸਮਝਿਆ ਤੇ ਸੌਣ ਦਾ ਬਹਾਨਾ ਕਰਦੇ ਹੋਏ ਲੱਤਾਂ ਪਸਾਰ ਕੇ ਪਏ ਸੀ। ਮੈਂ ਸੋਚ ਰਿਹਾ ਸੀ ਕਿ ਇਕ ਪਾਸੇ ਸਰਹੱਦਾਂ ਦੇ ਰਾਖੇ



ਫੌਜੀ ਵੀਰ ਆਪਣੀਆਂ ਜਾਨਾਂ ਕੁਰਬਾਣ ਕਰ ਦਿੰਦੇ ਹਨ ਤੇ ਦੂਜਿਆਂ ਦੇ ਸੂਕੂਨ ਲਈ ਖ਼ੁਦ ਔਖਾਂ ਸਹਿੰਦੇ ਹਨ ਤੇ ਦੂਜੇ ਪਾਸੇ ਅਸੀਂ ਵੇਲਹੜ੍ਹ ਪਾੜ੍ਹੇ ਫੌਜੀ ਵੀਰਾਂ ਲਈ ਸੀਟ ਤੋਂ ਉੱਠਣ ਤੱਕ ਦਾ ਜੋਖਮ ਲੈਣ ਲਈ ਤਿਆਰ ਨਹੀਂ ਸਾਂ। ਮੈਂ ਮਨ ਹੀ ਮਨ ਫੌਜੀ ਵੀਰਾਂ ਨਾਲ ਆਪਣੀ ਤੁਲਨਾ ਕਰਨੀ ਚਾਹੀ ਤਾਂ ਮੈਨੂੰ ਇਹ ਤੁਲਨਾ ਬੇਮਾਨੀ ਜਾਪੀ। ਮੈਂ ਫੌਜੀ ਵੀਰਾਂ ਦੀ ਦਰਿਆਦਿਲੀ ਅਤੇ ਤਿਆਗ ਅੱਗੇ ਨਤਮਸਤਕ ਸੀ। ਮੇਰੇ ਮਨ ਵਿਚ ਫੌਜੀ ਵੀਰਾਂ ਲਈ ਅਥਾਹ ਪਿਆਰ ਅਤੇ ਸਤਿਕਾਰ ਪਣਪ ਰਿਹਾ ਸੀ। ਮੈਂ ਅੱਗੇ ਤੋਂ ਅਜੇਹੀ ਗਲਤੀ ਨਾ ਕਰਨ ਦੀ ਸੋਂਹ ਖਾਦੀ ਅਤੇ ਮਨ ਵਿਚ ਹੀ ਫੌਜੀ ਵੀਰਾਂ ਤੋਂ ਗੁਸਤਾਖ਼ੀ ਲਈ ਮੁਆਫ਼ੀ ਮੰਗੀ। ਕੁਝ ਸਮਾਂ ਬਾਅਦ ਰੇਲ ਗੱਡੀ ਬਠਿੰਡਾ ਸਟੇਸ਼ਨ 'ਤੇ ਰੁਕੀ ਤਾਂ ਬਹੁਤ ਸਾਰੇ ਫੌਜੀ ਰੇਲ ਤੋਂ ਥੱਲੇ ਉੱਤਰ ਕੇ ਇੱਧਰ ਉੱਧਰ ਚਲੇ ਗਏ। ਫਿਰ ਅਸੀਂ ਵੀ ਅਪਣਾ ਬਚਾਅ ਕਰਦੇ ਹੋਏ ਬੈਗ ਚੁੱਕ ਕੇ ਡੱਬੇ ਤੋਂ ਥੱਲੇ ਉੱਤਰੇ ਅਤੇ ਕਾਫੀ ਦੂਰ ਤੱਕ ਪਲੇਟਫਾਰਮ 'ਤੇ ਚੱਲਣ ਤੋਂ ਬਾਅਦ ਵੀ ਪਿੱਛੇ ਮੁੜ ਕੇ ਨਾ ਦੇਖਿਆ। ਅਸੀਂ ਤਾਂ ਸਾਡੇ ਪੱਖ ਦੀ ਸਲਾਹ ਦੇਣ ਵਾਲੇ ਫੌਜੀ ਵੀਰ ਦਾ ਧੰਨਵਾਦ ਵੀ ਨਾ ਕਰ ਸਕੇ। ਫਿਰ ਅਸੀਂ ਰੇਲ ਗੱਡੀ ਦੇ ਪਿਛਲੇ ਹਿੱਸੇ ਵਿਚ ਲੱਗੇ ਜਰਨਲ ਡੱਬੇ ਵਿਚ ਬੈਠਣ ਦਾ ਜੁਗਾੜ ਕਰਨ ਲੱਗੇ।

**ਡਾ: ਸੰਦੀਪ ਸਿੰਘ ਮੁੰਡੇ**
**ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ**
**ਸੀ.ਸੀ. ਹੈਡ, ਸ਼੍ਰੀਗੰਗਾਨਗਰ (ਰਾਜਸਥਾਨ)**
**ਮੋਬਾਈਲ 94136-52646**

# ਜਦੋਂ ਮੇਰੀ ਤਿੰਨ ਵਾਰੀ ਮੁਫਤੋ ਮੁਫਤੀ ਲਾਟਰੀ ਨਿਕਲੀ

ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

ਮੇਰਾ ਪਿੰਡ ਕੱਦੋਂ ਲੁਧਿਆਣਾ ਜਿਲ੍ਹੇ ਵਿਚ ਜਰਨੈਲੀ ਸੜਕ ਤੋਂ ਪਾਇਲ ਨੂੰ ਜਾਣ ਵਾਲੀ ਸੰਪਰਕ ਸੜਕ ਤੇ ਦੋਰਾਹਾ ਅਤੇ ਪਾਇਲ ਦੇ ਵਿਚਕਾਰ ਹੈ। ਮੈਂ ਦਸਵੀਂ ਜਮਾਤ ਵਿਚ ਸਰਕਾਰੀ ਹਾਈ ਸਕੂਲ ਦੋਰਾਹਾ ਵਿਚ ਪੜ੍ਹਦਾ ਸੀ। ਉਦੋਂ ਸਾਡੇ ਪਿੰਡ ਤੋਂ ਸਕੂਲ ਜਾਣ ਲਈ ਢਾਈ ਕਿਲੋਮੀਟਰ ਰੇਤ ਦੇ ਟਿਬਿਆਂ ਵਾਲੇ ਰਸਤੇ ਵਿਚ ਪੈਦਲ ਜਾਣਾ ਪੈਂਦਾ ਸੀ। ਜੁਤੀ ਪਾਉਣੀ ਜਾਂ ਨਾ ਪਾਉਣੀ ਇਕ ਬਰਾਬਰ ਹੁੰਦੀ ਸੀ। ਰੇਤਾ ਇਤਨਾ ਹੁੰਦਾ ਸੀ ਕਿ ਗਰਮੀਆਂ/ਸਰਦੀਆਂ ਦੇ ਦਿਨਾ ਵਿਚ ਜੁੱਤੀਆਂ ਵਿਚ ਤੱਤਾ/ਠੰਡਾ ਰੇਤਾ ਪੈ ਜਾਂਦਾ ਸੀ। ਕਈ ਵਾਰ ਜੁਤੀ ਚੁੱਕ ਕੇ ਭੱਜਕੇ ਜਾਣਾ ਪੈਂਦਾ ਸੀ ਤਾਂ ਜੋ ਪੈਰ ਨਾ ਸੜਨ/ਠਰਨ। ਸਕੂਲ ਵਿਚ ਮੁੱਖ ਅਧਿਆਪਕ ਹਰਬੰਸ ਸਿੰਘ ਬੜੇ ਹੀ ਅਨੁਸਾਸ਼ਨ ਪਸੰਦ ਸਨ। ਉਹ ਡੰਡਾ ਹਰ ਵਕਤ ਆਪਣੇ ਕੋਲ ਰੱਖਦੇ ਸਨ। ਪੜ੍ਹਾਈ ਨਾ ਕਰਨ ਵਾਲਿਆਂ ਨੂੰ ਡੰਡਿਆਂ ਨਾਲ ਕੁੱਟਦੇ ਸਨ। ਬਾਕੀ ਅਧਿਆਪਕ ਪਿਆਰ ਨਾਲ ਪੜ੍ਹਾਉਂਦੇ ਅਤੇ ਸਮਝਾਉਂਦੇ ਸਨ। ਮੈਂ ਨੌਵੀਂ ਦੇ ਸਾਲਾਨਾ ਪੇਪਰਾਂ ਵਿਚ ਅੰਗਰੇਜ਼ੀ ਦਾ ਪੇਪਰ ਦੇ ਰਿਹਾ ਸੀ, ਜਦੋਂ ਜਵਾਹਰ ਲਾਲ ਨਹਿਰੂ ਦਾ ਲੇਖ ਲਿਖਣ ਲੱਗਾ ਤਾਂ ਦਿਮਾਗ ਵਿਚ ਕੁੰਡੀ ਫਸ ਗਈ ਕਿ ਜਵਾਹਰ ਵਿਚ ਤਿੰਨ 'ਏ' ਨਹੀਂ ਹੋ ਸਕਦੀਆਂ। ਅੱਗੇ ਬੈਠੇ ਸਾਥੀ ਨੂੰ ਪੁਛਣ ਦੀ ਕੋਸਿਸ਼ ਕਰ ਰਿਹਾ ਸੀ ਤਾਂ ਅੰਗਰੇਜ਼ੀ ਦੇ ਅਧਿਆਪਕ ਗੁਰਚਰਨ ਸਿੰਘ ਜੋ ਪਟਿਆਲਾ ਤੋਂ ਆਉਂਦੇ ਸਨ ਆ ਕੇ ਮੇਰੇ ਕੋਲ ਖੜ੍ਹ ਗਏ। ਉਨ੍ਹਾਂ ਮੈਨੂੰ ਖੜ੍ਹਾ ਕਰਕੇ ਪਿਆਰ ਨਾਲ ਕਿਹਾ ਕਿ ਅਧਿਆਪਕ ਦੀਆਂ ਨਜ਼ਰਾਂ ਵਿਚ ਚੰਗਾ ਵਿਦਿਆਰਥੀ ਬਣਨਾ ਵੱਡੀ ਗੱਲ ਨਹੀਂ ਹੁੰਦੀ ਪ੍ਰੰਤੂ ਚੰਗਿਆਈ ਨੂੰ ਬਰਕਰਾਰ ਰੱਖਣਾ ਮਹੱਤਵਪੂਰਨ ਹੁੰਦਾ ਹੈ। ਇਤਨੀ ਗੱਲ ਕਹਿਕੇ ਮੈਨੂੰ ਇਮਤਿਹਾਨ ਦੇਣ ਲਈ ਬਿਠਾ ਗਏ। ਉਹ ਦਿਨ ਤੋਂ ਬਾਅਦ ਮੈਂ ਆਪਣੇ ਅਧਿਆਪਕ ਦੀ ਗੱਲ ਪੱਲੇ ਬੰਨ੍ਹੀ ਹੋਈ ਹੈ। ਅੱਜ ਜਦੋਂ ਮੈਂ ਅਧਿਆਪਕਾਂ ਅਤੇ ਵਿਦਿਅਰਥੀਆਂ ਦੇ ਟਕਰਾਓ ਦੀਆਂ ਖ਼ਬਰਾਂ ਪੜ੍ਹਦਾ ਹਾਂ ਤਾਂ ਮੈਨੂੰ ਭਲੇ ਵੇਲੇ ਯਾਦ ਆਉਂਦੇ ਹਨ, ਜਦੋਂ ਅਸੀਂ ਅਧਿਆਪਕਾਂ ਨੂੰ ਦੇਖ ਕੇ ਘਾਊਂ ਮਾਊਂ ਹੋ ਜਾਂਦੇ ਸੀ, ਸਾਹਮਣੇ ਬੋਲਣ ਦੀ ਹਿੰਮਤ ਨਹੀਂ ਕਰਦੇ ਸੀ। ਮੈਨੂੰ ਮਾਪਿਆਂ ਨੇ ਦਸਵੀਂ ਤੋਂ ਬਾਅਦ ਪੜ੍ਹਾਉਣ ਤੋਂ ਆਰਥਿਕ ਹਾਲਤ ਚੰਗੀ ਨਾ ਹੋਣ ਕਰਕੇ ਇਨਕਾਰ ਕਰ ਦਿੱਤਾ। ਪ੍ਰੰਤੂ ਮੈਂ ਅੱਗੇ ਪੜ੍ਹਕੇ ਲੈਕਚਰਾਰ ਬਣਨਾ ਚਾਹੁੰਦਾ ਸੀ। ਮੇਰੇ ਵੱਡੇ ਭਰਾ ਸ੍ਰ ਧਰਮ ਸਿੰਘ ਪਟਿਆਲੇ ਆਬਕਾਰੀ ਤੇ ਕਰ ਵਿਭਾਗ ਵਿਚ ਸਹਾਇਕ ਲੱਗੇ ਹੋਏ ਸਨ, ਉਹ ਮੈਨੂੰ ਆਪਣੇ ਕੋਲ ਲੈ ਗਏ। ਪ੍ਰਾਈਵੇਟਲੀ ਗਿਆਨੀ ਦੇ ਇਮਤਿਹਾਨ ਦੇਣ ਲਈ ਪਟਿਆਲੇ ਪੁਰਾਣੀ ਕੋਤਵਾਲੀ ਚੌਕ ਵਿਚ ਪ੍ਰੋ. ਬਾਬੂ ਸਿੰਘ ਗੁਰਮ ਦੀ ਇਕ ਨਿਊ ਆਕਸਫੋਰਡ ਨਾਂ ਦੀ ਅਕਾਡਮੀ ਹੁੰਦੀ ਸੀ, ਜੋ ਸਵੇਰੇ ਸ਼ਾਮ ਕਲਾਸਾਂ ਲਗਾਕੇ ਪਹਿਲਾਂ ਗਿਆਨੀ ਅਤੇ ਫਿਰ 6-6 ਮਹੀਨੇ ਬਾਅਦ 50 ਨੰਬਰ ਦੀ ਅੰਗਰੇਜ਼ੀ ਜ਼ਰੂਰੀ ਵਿਸ਼ੇ ਨਾਲ ਬੀ ਏ ਕਰਵਾ ਦਿੰਦੇ ਸਨ। ਇਸ ਪੜ੍ਹਾਈ ਨੂੰ ਵਾਇਆ ਬਠਿੰਡਾ ਕਹਿੰਦੇ ਸਨ। ਕਲਾਸ ਵਿਚ ਬਹੁਤੇ ਕਰਨ ਵਾਲੇ ਨੌਕਰੀਆਂ ਵਾਲੇ ਮੁਲਾਜ਼ਮ ਹੁੰਦੇ ਸਨ। ਉਨ੍ਹਾਂ ਦਿਨਾਂ ਵਿਚ ਇਸ ਅਕਾਡਮੀ ਦਾ ਬੜਾ ਨਾਮ ਚਲਦਾ ਸੀ। ਇਸ ਲਈ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਬਹੁਤੇ ਵਿਦਿਆਰਥੀ ਸੰਜੀਦਾ ਸਨ ਪ੍ਰੰਤੂ ਕੁਝ ਵਿਦਿਆਰਥੀ ਮਨਪ੍ਰਚਾਵੇ ਲਈ ਹੀ ਆਉਂਦੇ ਸਨ, ਜਿਹੜੇ ਅਨੁਸ਼ਾਸਨ ਖ਼ਰਾਬ ਕਰਦੇ ਸਨ। ਪ੍ਰਿੰਸੀਪਲ ਜੋ ਇਕ ਜੱਟ ਪਰਿਵਾਰ ਨਾਲ ਸੰਬੰਧਤ ਸੀ, ਉਸ ਲਈ ਵੀ ਵਿਦਿਆਰਥੀਆਂ ਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਰਿਹਾ ਸੀ। ਕੁਝ ਸਾਡੇ ਵਰਗੇ ਵਿਦਿਆਰਥੀ ਸੰਜੀਦਾ ਸਨ, ਜਿਹੜੇ ਕਾਲਜਾਂ ਦੀ ਫੀਸ ਨਹੀਂ ਦੇ ਸਕਦੇ ਸੀ। ਪੜ੍ਹਾਈ ਕੋ ਐਜੂਕੇਸ਼ਨ ਸੀ। ਮੈਂ ਅਤੇ ਮਰਹੂਮ ਜਸਵੰਤ ਡਡਹੇੜੀ ਨੇ ਵੀ ਅਕਾਡਮੀ ਵਿਚ ਦਾਖ਼ਲਾ ਲੈ ਲਿਆ। ਅਕਾਡਮੀ ਦਾ ਮਾਲਕ ਆਪ ਅੰਗਰੇਜ਼ੀ ਪੜ੍ਹਾਉਂਦੇ ਸਨ। ਉਹ ਲੁਧਿਆਣੇ ਜਿਲ੍ਹੇ ਦੇ ਸਮਰਾਲਾ ਕੋਲ ਪਿੰਡ ਭਰਥਲਾ ਦੇ ਰਹਿਣ ਵਾਲੇ ਸਨ। ਅਸੀਂ ਵੀ ਦੋਵੇਂ ਲੁਧਿਆਣਾ ਜਿਲ੍ਹੇ ਦੇ ਅਤੇ ਸੰਜੀਦਾ ਵਿਦਿਆਰਥੀ ਹੋਣ ਕਰਕੇ ਇਕ ਦਿਨ ਉਨ੍ਹਾਂ ਨੇ ਸਾਨੂੰ ਆਪਣੇ ਦਫਤਰ ਵਿਚ ਬੁਲਾਇਆ ਤੇ ਕਿਹਾ ਕਿ ਅਕਾਡਮੀ ਵਿਚ ਕੁਝ ਬਾਹਰਲੇ ਮੁੰਡੇ ਆ ਕੇ ਕੁੜੀਆਂ ਨੂੰ ਤੰਗ ਕਰਦੇ ਹਨ। ਤੁਸੀਂ ਮੇਰੀ ਮਦਦ ਕਰੋ। ਅਸੀਂ ਚੌੜ ਵਿਚ ਆ ਕੇ ਜ਼ਿੰਮੇਵਾਰੀ ਲੈ ਬੈਠੇ। ਸਾਡੀ ਦਿਖ ਤਾਂ ਠੀਕ ਸੀ ਪ੍ਰੰਤੂ ਐਨੀ ਰੋਹਬਦਾਰ ਨਹੀਂ ਸੀ ਕਿ ਮੁੰਡਿਆਂ ਨੂੰ ਦਬਕਾ ਮਾਰ ਸਕਦੇ। ਜਸਵੰਤ ਡਡਹੇੜੀ ਦਾ ਛੋਟਾ ਭਰਾ ਹਰਦਿਆਲ ਸਿੰਘ ਖਾਲਸਾ ਕਾਲਜ ਪਟਿਆਲਾ ਵਿਚ ਪੜ੍ਹਦਾ ਸੀ, ਉਹ ਥੋੜ੍ਹਾ ਇਲਤੀ ਅਤੇ ਰੋਹਬ ਦਾਬ ਵਾਲਾ ਸੀ। ਅਸੀਂ ਉਸਨੂੰ ਨਾਲ ਲੈ ਆਏ ਤੇ ਸਾਰੀ ਗੱਲ ਦੱਸੀ। ਉਸਨੇ ਦਬਕੇ ਮਾਰੇ ਕਿ ਜੇਕਰ ਸਾਡੀਆਂ ਭੈਣਾ ਨਾਲ ਕਿਸੇ ਨੇ ਛੇੜਖਾਨੀ ਕਰਨ ਦੀ ਕੋਸਿਸ਼ ਕੀਤੀ ਤਾਂ ਉਸਦੀ ਖੈਰ ਨਹੀਂ। ਮੁੜਕੇ ਕੋਈ ਵੀ ਲੜਕਾ ਅਕਾਡਮੀ ਦੇ ਮੂਹਰੇ ਵੀ ਨਾ ਲੰਘਿਆ ਕਰੇ, ਸਾਡਾ ਮੁਫ਼ਤ ਦਾ ਹੀ ਰੋਹਬ ਪੈ ਗਿਆ। ਅਕਾਡਮੀ ਦੇ ਮਾਲਕ ਨੇ ਸਵਾਗਤ ਕਰਤਾ ਦੇ ਕੋਲ ਦੋ ਕੁਰਸੀਆਂ ਲਵਾ ਦਿੱਤੀਆਂ ਤੇ ਸਾਨੂੰ ਕਦੇ ਕਦੇ ਉਥੇ ਬੈਠਣ ਲਈ ਕਿਹਾ ਤਾਂ ਜੋ ਕੋਈ ਹੋਰ ਅਨੁਸ਼ਾਸ਼ਨ ਭੰਗ ਨਾ ਕਰੇ। ਉਸ ਦਿਨ ਤੋਂ ਬਾਅਦ ਪ੍ਰਿੰਸੀਪਲ ਨੇ ਸਾਡੀ ਫੀਸ ਮਾਫ ਕਰ ਦਿੱਤੀ। ਅਸੀਂ ਗਿਆਨੀ ਅਤੇ ਬੀ ਏ ਮਫਤ ਵਿਚ ਪਾਸ ਕੀਤਆਂ। [illegible] ਸੀ, ਜੋ ਬਾਅਦ ਵਿਚ ਜਿਲ੍ਹਾ ਸਿਖਿਆ ਅਧਿਕਾਰੀ ਬਣ ਗਏ ਸਨ। ਬਹੁਤੇ ਸ਼ਹਿਰੀ ਅਤੇ ਅਸੀਂ ਚਾਰ ਕੁ ਪੇਂਡੂ ਵਿਦਿਆਰਥੀ ਸੀ। ਪ੍ਰੋ. ਕਰਤਾਰ ਸਿੰਘ ਲੂਥਰਾ ਪੰਜਾਬੀ ਵਿਭਾਗ ਦੇ ਮੁੱਖੀ ਸਨ। ਉਹ ਇਕੱਲੇ ਨਾਭਾ ਗੇਟ ਰਹਿੰਦੇ ਸਨ। ਮੇਰਾ ਕਿਉਂਕਿ ਨਿਸ਼ਾਨਾ ਲੈਕਚਰਾਰ ਬਣਨਾ ਸੀ, ਇਸ ਲਈ ਮੈਂ ਸ਼ਾਮ ਨੂੰ ਉਨ੍ਹਾਂ ਦੇ ਘਰ ਚਲਾ ਜਾਂਦਾ ਸੀ ਤਾਂ ਜੋ ਮੈਨੂੰ ਅਗਵਾਈ ਦੇ ਸਕਣ। ਉਨ੍ਹਾਂ ਮੈਨੂੰ ਇਕ ਪੁਸਤਕ ਪੜ੍ਹਨ ਲਈ ਦਿੱਤੀ ਤੇ ਜਦੋਂ ਮੈਂ ਪੁਸਤਕ ਪੜ੍ਹ ਰਿਹਾ ਸੀ ਤਾਂ ਉਸ ਵਿਚੋਂ 100 ਦਾ ਨੋਟ ਮਿਲਿਆ। ਉਨ੍ਹਾਂ ਦਿਨਾ ਵਿਚ ਇਹ ਰਕਮ ਵੱਡੀ ਸੀ। ਮੈਂ ਉਨ੍ਹਾਂ ਨੂੰ ਜਦੋਂ ਦੱਸਿਆ ਤਾਂ ਮੇਰੀ ਇਮਾਨਦਾਰੀ ਦੇ ਕਾਇਲ ਹੋ ਗਏ। ਅੱਗੋਂ ਵਾਸਤੇ ਉਨ੍ਹਾਂ ਮੇਰਾ ਜ਼ਿਆਦਾ ਧਿਆਨ ਰੱਖਣਾ ਸ਼ੁਰੂ ਕਰ ਦਿੱਤਾ। ਸ਼ਾਇਦ ਮੇਰੀ ਪਰਖ ਕਰਨ ਲਈ ਹੀ ਉਨ੍ਹਾਂ ਇੰਜ ਕੀਤਾ ਹੋਵੇ। ਅਜੇ ਮੈਂ ਐਮ ਏ ਪਹਿਲੇ ਸਾਲ ਵਿਚ ਹੀ ਪੜ੍ਹ ਰਿਹਾ ਸੀ ਤਾਂ ਇਕ ਅਸਾਮੀ ਲੋਕ ਸੰਪਰਕ ਵਿਭਾਗ ਪੰਜਾਬ ਵਿਚ ਚੰਡੀਗੜ੍ਹ ਵਿਖੇ ਨਿਬੰਧਕਾਰ ਪੰਜਾਬੀ ਦਾ ਇਸ਼ਤਿਹਾਰ ਨਿਕਲਿਆ। ਕਲਾਸ ਵਿਚ ਚਰਚਾ ਹੋਈ ਤੇ ਫੈਸਲਾ ਹੋਇਆ ਕਿ ਸਾਰੇ 16 ਵਿਦਿਆਰਥੀਆਂ ਵਿਚੋਂ ਇਕ ਹੀ ਅਪਲਾਈ ਕਰੇ। ਪ੍ਰੋ. ਲਥਰਾ ਨੇ ਵੀ ਮੇਰੀ ਸਪੋਰਟ ਕਰ ਦਿੱਤੀ ਗੁਣਾ ਮੇਰੇ ਤੇ ਪੈ ਗਿਆ। ਮੈਨੂੰ ਅਪਲਾਈ ਕਰਨਾ ਵੀ ਨਹੀਂ ਆਉਂਦਾ ਸੀ। ਹਰਨਾਮ ਸਿੰਘ ਸਟੈਨੋ ਨੇ ਆਪੇ ਮੇਰੀ ਅਰਜ਼ੀ ਟਾਈਪ ਕਰਕੇ ਮਨੀਆਰਡਰ ਨਾਲ ਲਾ ਕੇ ਪੋਸਟ ਕਰ ਦਿੱਤੀ। ਲਿਖਤੀ ਟੈਸਟ ਆ ਗਿਆ। ਇਹ ਅਸਾਮੀ ਪੰਜਾਬੀ ਸ਼ਾਖਾ ਵਿਚ ਸੀ। ਪੰਜਾਬੀ ਸ਼ਾਖਾ ਦਾ ਮੁੱਖੀ ਪੀ ਆਰ ਓ, ਪੰਜਾਬੀ ਦੇ ਕਵੀ ਸੁਖਪਾਲਵੀਰ ਸਿੰਘ ਹਸਰਤ ਸਨ। ਉਹ ਹੀ ਜਾਗ੍ਰਤੀ ਪੰਜਾਬੀ ਸਰਕਾਰੀ ਰਸਾਲੇ ਦੇ ਸੰਪਾਦਕ ਸਨ। ਮੈਂ ਪੇਂਡੂ ਪਿਛੋਕੜ ਵਾਲਾ ਇਸਤੋਂ ਪਹਿਲਾਂ ਕਦੀਂ ਚੰਡੀਗੜ੍ਹ ਨਹੀਂ ਗਿਆ ਸੀ। ਔਖਾ ਸੌਖਾ ਪੁਛਦਾ ਪੁਛਾਉਂਦਾ ਚੰਡੀਗੜ੍ਹ ਸਕੱਤਰੇਤ ਪਹੁੰਚ ਗਿਆ। ਸਾਡਾ ਟੈਸਟ ਅਮਲਾ ਸ਼ਾਖਾ ਵਿਚ ਲਿਆ ਗਿਆ। ਰਮੇਸ਼ ਗੁਪਤਾ ਅਤੇ ਬਲਜੀਤ ਸਿੰਘ ਸੈਣੀ ਦੀ ਟੈਸਟ ਲੈਣ ਦੀ ਜ਼ਿੰਮੇਵਾਰੀ ਵਿਭਾਗ ਨੇ ਲਗਾਈ ਹੋਈ ਸੀ। ਸੁਖਪਾਲਵੀਰ ਸਿੰਘ ਹਸਰਤ ਨੇ ਪੇਪਰ ਬਣਾਇਆ ਸੀ, ਉਨ੍ਹਾਂ ਨੇ 80 ਨੰਬਰਾਂ ਦਾ ਸਾਹਿਤਕ ਅਤੇ 20 ਨੰਬਰ ਦਾ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬਣਾਉਣ ਦਾ ਪੇਪਰ ਪਾਇਆ। ਮੈਂ ਤਾਂ50 ਨੰਬਰ ਦੀ ਜ਼ਰੂਰੀ ਅੰਗਰੇਜ਼ੀ ਨਾਲ ਬੀ ਏ ਕੀਤੀ ਸੀ, ਇਸ ਲਈ ਅੰਗਰੇਜ਼ੀ ਦਾ ਮੇਰਾ ਹੱਥ ਬਹੁਤ ਤੰਗ ਸੀ । ਮੈਂ ਕਿਉਂਕਿ ਐਮ ਏ ਪੰਜਾਬੀ ਪਹਿਲੇ ਸਾਲ ਦਾ ਵਿਦਿਆਰਥੀ ਸੀ, ਇਸ ਲਈ ਸਾਹਿਤਕ ਸਾਰਾ ਪੇਪਰ ਹਲ ਕਰ ਦਿੱਤਾ। ਮੇਰੀ ਲਿਖਾਈ ਵੀ ਬਹੁਤੀ ਚੰਗੀ ਨਹੀਂ ਸੀ ਪ੍ਰੰਤੂ ਪੜ੍ਹੀ ਜਾਂਦੀ ਸੀ। ਜਿਹੜਾ ਰਮੇਸ਼ ਗੁਪਤਾ ਟੈਸਟ ਲੈ ਰਿਹਾ ਸੀ, ਉਹ ਮੇਰੇ ਕੋਲ ਆ ਕੇ ਕਹਿੰਦਾ ਸ਼ੀਟਾਂ ਤਾਂ ਐਨੀਆਂ ਲਈ ਜਾਂਦਾ ਹੈਂ, ਤੇਰੇ ਕੂਕਾਂ ਬਿੱਲੀ ਘਾਂਗੜੇ ਕੌਣ ਪੜ੍ਹੇ ਗਾ ? ਬੜਾ ਆਇਆ ਨਿਬੰਧਕਾਰ ਬਣਨ ਲਈ। 32 ਉਮੀਦਵਾਰ ਇਮਤਿਹਾਨ ਦੇਣ ਆਏ ਸਨ, ਜਿਨ੍ਹਾਂ ਵਿਚ ਇਸੇ ਵਿਭਾਗ ਵਿਚ ਕੰਮ ਕਰਦੇ ਉਰਦੂ ਦੇ ਅਨੁਵਾਦਕ ਹਰਬੰਸ ਸਿੰਘ ਤਸੱਵਰ ਵੀ ਸ਼ਾਮਲ ਸਨ। ਉਹ ਉਰਦੂ ਦੇ ਸ਼ਾਇਰ ਅਤੇ ਵਿਅੰਗਕਾਰ ਲੇਖਕ ਵੀ ਸਨ। ਉਥੇ ਕਾਨਾਫੂਸੀ ਹੋ ਰਹੀ ਸੀ ਕਿ ਟੈਸਟ ਤਾਂ ਨਾਮ ਦਾ ਹੀ ਹੈ, ਚੋਣ ਤਾਂ ਹਰਬੰਸ ਸਿੰਘ ਤਸੱਵਰ ਦੀ ਹੀ ਹੋਣੀ ਹੈ ਕਿਉਂਕਿ ਉਸਦੀ ਵਿਦਿਅਕ ਯੋਗਤਾ ਵੀ ਹੈ ਅਤੇ ਮੁੱਖ ਮੰਤਰੀ ਦੇ ਪ੍ਰੈਸ ਸਕੱਤਰ ਸੂਬਾ ਸਿੰਘ ਦੀ ਸਿਫਾਰਸ਼ ਹੈ। ਜਦੋਂ ਟੈਸਟ ਦਾ ਨਤੀਜਾ ਨਿਕਲਿਆ ਤਾਂ ਮੈਂ ਪਹਿਲੇ ਨੰਬਰ ਤੇ ਅਤੇ ਹਰਬੰਸ ਸਿੰਘ ਤਸੱਵਰ ਦੂਜੇ ਨੰਬਰ ਤੇ ਆਏ। ਇੰਟਰਵਿਊ ਵਿਚ ਮੈਨੂੰ ਬੜੇ ਔਖੇ ਸਿਆਸਤ ਨਾਲ ਸੰਬੰਧਤ ਸਵਾਲ ਪੁਛੇ ਗਏ ਜਦੋਂ ਕਿ ਅਸਾਮੀ ਪੰਜਾਬੀ ਭਾਸ਼ਾ ਨਾਲ ਸੰਬੰਧਤ ਸੀ। ਅਸਲ ਵਿਚ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਦੀ ਪੰਜਾਬੀ ਦੀ ਜਿਤਨੀ ਵੀ ਪ੍ਰਕਾਸ਼ਨਾ ਹੁੰਦੀ ਸੀ, ਉਹ ਨਿਬੰਧਕਾਰ ਪੰਜਾਬੀ ਹੀ ਪੀ ਆਰ ਓ ਪੰਜਾਬੀ ਦੀ ਨਿਗਰਾਨੀ ਹੇਠ ਕਰਾਉਂਦਾ ਸੀ। ਨਿਬੰਧਕਾਰ ਹੀ ਜਾਗ੍ਰਤੀ ਪੰਜਾਬੀ ਦਾ ਸਹਾਇਕ ਸੰਪਾਦਕ ਹੁੰਦਾ ਸੀ। ਸੁਖਪਾਲਵੀਰ ਸਿੰਘ ਹਸਰਤ, ਹਰਬੰਸ ਸਿੰਘ ਤਸੱਵਰ ਤੋਂ ਜ਼ਿਆਦਾ ਵਿਦਵਾਨ ਤੇ ਬਰਾਬਰ ਦਾ ਸ਼ਾਇਰ ਹੋਣ ਕਰਕੇ ਤਿਬਕਦਾ ਸੀ। ਉਨ੍ਹਾਂ ਨੇ ਮੈਨੂੰ ਪਹਿਲੇ ਨੰਬਰ ਤੇ ਚੁਣ ਲਿਆ ਅਤੇ ਤਸੱਵਰ ਨੂੰ ਵੇਟਿੰਗ ਸੂਚੀ ਵਿਚ ਰੱਖ ਲਿਆ। ਮੈਂ ਕਿਉਂਕਿ ਐਮ ਏ ਪਹਿਲੇ ਸਾਲ ਦੇ ਪੇਪਰ ਦੇਣੇ ਸਨ ਤੇ ਲੈਕਚਰਾਰ ਬਣਨਾ ਚਾਹੁੰਦਾ ਸੀ, ਇਸ ਲਈ ਨੌਕਰੀ ਜਾਇਨ ਕਰਨ ਤੋਂ ਝਿਜਕਦਾ ਸੀ। ਮੈਂ ਹਸਰਤ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਨੂੰ ਜਾਇਨ ਕਰਨ ਵਿਚ ਇਕ ਮਹੀਨੇ ਦੀ ਮੋਹਲਤ ਦੇ ਦਿਓ ਤਾਂ ਜੋ ਪੇਪਰ ਦੇ ਸਕਾਂ। ਉਹ ਕਹਿਣ ਲੱਗੇ ਜੇ ਜਾਇਨ ਕਰਨਾ ਤਾਂ ਕਰ ਲਓ ਨਹੀਂ ਤਾਂ ਮੇਰੇ ਤੇ ਸੂਬਾ ਸਿੰਘ ਦਾ ਪ੍ਰੈਸ਼ਰ ਹੈ ਕਿ ਹਰਬੰਸ ਸਿੰਘ ਤਸੱਵਰ ਨੂੰ ਜਾਇਨ ਕਰਵਾ ਲਵਾਂਗਾ। ਮੈਂ ਪਟਿਆਲਾ ਆ ਕੇ ਆਪਣੇ ਭਰਾ ਨੂੰ ਕਿਹਾ ਕਿ ਮੈਂ ਨੌਕਰੀ ਨਹੀਂ ਜਾਇਨ ਕਰਨੀ ਕਿਉਂਕਿ ਸੰਪਾਦਕ ਨੇ ਇਕ ਮਹੀਨੇ ਦੀ ਮੋਹਲਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜੇ ਨੌਕਰੀ ਜਾਇਨ ਕਰਕੇ ਪੇਪਰ ਦਿੱਤੇ ਤਾਂ ਚੰਗੇ ਨੰਬਰ ਨਹੀਂ ਆਉਣੇ, ਮੇਰਾ ਲੈਕਚਰਾਰ ਬਣਨ ਦਾ ਸਪਨਾ ਪੂਰਾ ਨਹੀਂ ਹੋਣਾ। ਮੇਰੇ ਭਰਾ ਕਹਿਣ ਲੱਗੇ ਕਿ ਹੁਜਤਾਂ ਨਾ ਕਰ ਮੇਰੀ ਉਤਨੀ ਤਨਖ਼ਾਹ ਨਹੀਂ ਜਿਤਨੀ ਤੇਰੀ ਹੋ ਜਾਣੀ ਹੈ। ਫਿਰ ਮੈਂ ਜਾਇਨ ਕਰ ਲਿਆ ਅਤੇ ਹਸਰਤ ਸਾਹਿਬ ਨੇ ਤੁਰੰਤ ਨਾਲ ਹੀ ਮੈਨੂੰ ਜਾਗ੍ਰਤੀ ਪੰਜਾਬੀ ਦਾ ਸਹਾਇਕ ਸੰਪਾਦਕ ਲਾ ਲਿਆ। ਵੈਸੇ ਮੇਰੇ ਤੋਂ ਪਹਿਲਾਂ ਪੰਜਾਬੀ ਦੇ ਨਿਬੰਧਕਾਰ ਸੁਰਿੰਦਰ ਮੋਹਨ ਸਿੰਘ ਸੀਨੀਅਰ ਸਨ ਪ੍ਰੰਤੂ ਉਨ੍ਹਾਂ ਤੋਂ ਵੀ ਹਸਰਤ ਸਾਹਿਬ ਡਰਦੇ ਸਨ, ਜਿਸ ਕਰਕੇ ਮੇਰਾ ਨੌਕਰੀ ਅਤੇ ਸਹਾਇਕ ਸੰਪਾਦਕੀ ਲਈ ਤੁਕਾ ਲੱਗ ਗਿਆ। ਸੁਰਿੰਦਰ ਮੋਹਨ ਸਿੰਘ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਸੇਵਾ ਮੁਕਤ ਹੋਏ ਹਨ। ਮੇਰੇ ਹਮੇਸ਼ਾ ਹੀ ਤੁਕੇ ਲਗਦੇ ਰਹੇ, ਜਿਸ ਕਰਕੇ ਮੈਂ ਜ਼ਿੰਦਗੀ ਵਿਚ ਸਫਲ ਹੁੰਦਾ ਰਿਹਾ। ਇਸ ਤਰ੍ਹਾਂ ਮੇਰੀ ਤਿੰਨ ਵਾਰ ਲਾਟਰੀ ਨਿਕਲ ਆਈ। ਪਹਿਲੀ ਵਾਰ ਮੁਫਤ ਵਿਚ ਬੀ ਏ, ਦੂਜੀ ਵਾਰ ਸਾਹਿਤਕ ਪੇਪਰ ਹੋਣ ਕਰਕੇ ਲਿਖਤੀ ਟੈਸਟ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ ਅਤੇ ਤੀਜੀ ਵਾਰ ਬਿਨਾ ਸਿਫਾਰਸ਼ ਨੌਕਰੀ ਮਿਲ ਗਈ।

# ਆਪਣੀ ਸੋਚ ਦਾ ਦਾਇਰਾ ਵਿਸ਼ਾਲ ਰੱਖੋ

ਜਦੋਂ ਕੋਈ ਵੀ ਇਨਸਾਨ ਇਸ ਦੁਨੀਆਂ ਵਿੱਚ ਮਹਾਨ ਕੰਮ ਕਰਦਾ ਹੈ ਤਾਂ ਉਸਦੀ ਸੋਚ ਦੀ ਰੱਜ ਕੇ ਸਹਾਰਨਾ ਕੀਤੀ ਜਾਂਦੀ ਹੈ, ਕਿ ਫਲਾਣਾ ਬੰਦਾ ਬਹੁਤ ਸੁਚੱਜੀ ਸੋਚ ਦਾ ਮਾਲਿਕ ਹੈ । ਇਸੇ ਤਰ੍ਹਾਂ ਕੋਈ ਜੱਗੋ ਤੇਰਵੀਂ ਕਰ ਵਿਖਾਵੇ ਤਾਂ ਵੀ ਉਸਦੀ ਸੋਚ ਨੂੰ ਹੀ ਭੰਡਿਆ ਜਾਂਦਾ ਹੈ ਇੱਕ ਸੋਚ ਹੀ ਤਾਂ ਹੈ ਜੋ ਮਨੁੱਖ ਦੀ ਦੇਵਤੇ ਦੀ ਤਰ੍ਹਾਂ ਪੂਜਾ ਕਰਵਾ ਦਿੰਦੀ ਹੈ ਅਤੇ ਕਿਸੇ ਮਨੁੱਖ ਨੂੰ ਫਿਟਕਾਰਾਂ। ਸੋ ਥੋੜੇ ਸ਼ਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਮਨੁੱਖੀ ਸੋਚ ਮਨੁੱਖੀ ਸਖਸੀਅਤ ਨੂੰ ਉਭਾਰਣ ਵਿੱਚ ਖਾਸ ਭੂਮਿਕਾ ਨਿਭਾਉਂਦੀ ਹੈ।

ਹਰ ਇਨਸਾਨ ਦੇ ਸੋਚਣ ਦਾ ਤਰੀਕਾ ਵੱਖਰਾ ਵੱਖਰਾ ਹੈ, ਕਈ ਸਕਾਰਾਤਮਕ ਸੋਚ ਵਾਲੇ ਹੁੰਦੇ ਹਨ, ਕੁਝ ਨਕਰਾਤਮਕ ਸੋਚ ਵਾਲੇ ਅਤੇ ਕੁਝ ਦੋਨਾਂ ਪੱਖਾਂ ਨੂੰ ਨਾਲ ਲੈਕੇ ਚੱਲਦੇ ਹਨ। ਕਿਸੇ ਇਨਸਾਨ ਦੀ ਸੋਚ ਦੇ ਕਾਰਣ ਹੀ ਕਿਸੇ ਨੂੰ ਗੁਲਾਬ ਦੇ ਪੌਦੇ ਉੱਪਰ ਗੁਲਾਬ ਦੇ ਫੁੱਲ ਨਜਰ ਆ ਰਹੇ ਹੁੰਦੇ ਹਨ, ਨਵੀਆਂ ਖਿੜਦੀਆਂ ਕਲੀਆਂ ਨਜਰ ਆ ਰਹੀਆਂ ਹਨ ਪਰ ਕਿਸੇ ਨੂੰ ਪੌਦੇ ਉੱਪਰ ਲੱਗੇ ਕੰਡੇ ਨਜਰੀ ਪੈ ਰਹੇ ਹਨ, ਉਸਦਾ ਧਿਆਨ ਨਵੀਆਂ ਖਿੜੀਆਂ ਕਲੀਆਂ ਵੱਲ ਨਾ ਜਾ ਕੇ ਮੁਰਝਾ ਕੇ ਜਮੀਨ ਉੱਤੇ ਡਿੱਗੀਆਂ ਸੁੱਕੀਆਂ ਪੱਤੀਆਂ ਵੱਲ ਜਾਵੇਗਾ, ਕੁਝ ਅਜਿਹੇ ਹੁੰਦੇ ਹਨ ਜੋ ਫੁੱਲ ਦੀ ਸੁੰਦਰਤਾ ਦੇ ਨਾਲ ਨਾਲ ਕੰਡਿਆਂ ਵੱਲ ਵੀ ਧਿਆਨ ਲੈਕੇ ਜਾਂਦੇ ਹਨ। ਸੋ ਕਹਿਣ ਤੋਂ ਭਾਵ ਕਿ ਜਿੰਨੀ ਤਰ੍ਹਾਂ ਦੇ ਮਨੁੱਖ ਹੁੰਦੇ ਹਨ ਸਾਰੇ ਆਪਣੀ ਆਪਣੀ ਸੋਚ ਦੇ ਮੁਹਤਾਜ ਹੁੰਦੇ ਹਨ ।

ਅਸੀਂ ਆਪਣੀ ਸੋਚ ਦੇ ਅਨੁਸਾਰ ਹੀ ਇਨਸਾਨਾਂ ਦੇ ਕਿਰਦਾਰ ਆਪਣੇ ਮਨ ਅੰਦਰ ਬਣਾ ਲੈਂਦੇ ਹਾਂ। ਬਹੁਤ ਵਾਰ ਹੁੰਦਾ ਹੈ ਕਿ ਬਹੁਤਾਂਤ ਲੋਕਾਂ ਦੀ ਸੋਚ ਦਾ ਦਾਇਰਾ ਬਹੁਤ ਛੋਟਾ ਹੁੰਦਾ ਹੈ, ਜਿਸ ਕਾਰਣ ਉਹ ਹਰ ਚੀਜ ਨੂੰ ਨਕਾਰਾਤਮਕ ਪੱਖ ਅਤੇ ਸੌੜੀ ਸੋਚ ਦੇ ਅਧੀਨ ਹੋਕੇ ਹੀ ਦੇਖਦੇ ਅਤੇ ਸੋਚਦੇ ਹਨ।

ਅਸੀਂ ਬਹੁਤ ਸਾਰੇ ਲੋਕ ਦੇਖਦੇ ਹਾਂ ਜੋ ਲੋਕਾਂ ਦੇ ਚਰਿੱਤਰ ਬਾਰੇ ਆਪਣੀ ਸੋਚ ਦੇ ਦਾਇਰੇ ਅਨੁਸਾਰ ਕਿਆਸ ਅਰਾਈਆਂ ਲਾਉਣ ਲੱਗਦੇ ਹਨ। ਇੱਕ ਲੜਕੀ ਲੜਕੇ ਨੂੰ ਕਿਸੇ ਜਨਤਕ ਥਾਂ ਤੇ ਗੱਲ ਕਰਦਿਆਂ ਵੇਖ ਜਾਵੇ ਤਾਂ ਬਹੁਤੇ ਲੋਕਾਂ ਦੇ ਮਨਾਂ ਵਿੱਚ ਉਹਨਾਂ ਦੇ ਰਿਸ਼ਤੇ ਨੂੰ ਲੈਕੇ ਹੀ ਵਿਚਾਰ ਚੱਲਣ ਲੱਗ ਪੈਂਦੇ ਹਨ, ਹਾਲਾਂਕਿ ਉਹ ਭੈਣ ਭਰਾ ਵੀ ਹੋ ਸਕਦੇ ਹਨ, ਚੰਗੇ ਦੋਸਤ ਵੀ ਹੋ ਸਕਦੇ ਹਨ। ਇਸੇ ਤਰ੍ਹਾਂ ਆਮ ਜਿੰਦਗੀ ਵਿੱਚ ਘਰਾਂ ਵਿੱਚ ਰਿਸ਼ਤੇਦਾਰੀਆਂ ਵਿੱਚ ਵੀ ਅਜਿਹੀਆਂ ਕਈ ਗੱਲਾਂ ਵੇਖਣ ਨੂੰ ਮਿਲਦੀਆਂ ਹਨ। ਪਰ ਇਹਨਾਂ ਸਾਰੀਆਂ ਘਟਨਾਵਾਂ ਪਿੱਛੇ ਜੋ ਕਾਰਣ ਹੈ ਉਹ ਹੈ ਸੋਚ ਦਾ ਦਾਇਰਾ।

ਅਸਲ ਵਿੱਚ ਸੋਚ ਦੀ ਦਾਇਰਾ ਛੋਟਾ ਹੋਣ ਕਰਕੇ ਹਰ ਗੱਲ ਦੇ ਹੀਣੇ ਅਰਥ ਹੀ ਕੱਢੇ ਜਾਂਦੇ ਹਨ। ਇਸਦਾ ਅਰਥ ਇਹ ਬਿਲਕੁਲ ਨਹੀਂ ਕਿ ਮੈਂ ਕਿਸੇ ਅਸੱਭਿਅਕ ਗੱਲ ਦੇ ਹੱਕ ਵਿੱਚ ਹਾਂ ।ਪਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਇੱਕ ਵਧੀਆ ਸ਼ਖਸੀਅਤ ਦੇ ਮਾਲਕ ਹੋਈਏ ਤਾਂ ਉਸ ਲਈ ਜਰੂਰੀ ਹੈ ਕਿ ਸਾਡੀ ਸੋਚ ਦਾ ਦਾਇਰਾ ਵੀ ਵਿਸ਼ਾਲ ਹੋਵੇ। ਜਿੰਨੀ ਵੱਡੀ ਸਾਡੀ ਸੋਚ ਹੋਵੇਗੀ ਉਨੇ ਹੀ ਖੁੱਲ੍ਹੇ ਤੇ ਸਕਾਰਾਤਮਕ ਵਿਚਾਰ ਸਾਡੀ ਸ਼ਖਸੀਅਤ ਦਾ ਸ਼ਿੰਗਾਰ ਬਣਨਗੇ । ਜਿੰਨਾ ਅਸੀਂ ਹਰ ਚੀਜ ਨੂੰ ਸੁਚੱਜੇ ਢੰਗ ਨਾਲ ਦੇਖਾਂਗੇ ਉਨ੍ਹਾਂ ਹੀ ਹਰ ਪਾਸੇ ਵਧੀਆ ਚੀਜਾਂ ਸਾਨੂੰ ਨਜਰੀ ਆਉਣਗੀਆਂ।

ਮੇਰਾ ਦਾਅਵਾ ਹੈ ਕਿ ਅਜਿਹੀ ਸੋਚ ਅਪਨਾਉਣ ਨਾਲ ਸਾਨੂੰ ਸਾਡਾ ਆਲਾ ਦੁਆਲਾ ਜਾਂ ਜਿੱਥੇ ਅਸੀਂ ਵਿਚਰਦੇ ਹਾਂ ਵਧੇਰੇ ਚੰਗਾ ਲੱਗਣ ਲੱਗ ਜਾਂਦਾ ਹੈ, ਜਿਸ ਨਾਲ ਯਕੀਨਨ ਹੀ ਸਾਡੀਆਂ ਸ਼ਿਕਾਇਤਾਂ ਘੱਟ ਜਾਂਦੀਆਂ ਹਨ ਨਫਰਤ ਦੇ ਬੀਜ, ਈਰਖਾ ਦੀ ਝਿਣਗਾਂ ਘੱਟ ਜਾਂਦੀਆਂ ਹਨ। ਕਿਉਂਕਿ ਅਸੀਂ ਹਰ ਇਨਸਾਨ ਵਿੱਚ ਚੰਗੇ ਗੁਣ ਹੀ ਦੇਖ ਰਹੇ ਹੋਵਾਂਗੇ। ਮੇਰਾ ਮੰਨਣਾ ਹੈ ਚੰਗੀ ਸ਼ਖਸੀਅਤ ਅਤੇ ਖੁਸ਼ਹਾਲ ਜੀਵਨ ਲਈ ਸਾਡੀ ਸੋਚ ਦਾ ਵੱਡਾ ਹੋਣਾ ਬਹੁਤ ਜਰੂਰੀ ਹੈ। ਜਿੰਨੀ ਵਿਸ਼ਾਲ ਸਾਡੀ ਸੋਚ ਹੋਵੇਗੀ ਉਨੀਆਂ ਹੀ ਵੱਡੀਆਂ ਸਾਡੀਆਂ ਪ੍ਰਾਪਤੀਆਂ ਹੋਣਗੀਆਂ।

ਹਰਕੀਰਤ ਕੌਰ
9779118066

# ਤਾਂਤਰਿਕ ਦੀ ਪਤਨੀ

ਦਿਨ ਚੜ੍ਹਦੇ ਨੂੰ ਚੀਮਾਂ ਕਲਾਂ ਪਿੰਡ ਵਿੱਚ ਰੌਲਾ ਪੈ ਗਿਆ ਕਿ ਰਾਤੀਂ ਭਾਗੇ ਸਿਆਣੇ ਦੀ ਘਰਵਾਲੀ ਗੁਆਂਢੀਆਂ ਦੇ ਵਿਹਲੜ ਮੁੰਡੇ ਛੱਜੂ ਨਾਲ ਭੱਜ ਗਈ ਹੈ। ਭਾਗਾ ਪੁੱਛਾਂ ਅਤੇ ਧਾਗਾ ਤਵੀਤ ਦੇਣ ਦਾ ਕੰਮ ਕਰਦਾ ਸੀ ਤੇ ਮਾਸ਼ੂਕਾ ਨੂੰ ਵੱਸ ਵਿੱਚ ਕਰਨ ਦਾ ਮੰਤਰ ਮਾਰਨ ਲਈ ਮਾਹਰ ਮੰਨਿਆਂ ਜਾਂਦਾ ਸੀ। ਚੀਮੇਂ ਅਤੇ ਆਸ ਪਾਸ ਦੇ ਪਿੰਡਾਂ ਦੇ ਮਾਯੂਸ ਆਸ਼ਕ ਉਸ ਕੋਲੋਂ ਇਸ ਸਬੰਧੀ ਮੰਤਰ ਲੈਣ ਲਈ ਆਏ ਹੀ ਰਹਿੰਦੇ ਸਨ। ਭਾਗਾ ਉਨ੍ਹਾਂ ਨੂੰ ਮੰਤਰ, ਤਵੀਤ ਅਤੇ ਸਵਾਹ ਦੀਆਂ ਪੁੜੀਆਂ ਦੇ ਕੇ ਰੱਜ ਕੇ ਛਿੱਲ ਲਾਹੁੰਦਾ ਸੀ। ਪਿੰਡ ਦੇ ਲੋਕ ਉੱਪਰੋਂ ਉੱਪਰੋਂ ਅਫਸੋਸ ਕਰਨ ਤੇ ਅੰਦਰੋਂ ਸਵਾਦ ਲੈਣ ਲਈ ਉਸ ਦੇ ਘਰ ਪਹੁੰਚਣੇ ਸ਼ੁਰੂ ਹੋ ਗਏ। ਜਗਤਾਰ ਕਾਮਰੇਡ ਨੇ ਦੁਖੀ ਜਿਹਾ ਮੂੰਹ ਬਣਾ ਕੇ ਪੁੱਛਿਆ, "ਉਏ ਭਾਗਿਆ, ਇਹ ਕੀ ਭਾਣਾ ਵਾਪਰ ਗਿਆ ਉਏ ? ਤੂੰ ਤਾਂ ਲੋਕਾਂ ਨੂੰ ਜਨਾਨੀਆਂ ਵੱਸ ਵਿੱਚ ਕਰਨ ਦੇ ਧਾਗੇ ਤਵੀਤ ਕਰਦਾ ਹੁੰਦਾ ਸੀ, ਇਥੇ ਸਾਲਿਆ ਤੇਰੀ ਆਪਣੀ ਘਰਵਾਲੀ ਬਾਗੀ ਹੋਈ ਫਿਰਦੀ ਸੀ। ਉਹ ਨਾ ਤੇਰੇ ਕੋਲੋਂ ਵੱਸ ਕੀਤੀ ਗਈ ?" ਭਾਗਾ ਦਹਾੜੇ ਮਾਰਦਾ ਹੋਇਆ ਬੋਲਿਆ, "ਉਏ ਚਾਚਾ ਮੈਂ ਤਾਂ ਪੱਟਿਆ ਗਿਆ। ਉਹ ਕੰਜਰ ਦਾ ਛੱਜੂ ਮੇਰੇ ਕੋਲੋਂ ਮਾਸ਼ੂਕਾ ਨੂੰ ਵੱਸ ਕਰਨ ਦਾ ਉਪਾਅ ਕਰਾਉਣ ਆਉਂਦਾ ਹੁੰਦਾ ਸੀ। ਹਾਏ ਉਏ ਰੱਬਾ ਮੈਨੂੰ ਕੀ ਪਤਾ ਸੀ ਕਿ ਮੇਰਾ ਸਾਲਾ ਉਹ ਮੰਤਰ ਮੇਰੇ ਈ ਘਰ 'ਤੇ ਵਰਤ ਜਾਊਗਾ।" ਭਾਗੇ ਦੀ ਦਰਦ ਭਰੀ ਦਾਸਤਾਨ ਸੁਣ ਕੇ ਸਾਰੀ ਭੀੜ ਵਿੱਚ ਹਾਸੜ ਮੱਚ ਗਈ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 9501100062

# ਖੇਤੀ ਖਰਚਾ ਵਧਾਉਣ ਦੇ ਤਰੀਕੇ

ਹੀਰਾ ਕਣਕ ਦੀ ਬਿਜਾਈ ਤੋਂ ਵਿਹਲਾ ਹੋ ਕੇ ਅੱਜ ਕਈਆਂ ਦਿਨਾਂ ਬਾਅਦ ਖੁੰਢ ਪੰਚਾਇਤ ਵਿੱਚ ਬੈਠਾ ਸੀ। ਜਦੋਂ ਖੁੰਢ ਚਰਚਾ ਡੀਜ਼ਲ ਪੈਟਰੋਲ ਦੀਆਂ ਨਿੱਤ ਵਧ ਰਹੀਆਂ ਕੀਮਤਾਂ ਵੱਲ ਮੁੜੀ ਤਾਂ ਉਹ ਹਾਉਕਾ ਲੈ ਕੇ ਬੋਲਿਆ, "ਇਸ ਵਾਰ ਤਾਂ ਯਾਰ ਡੀਜ਼ਲ ਨੇ ਧੂੰਆਂ ਈ ਕੱਢ ਦਿੱਤਾ ਆ। 20 22 ਲੀਟਰ ਤੇਲ ਲੱਗ ਗਿਆ ਇੱਕ ਏਕੜ ਦੀ ਬਿਜਾਈ ਪਿੱਛੇ। ਬਾਕੀ ਬੀਜ ਖਾਦ ਦਾ ਜੋ ਖਰਚਾ ਆਇਆ ਸੋ ਅਲੱਗ।" ਉਸ ਦੀ ਗੱਲ ਸੁਣ ਕੇ ਕੋਲ ਬੈਠਾ ਮਾਸਟਰ ਅਮਰੀਕ ਖਿਝ ਕੇ ਬੋਲਿਆ, "ਜੇ ਭਰਾਵਾ ਆਪਾਂ ਖੁਦ ਈ ਖਰਚੇ ਵਧਾਉਣ ਦਾ ਇਰਾਦਾ ਕੀਤਾ ਹੋਵੇ ਤਾਂ ਫਿਰ ਸਰਕਾਰ ਦਾ ਕੀ ਕਸੂਰ ਇਹਦੇ ਵਿੱਚ ?" ਸਾਰੇ ਹੈਰਾਨ ਰਹਿ ਗਏ ਕਿ ਗੱਲ ਗੱਲ 'ਤੇ ਸਰਕਾਰ ਦੀ ਨੁਕਤਾਚੀਨੀ ਕਰਨ ਵਾਲਾ ਮਾਸਟਰ ਅੱਜ ਕਿਵੇਂ ਸਰਕਾਰ ਦੇ ਹੱਕ ਵਿੱਚ ਬੋਲਣ ਲੱਗ ਪਿਆ ਹੈ। ਚਰਨੇ ਮੈਂਬਰ ਦੇ ਪੁੱਛਣ 'ਤੇ ਮਾਸਟਰ ਬੋਲਿਆ, "ਮੇਰੀ ਜ਼ਮੀਨ ਹੀਰੇ ਦੀ ਜ਼ਮੀਨ ਦੇ ਨਾਲ ਈ ਲੱਗਦੀ ਆ। ਮੈਂ ਵੇਖਿਆ ਇਸ ਅਗਾਂਹਵਧੂ ਕਿਸਾਨ ਨੇ ਕਿਵੇਂ ਤੇਲ ਦੀ ਬਰਬਾਦੀ ਕੀਤੀ ਆ। ਸੁਪਰ ਅਤੇ ਹੈਪੀ ਸੀਡਰ ਮਸੀਨਾਂ ਇਸ ਲਈ ਬਣੀਆਂ ਸਨ ਤਾਂ ਜੋ ਕਿਸਾਨ ਝੋਨੇ ਦੇ ਵੱਢ ਵਿੱਚ ਸਿੱਧੀ ਬਿਜਾਈ ਕਰ ਸਕਣ। ਪਰਾਲੀ ਵੀ ਨਾ ਸਾੜਨੀ ਪਵੇ ਤੇ ਤੇਲ ਵੀ ਬਚੇ। ਪਰ ਹੀਰੇ ਵਰਗੇ ਸਿਆਣੇ ਵਾਹੀਵਾਨਾਂ ਨੇ ਪਹਿਲਾਂ ਤਾਂ ਪਰਾਲੀ ਸਾੜੀ ਤੇ ਫਿਰ ਪੈਲੀ ਨੂੰ ਤਵੀਆਂ ਨਾਲ ਵਾਹਿਆ। ਹੁਣ ਬੰਦਾ ਪੁੱਛੇ ਕਿ ਜੇ ਪਰਾਲੀ ਸਾੜ ਕੇ ਤਵੀਆਂ ਈ ਫੇਰਨੀਆਂ ਸਨ ਤਾਂ ਫਿਰ ਸੁਪਰ ਸੀਡਰ ਨਾਲ ਬੀਜਣ ਦੀ ਕੀ ਜ਼ਰੂਰਤ ਸੀ, ਵੈਸੇ ਈ ਛੱਟੇ ਨਾਲ ਬੀਜ ਦਿੰਦੇ। ਪਰ ਇਸ ਨੇ ਪਹਿਲਾਂ ਪ੍ਰਤੀ ਏਕੜ ਤਵੀਆਂ ਫੇਰ ਕੇ 7 8 ਲੀਟਰ ਡੀਜ਼ਲ ਫੂਕਿਆ ਤੇ ਫਿਰ ਸੁਪਰ ਸੀਡਰ ਨਾਲ ਕਣਕ ਕੇਰ ਕੇ 10 12 ਲੀਟਰ ਹੋਰ ਫੂਕਿਆ। ਜਿਹੜੀ ਇੱਕ ਏਕੜ ਦੀ ਬਿਜਾਈ 8 10 ਲੀਟਰ ਨਾਲ ਹੋ ਜਾਣੀ ਸੀ ਉਹ 20 22 ਲੀਟਰ ਨਾਲ ਹੋਈ। ਬਾਕੀ ਸੁਪਰ ਸੀਡਰ ਨੇ ਜਿਹੜੀ ਟਰੈਕਟਰ ਦੇ ਇੰਜਣ ਦੀ ਜਾਨ ਕੱਢੀ ਉਹ ਵੱਖਰੀ।" ਮਾਸਟਰ ਦੀ ਗੱਲ ਸੁਣ ਕੇ ਸਾਰੇ ਸੋਚੀਂ ਪੈ ਗਏ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 9501100062

# ਵਿਦੇਸ਼ੀ ਪੰਜਾਬੀ ਅਖ਼ਬਾਰਾਂ ਪੰਜਾਬੀ ਸਾਹਿਤ ਦੀ ਸੇਵਾ ਵਿੱਚ ਮੋਹਰੀ

1970 ਦਹਾਕੇ ਵਿਚ ਪੰਜਾਬੀ ਪੱਤਰਕਾਰੀ ਵਿੱਚ ਇੱਕ ਬਹੁਤ ਵੱਡਾ ਮੋੜ ਆਇਆ ਸੀ। ਉਸ ਸਮੇਂ ਤਕ ਜੋ ਪੰਜਾਬੀ ਦੀਆਂ ਅਖ਼ਬਾਰਾਂ ਸਨ, ਉਨ੍ਹਾਂ ਦਾ ਕੰਮ ਖ਼ਬਰਾਂ ਤੇ ਸੰਪਾਦਕੀ ਤਕ ਸੀਮਿਤ ਸੀ, ਪਾਠਕਾਂ ਦੀ ਆਵਾਜ਼ ਲਈ ਕੋਈ ਖਾਸ ਕਾਲਮ ਨਹੀਂ ਸੀ ਸੰਪਾਦਕੀ ਅਦਾਰੇ ਵਲੋਂ ਜੋ ਪਰੋਸਿਆ ਜਾਂਦਾ ਸੀ, ਪਾਠਕਾਂ ਨੂੰ ਉਹੋ ਹੀ ਹਜ਼ਮ ਕਰਨਾ ਪੈਂਦਾ ਸੀ। ਐਤਵਾਰ ਛੁੱਟੀ ਵਾਲੇ ਦਿਨ ਸਾਹਿਤ ਨੂੰ ਥੋੜ੍ਹੀ ਬਹੁਤ ਥਾਂ ਦਿੱਤੀ ਜਾਂਦੀ ਸੀ,ਸਾਹਿਤ ਵਿਚ ਵਿਅੰਗ ਨੂੰ ਜ਼ਿਆਦਾ ਮੁੱਖ ਰੱਖਿਆ ਜਾਂਦਾ ਸੀ, ਸਾਹਿਤ ਨਾਲ ਸਬੰਧਤ ਲੇਖ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਵੀ ਥਾਂ ਦਿੱਤੀ ਜਾਂਦੀ ਸੀ ਕੁੱਲ ਮਿਲਾ ਕੇ ਸਾਹਿਤ ਲਈ ਦੋ ਸਫੇ ਸੀਮਤ ਸਨ। ਲੇਖਕ ਵੀ ਅਖ਼ਬਾਰਾਂ ਨੇ ਆਪਣੇ ਰਾਖਵੇਂ ਹੀ ਰੱਖੇ ਹੋਏ ਸਨ, ਨਵੇਂ ਲੇਖਕਾਂ ਨੂੰ ਬਹੁਤਾ ਹੁਲਾਰਾ ਨਹੀਂ ਦਿੱਤਾ ਜਾਂਦਾ ਸੀ। ਸਾਹਿਤ ਲਈ ਉਸ ਸਮੇਂ ਮਹੀਨਾਵਾਰ ਰਸਾਲੇ(ਮੈਗਜੀਨ) ਹਫਤਾਵਾਰੀ ਤੇ ਪੰਦਰਵਾੜੇ ਦੇ ਅਖ਼ਬਾਰ ਨਿਕਲਦੇ ਸਨ। ਜਿਨ੍ਹਾਂ ਵਿੱਚ ਪ੍ਰੀਤ ਲੜੀ,ਨਾਗਮਣੀ,ਆਰਸੀ ਤੇ ਕੌਮੀ ਏਕਤਾ ਮੁੱਖ ਸਨ, ਜੋ ਪੰਜਾਬੀ ਸਾਹਿਤ ਨਾਲ ਭਰਪੂਰ ਹੁੰਦੇ ਸਨ। ਸਥਾਪਤ ਲੇਖਕਾਂ ਦੇ ਨਾਲ ਨਵੀਆਂ ਕਲਮਾਂ ਨੂੰ ਵੀ ਖੁੱਲ੍ਹੀ ਥਾਂ ਦਿੱਤੀ ਜਾਂਦੀ ਸੀ। ਜਿਸ ਵਿੱਚੋਂ ਅਨੇਕਾਂ ਨਵੇਂ ਲੇਖਕ ਪੈਦਾ ਹੋਏ,ਉਸ ਸਮੇਂ ਤਕ ਅਖਬਾਰਾਂ ਦੀ ਪਹੁੰਚ ਸ਼ਹਿਰਾਂ ਤੱਕ ਸੀਮਤ ਸੀ, ਜਿਨ੍ਹਾਂ ਵਿੱਚ ਨੌਕਰੀਸ਼ੁਦਾ ਪਾਠਕ ਜ਼ਿਆਦਾ ਹੁੰਦੇ ਸਨ। ਨੌਜਵਾਨ ਪੀੜ੍ਹੀ ਵਿੱਚ ਅਖ਼ਬਾਰਾਂ ਦੀ ਬਹੁਤੀ ਪੁੱਛਗਿੱਛ ਨਹੀਂ ਸੀ,ਹਾਂ ਕਾਲਜਾਂ ਸਕੂਲਾਂ ਤੇ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਵਿੱਚ ਅਖ਼ਬਾਰ ਪੜ੍ਹੇ ਜਾਂਦੇ ਸਨ। ਨੌਜਵਾਨ ਪੀੜ੍ਹੀ ਜਿਨ੍ਹਾਂ ਵਿਚ ਮੁੱਖ ਵਿਦਿਆਰਥੀ ਹੁੰਦੇ ਸਨ, ਆਪਣੀ ਆਪਣੀ ਪਸੰਦ ਦੇ ਰਸਾਲੇ ਖਰੀਦ ਕੇ ਆਮ ਪੜ੍ਹਦੇ ਸਨ। ਕੁੱਲ ਮਿਲਾ ਕੇ ਇਹ ਕਹਿ ਸਕਦੇ ਹਾਂ ਅਖ਼ਬਾਰਾਂ ਨਾਲੋਂ ਰਸਾਲਿਆਂ ਦੀ ਵਿੱਕਰੀ ਜ਼ਿਆਦਾ ਹੁੰਦੀ ਸੀ, ਤੇ ਪਸੰਦ ਵੀ ਪਾਠਕ ਦਿਲੋਂ ਪਿਆਰ ਕਰਦੇ ਸਨ, ਕਿਸ ਦਿਨ ਬਾਜ਼ਾਰ ਵਿਚ ਆਵੇਗਾ ਦੁਕਾਨਾਂ ਤੇ ਜਾਕੇ ਪੁੱਛਦੇ ਸਨ।

ਅਖ਼ਬਾਰਾਂ ਨੂੰ ਚਲਾਉਣ ਲਈ ਇਸ਼ਤਿਹਾਰਾਂ ਦੀ ਬਹੁਤ ਜ਼ਰੂਰਤ ਹੁੰਦੀ ਹੈ ਸਰਕਾਰ ਨੇ ਕੁਝ ਖਾਸ ਇਸ਼ਤਿਹਾਰ ਦੇਣ ਲਈ ਦੋ ਭਾਸ਼ਾਵਾਂ ਦੇ ਅਖਬਾਰਾਂ ਵਿਚ ਇਸ਼ਤਿਹਾਰ ਦੇਣਾ ਲਾਜ਼ਮੀ ਹੋ ਗਿਆ। ਇੱਕ ਆਪਣੇ ਰਾਜ ਦੀ ਭਾਸ਼ਾ ਤੇ ਦੂਸਰੀ ਕੇਂਦਰੀ ਸਰਕਾਰੀ ਭਾਸਾ ?ਜਿਸ ਵਿੱਚ ਹਿੰਦੀ ਤੇ ਅੰਗਰੇਜ਼ੀ ਆਉਂਦੀ ਸੀ, ਇਸ ਜ਼ਰੂਰਤ ਕਰਕੇ ਅੰਗਰੇਜ਼ੀ ਤੇ ਹਿੰਦੀ ਅਖ਼ਬਾਰਾਂ ਨੂੰ ਪੰਜਾਬੀ ਭਾਸ਼ਾ ਦੇ ਅਖ਼ਬਾਰ ਕੱਢਣਾ ਲਾਜ਼ਮੀ ਹੋ ਗਿਆ ਤੇ ਪੰਜਾਬੀ ਅਖ਼ਬਾਰਾਂ ਨੂੰ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਦਾ ਅਖ਼ਬਾਰ ਚਾਲੂ ਕਰਨਾ ਅਖ਼ਬਾਰਾਂ ਦੀ ਗਿਣਤੀ ਵਧੀ। ਰਸਾਲਿਆਂ ਦੀ ਵਿੱਕਰੀ ਦੇ ਆਧਾਰ ਤੇ ਅਖ਼ਬਾਰਾਂ ਨੇ ਪੰਜਾਬੀ ਸਾਹਿਤ ਨੂੰ ਪਹਿਲ ਦੇਣੀ ਚਾਲੂ ਕੀਤੀ, ਤਾਂ ਜੋ ਹਰ ਕੋਈ ਪੀੜ੍ਹੀ ਅਖਬਾਰਾਂ ਨਾਲ ਜੁੜ ਸਕੇ। ਸੰਪਾਦਕੀ ਪੰਨੇ ਤੇ ਖ਼ਾਸ ਲੇਖ ਤੇ ਸੰਪਾਦਕ ਦੀ ਡਾਕ ਨੂੰ ਖੁੱਲ੍ਹੀ ਥਾਂ ਦਿੱਤੀ ਜਾਣ ਲੱਗੀ। ਐਤਵਾਰ ਨੂੰ ਸਾਹਿਤਕ ਰੰਗ ਨਾਲ ਭਰਪੂਰ ਚਾਰ ਪੰਨੇ ਹਰ ਕੋਈ ਅਖਬਾਰ ਨੇ ਚਾਲੂ ਕਰ ਦਿੱਤੇ ਬਾਕੀ ਦਿਨਾਂ ਵਿੱਚ ਇੱਕ ਪੰਨਾ ਸਾਹਿਤ ਜਾਂ ਸਮਾਜਿਕ ਸਰੋਕਾਰਾਂ ਨਾਲ ਸਬੰਧਿਤ ਹੁੰਦਾ ਸੀ। ਜੋ ਉਸ ਸਮੇਂ ਤੋਂ ਚਾਲੂ ਹੋਇਆ ਤੇ ਹੁਣ ਤੱਕ ਚੱਲ ਰਿਹਾ ਹੈ। ਸਾਹਿਤ ਤੇ ਸਮਾਜਕ ਸਮਗਰੀ ਛਾਪਣ ਨਾਲ ਅਖਬਾਰਾਂ ਦੀ ਛਪਣ ਗਿਣਤੀ ਧੜਾ ਧੜ ਵਧ ਗਈ,ਸ਼ਹਿਰਾਂ ਤੋਂ ਪਿੰਡਾਂ ਵੱਲ ਅਖ਼ਬਾਰਾਂ ਨੇ ਆਪਣਾ ਮੁੱਖ ਕਰ ਲਿਆ ਹਰ ਅਖ਼ਬਾਰ ਦੇ ਆਪਣੇ ਆਪਣੇ ਪੱਧਰ ਦੇ ਝੰਡੇ ਗੱਡ ਲਏ। ਜਿਸ ਨਾਲ ਰਸਾਲਾ ਵਰਗ ਖ਼ਾਤਮੇ ਵੱਲ ਵਧਣਾ ਚਾਲੂ ਹੋ ਗਿਆ। ਅੱਜ ਹਰ ਅਖ਼ਬਾਰ ਪਾਠਕਾਂ ਲਈ ਇੱਕ ਕਿਤਾਬ ਹੈ, ਰਸਾਲਿਆਂ ਦੇ ਨਾਲ ਕਿਤਾਬਾਂ ਦੀ ਮੰਗ ਵੀ ਘਟ ਗਈ ਹੈ। ਹੁਣ ਕੁਝ ਰਸਾਲੇ ਧੱਕੇ ਨਾਲ ਹੀ ਚੱਲ ਰਹੇ ਹਨ, ਕਿਤਾਬਾਂ ਦੀ ਮੰਗ ਨਹੀਂ ਪਰ ਇੱਕ ਰਿਵਾਜ ਜਾਂ ਵਿਖਾਵਾ ਕਰਕੇ ਕਿਤਾਬਾਂ ਹੁਣ ਆਪਣੇ ਆਪ ਨੂੰ ਲੇਖਕ ਵਿਖਾਉਣ ਲਈ ਸੀਮਿਤ ਗਿਣਤੀ ਵਿੱਚ ਛਪ ਰਹੀਆ ਹਨ। ਜਿਸ ਲੇਖਕ ਦੀ ਜੇਬ ਭਾਰੀ ਹੈ ਉਹ ਕਿਤਾਬ ਛਪਵਾਉਂਦਾ ਹੈ,ਉਸ ਤੋਂ ਬਾਅਦ ਪਾਠਕਾਂ ਵਿੱਚ ਧੱਕੇ ਨਾਲ ਵੰਡਣੀਆਂ ਪੈਂਦੀਆਂ ਹਨ ਜਾਂ ਕੁਝ ਖਾਸ ਮੇਲਿਆਂ ਤੇ ਕਿਤਾਬਾਂ ਦੀ ਵਿਕਰੀ ਜ਼ਰੂਰ ਹੋ ਜਾਂਦੀ ਹੈ। ਪਰ ਪਾਠਕਾਂ ਦੀ ਮੰਗ ਬਹੁਤ ਥੋੜ੍ਹੀ ਹੈ ਰਸਾਲੇ ਦੇ ਲੇਖਕ ਅਖਵਾਰਾਂ ਵੱਲ ਖਿੱਚੇ ਆ ਗਏ। ਕਿਉਂਕਿ ਅਖ਼ਬਾਰਾਂ ਵੱਲੋਂ ਸੇਵਾਫਲ ਵੀ ਦਿੱਤਾ ਜਾਂਦਾ ਹੈ ਰਚਨਾਵਾਂ ਸਬੰਧੀ ਚਿੱਠੀਆਂ ਛਪ ਦੀਆਂ ਹਨ, ਤੇ ਲੇਖਕਾਂ ਦਾ ਪੱਧਰ ਵੀ ਪਤਾ ਲੱਗ ਜਾਂਦਾ ਹੈ। ਲੇਖਾਂ ਉੱਤੇ ਸਾਰਥਕ ਰੂਪ ਵਿਚ ਪ੍ਰਤੀਕਰਮ ਲੱਗਣਾ ਪੰਜਾਬੀ ਸਾਹਿਤ ਨੂੰ ਨਵਾਂ ਰੰਗ ਦੇ ਗਿਆ, ਅਖ਼ਬਾਰ ਅਦਾਰਾ ਪਾਠਕਾਂ ਦੇ ਨਾਲ ਲੇਖਕਾਂ ਨੂੰ ਵੀ ਬਹੁਤ ਇੱਜ਼ਤ ਮਾਣ ਦਿੰਦੇ ਸਨ ਪਾਠਕ ਸਾਰਥਿਕ ਸਲਾਹਾਂ ਨਾਲ ਕੋਈ ਚਿੱਠੀ ਲਿਖਦਾ ਤਾਂ ਘਰ ਨੂੰ ਚਿੱਠੀ ਦਾ ਜਵਾਬ ਡਾਕ ਰਾਹੀਂ ਦਿੱਤਾ ਜਾਂਦਾ ਸੀ ਤੇ ਚਿੱਠੀ ਅਖ਼ਬਾਰ ਵਿੱਚ ਛਪਦੀ ਸੀ। ਲੇਖਕ ਦੀ ਜੋ ਰਚਨਾ ਛਪਣੀ ਹੁੰਦੀ ਸੀ ਡਾਕ ਰਾਹੀਂ ਉਸ ਨੂੰ ਸੁਨੇਹਾ ਭੇਜ ਦਿੱਤਾ ਜਾਂਦਾ ਸੀ ਕਮਾਲ ਇਹ ਵੀ ਜੋ ਰਚਨਾ ਛਾਪਣੀ ਨਹੀ ਹੁੰਦੀ ਸੀ ਆਪਣੇ ਸੁਝਾਵਾਂ ਸਹਿਤ ਸੰਪਾਦਕ ਸਾਹਿਬ ਡਾਕ ਰਾਹੀਂ ਘਰ ਨੂੰ ਰਚਨਾਵਾਂ ਵਾਪਿਸ ਭੇਜ ਦਿੰਦੇ ਸਨ। ਕੁੱਲ ਮਿਲਾ ਕੇ ਪਾਠਕ ਸੰਪਾਦਕੀ ਅਦਾਰਾ ਤੇ ਲੇਖਕਾਂ ਵਿੱਚ ਬਹੁਤ ਵਧੀਆ ਮੇਲ ਜੋਲ ਸੀ। ਚਿੱਠੀਆਂ ਲਿਖਣ ਵਾਲੇ ਅਨੇਕਾਂ ਪਾਠਕ ਲੇਖਕ ਬਣ ਗਏ ਇੱਕ ਮੈਂ ਵੀ ਹਾਂ ਸੰਪਾਦਕ ਸਾਹਿਬ ਨੇ ਮੈਨੂੰ ਦਫ਼ਤਰ ਬੁਲਾ ਕੇ ਕਿਹਾ ਕਿ ਤੁਸੀਂ ਚਿੱਠੀਆਂ ਬਹੁਤ ਸੋਹਣੀਆਂ ਲਿਖਦੇ ਹੋ ਜੋ ਰਚਨਾਵਾਂ ਸਬੰਧੀ ਸਾਰਥਕ ਆਲੋਚਨਾ ਹੁੰਦੀ ਹੈ ਤੁਸੀਂ ਪੂਰਾ ਲੇਖ ਹੀ ਲਿਖ ਕੇ ਭੇਜਿਆ ਕਰੋ, ਚਿੱਠੀ ਛਾਪਣੀ ਮੁਸ਼ਕਲ ਹੈ। ਡਾਕਟਰ ਪ੍ਰੋਫੈਸਰ ਨਾਮ ਲੇਖਕਾਂ ਦੀਆਂ ਰਚਨਾਵਾਂ ਤੇ ਪ੍ਰਤੀਕਰਮ ਬਹੁਤ ਜ਼ਿਆਦਾ ਲੱਗਣ ਲੱਗੇ। ਜੋ ਉਨ੍ਹਾਂ ਨੂੰ ਚੁਬਣ ਲੱਗੇ ਸੰਪਾਦਕੀ ਅਦਾਰੇ ਤਕ ਉਨ੍ਹਾਂ ਦੀ ਪਹੁੰਚ ਸੀ,ਜਿਹੜੇ ਅਖ਼ਬਾਰਾਂ ਵਿੱਚ ਪ੍ਰਤੀਕਰਮ ਲੇਖ ਜਾਂ ਚਿੱਠੀ ਲਗਦੀ ਸੀ, ਉਹ ਸਾਰਾ ਕੁਝ ਬੰਦ ਕਰਵਾ ਦਿੱਤਾ ?ਪੰਜਾਬ ਵਿੱਚ ਜਿੰਨੀਆਂ ਵੀ ਪੰਜਾਬੀ ਅਖ਼ਬਾਰਾਂ ਹਨ, ਕਿਸੇ ਰਚਨਾ ਦੀ ਸਾਰਥਕ ਆਲੋਚਨਾ ਕਰਨਾ ਵੀ ਬੰਦ ਕਰ ਦਿੱਤਾ ਗਿਆ ਹੈ ! ਜਲੰਧਰ ਦੇ ਇਕ ਰੋਜ਼ਾਨਾ ਅਖਬਾਰ ਦੇ ਸੰਪਾਦਕ ਸਾਹਿਬ ਮੈਨੂੰ ਫੋਨ ਕਰਕੇ ਖਾਸ ਤੌਰ ਤੇ ਕਿਹਾ ਤੂੰ ਜੋ ਚਿੱਠੀ ਵਿਚ ਸ਼ਬਦ ਲਿਖੇ ਹਨ ਮੈਨੂੰ ਚੰਗੇ ਨਹੀਂ ਲੱਗਦੇ ਚਿੱਠੀ ਛਾਪਣੀ ਦੂਰ ਦੀ ਗੱਲ ਮੇਰੀਆਂ ਰਚਨਾਵਾਂ ਵੀ ਛਾਪਣੀਆਂ ਬੰਦ ਕਰ ਦਿੱਤੀਆਂ ਸਦਕੇ ਜਾਈਏ ਇਹੋ ਜਿਹੇ ਉੱਚ ਅਧਿਕਾਰੀਆਂ ਦੇ ਮੇਰਾ ਕਿੱਲੇ ਤੋਂ ਰੱਸਾ ਖੋਲ ਕੇ ਬਾਹਰ ! ਮਾਰਚ ਮਹੀਨੇ ਕਰੋਨਾ ਮਹਾਮਾਰੀ ਆ ਗਈ ਭਾਰਤ ਵਿੱਚ ਲਾਕਡਾਊਨ ਲਗਾ ਦਿੱਤਾ,ਲੋਕਾਂ ਤੇ ਮਹਾਂਮਾਰੀ ਦਾ ਜੋ ਅਸਰ ਹੋਇਆ ਸਭ ਜਾਣਦੇ ਹਾਂ ! ਪਰ ਪੰਜਾਬੀ ਅਖ਼ਬਾਰਾਂ ਕਰੋਨਾ ਦੀ ਲਪੇਟ ਵਿੱਚ ਬੁਰੀ ਤਰ੍ਹਾਂ ਆ ਗਈਆਂ ਲਾਗ ਦੀ ਬਿਮਾਰੀ ਹੋਣ ਕਾਰਨ ਅਖ਼ਬਾਰਾਂ ਦੀ ਵਿਕਰੀ ਥੋੜ੍ਹੀ ਘਟ ਗਈ ! ਅਖ਼ਬਾਰਾਂ ਦੇ ਸਾਹਿਤਕ ਪੰਨਿਆਂ ਤੇ ਕੋਰੋਨਾ ਦਾ ਕੁਝ ਜ਼ਿਆਦਾ ਹੀ ਅਸਰ ਹੋ ਗਿਆ, ਥਾਂ ਘੱਟ ਕਰ ਦਿੱਤੀ ਗਈ ਤੇ ਲੇਖਕ ਪੱਕੇ ਰੂਪ ਵਿਚ ਸਥਾਪਤ ਕਰ ਦਿੱਤੇ ਸ਼ਾਇਦ ਉਨ੍ਹਾਂ ਨੂੰ ਕਿਸੇ ਖਾਸ ਬਿਲਡਿੰਗਾਂ ਵਿਚ ਬੰਦ ਰੱਖਿਆ ਗਿਆ ਹੈ,ਰਚਨਾਵਾਂ ਕਰੋਨਾ ਲੈ ਕੇ ਨਾ ਆ ਜਾਣ ਹਰ ਅਖਬਾਰ ਨੇ ਰਾਖਵੇਂ ਲੇਖਕ ਹੀ ਛਪ ਰਹੇ ਹਨ !ਆਮ ਮੇਰੇ ਜਿਹੇ ਬਾਹਰ ਕਰ ਦਿੱਤੇ ਗਏ ਨਵੀਆਂ ਕਲਮਾਂ ਲਈ ਕੋਈ ਥਾਂ ਹੀ ਨਹੀਂ ਹੈ, ਪੰਜਾਬ ਦੇ ਪੰਜਾਬੀ ਅਖ਼ਬਾਰਾਂ ਦੇ ਅਦਾਰਿਆਂ ਨੂੰ ਸਾਇਦ ਜਾਣਕਾਰੀ ਨਹੀਂ ਕਿ ਸਾਡੇ ਪਾਠਕ ਸਿਰਫ ਖ਼ਬਰਾਂ ਤੱਕ ਸੀਮਿਤ ਨਹੀਂ, ਸਤਰੰਗੀ ਅਖ਼ਬਾਰਾਂ ਜੋ ਸਾਹਿਤ ਨਾਲ ਪੂਰਨ ਰੂਪ ਵਿਚ ਰੰਗੀਆਂ ਹੁੰਦੀਆਂ ਸਨ ਉਨ੍ਹਾਂ ਦੀ ਜ਼ਰੂਰਤ ਹੈ !ਅਖ਼ਬਾਰਾਂ ਦੀ ਮੰਗ ਘਟੀ ਨਹੀਂ ਅਖ਼ਬਾਰੀ ਅਦਾਰਿਆ ਦੀ ਗਲਤੀ ਕਾਰਨ ਘਟੀ ਹੈ ਛਪਣ ਗਿਣਤੀ ਕਾਰਨ ਆਮਦਨ ਘਟੀ ਹੈ ਸਪਲੀਮੈਂਟ ਧੜਾ ਧੜ ਛਾਪੇ ਜਾ ਰਹੇ ਹਨ ਪਰ ਪਾਠਕਾਂ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਚਾਰ ਦਹਾਕਿਆਂ ਤੋਂ ਅਖ਼ਵਾਰਾ ਜੋ ਇਕ ਕਿਤਾਬ ਦਾ ਰੂਪ ਧਾਰ ਚੁੱਕੀਆਂ ਸਨ ਉਹ ਨਹੀਂ ਮਿਲਣਗੀਆਂ ਤਾਂ ਪਾਠਕ ਨਹੀਂ ਮਿਲੇਗਾ ?

ਕਰੋਨਾ ਮਹਾਂਮਾਰੀ ਕਾਰਨ ਅਖਵਾਰ ਜ਼ਿਆਦਾ ਆਨਲਾਈਨ ਹੋ ਗਏ ਹਨ। ਦਹਾਕਿਆਂ ਤੋਂ ਜੋ ਪਾਠਕ ਸਿਰਫ ਪੰਜਾਬ ਤੇ ਪੰਜਾਬੀ ਅਖ਼ਬਾਰਾਂ ਤੱਕ ਸੀਮਿਤ ਸਨ,ਉਨ੍ਹਾਂ ਨੂੰ ਆਨਲਾਇਨ ਜਾ ਕੇ ਪਤਾ ਲੱਗਿਆ ਕਿ ਵਿਦੇਸ਼ਾਂ ਵਿਚ ਰੋਜ਼ਾਨਾ ਤੇ ਹਫ਼ਤਾਵਾਰੀ ਅਨੇਕਾਂ ਪੰਜਾਬੀ ਅਖ਼ਬਾਰ ਛਪਦੇ ਹਨ। ਉਨ੍ਹਾਂ ਨੇ ਪੰਜਾਬ ਵਿੱਚ ਛਪਣ ਵਾਲੇ ਪੰਜਾਬੀ ਅਖਬਾਰਾਂ ਦੇ ਸੰਪਾਦਕ ਜਾਂ ਅਦਾਰਿਆਂ ਨਾਲ ਸਾਹਿਤ ਮਾਫ਼ੀਆ ਨੇ ਮਿਲ ਕੇ ਜੋ ਲੇਖਕਾਂ ਨੂੰ ਛਾਪਣਾ ਬੰਦ ਕਰਵਾ ਦਿੱਤਾ ਸੀ। ਸਾਰੀ ਦੁਨੀਆਂ ਜਾਣਦੀ ਹੈ ਸਾਡੇ ਐੱਨ ਆਰ ਆਈ ਭੈਣ ਭਰਾ ਦੁਖ ਸੁਖ ਦੀ ਘੜੀ ਅੱਗੇ ਹੋ ਕੇ ਖੜ੍ਹਦੇ ਹਨ। ਪਹਿਲਾਂ ਉਨ੍ਹਾਂ ਦੀ ਸੇਵਾ ਧਾਰਮਕ ਸਥਾਨਾਂ ਤੱਕ ਸੀਮਤ ਸੀ ਹੁਣ ਹਸਪਤਾਲ ਅਤੇ ਸਕੂਲ ਨਵੇਂ ਰੂਪ ਵਿੱਚ ਸਥਾਪਤ ਕਰਨ ਲਈ ਮਨ ਅਤੇ ਧਨ ਨਾਲ ਆਪਣੇ ਘਰ ਪੰਜਾਬ ਵਿਚ ਆ ਖੜ੍ਹਦੇ ਹਨ। ਇਸੇ ਤਰ੍ਹਾਂ ਸਾਡੇ ਵਿਦੇਸ਼ੀ ਅਖ਼ਬਾਰਾਂ ਨੇ ਪਛਾੜੇ ਹੋਏ ਲੇਖਕਾਂ ਤੇ ਨਵੇਂ ਲੇਖਕਾਂ ਦਾ ਅੱਗੇ ਹੋ ਕੇ ਹੱਥ ਫੜਿਆ, ਹਰ ਅਖ਼ਬਾਰ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਲਈ ਹਰ ਸਮੇਂ ਤੱਤਪਰ ਹੈ। ਮੁੱਖ ਰੋਜ਼ਾਨਾ ਅਖ਼ਬਾਰ ਡੇਲੀ ਹਮਦਰਦ,ਸਾਂਝੀ ਸੋਚ,ਪੰਜਾਬ ਟਾਇਮ ਡਰਬੀ,ਪੰਜਾਬੀ ਪੋਸਟ ਹਫ਼ਤਾਵਾਰੀ ਸਾਡੇ ਲੋਕ ਪ੍ਰੀਤਨਾਮਾ, ਪੰਜਾਬ ਮੇਲ ਯੂ ਐਸ ਏ, ਪੰਜਾਬੀ ਟ੍ਰਿਬਿਊਨ ਇੰਟਰਨੈਸ਼ਨਲ, ਖ਼ਬਰਨਾਮਾ, ਹਮਦਰਦ,ਨੈਸਨਲ,ਪਰਦੇਸ ਟਾਇਮਸ ਸਾਰੇ ਚੰਗੇ ਲੇਖਕਾ ਨੂੰ ਪਹਿਲ ਦਿੰਦੇ ਹਨ। ਇੱਥੇ ਸਾਡੇ ਬੁੱਧੀਜੀਵੀ ਸਾਹਿਤ ਸਭਾਵਾਂ ਨਾਅਰੇ ਲਗਾਉਂਦੀਆਂ ਹਨ ਕੇ ਪੰਜਾਬੀ ਬੋਲੀ ਖਤਰੇ ਵਿੱਚ ਹੈ,ਪਰ ਦੇਖੋ ਵਿਦੇਸ਼ੀ ਭੈਣ ਭਰਾ ਆਰਥਕ ਰੂਪ ਵਿੱਚ ਸਾਡੇ ਦੇਸ਼ ਨੂੰ ਮਜ਼ਬੂਤ ਕਰ ਰਹੇ ਹਨ। ਪੰਜਾਬੀ ਮਾਂ ਬੋਲੀਦੀ ਸੇਵਾ ਦੇ ਝੰਡੇ ਉਨ੍ਹਾਂ ਨੇ ਜੋ ਹਰ ਰੂਪ ਵਿੱਚ ਗੱਡੇ ਹੋਏ ਹਨ,ਬੁੱਧੀਜੀਵੀ ਤੇ ਸਾਹਿਤ ਸਭਾਵਾ ਵਾਲਿਓ ਉਧਰ ਨਿਗ੍ਹਾ ਮਾਰ ਕੇ ਦੇਖੋ ਤੁਹਾਡਾ ਸ਼ਰਮ ਨਾਲ ਸਿਰ ਝੁੱਕ ਜਾਵੇਗਾ।

ਵਿਦੇਸ਼ਾਂ ਵਿਚ ਜੋ ਦੇਖਿਆ ਤੇ ਹੱਡ ਬੀਤੀ - ਤਿੰਨ ਦਹਾਕਿਆਂ ਤੋਂ ਮੈਂ ਮਰਚੈਂਟ ਨੇਵੀ ਵਿੱਚ ਨੌਕਰੀ ਕਰਦਾ ਹਾਂ। ਸਾਰਾ ਯੂਰਪ ਆਸਟ੍ਰੇਲੀਆ ਕੈਨੇਡਾ ਅਮਰੀਕਾ ਮੇਰੇ ਜਹਾਜ਼ ਕੱਚਾ ਤੇਲ ਲੈ ਕੇ ਜਾਂਦੇ ਹਨ ਪੰਜਾਬੀ ਲੋਕਾਂ ਨੂੰ ਮਿਲਣ ਦਾ ਆਮ ਸਮਾ ਮਿਲਦਾ ਰਹਿੰਦਾ ਹੈ। ਸਾਡੇ ਪੰਜਾਬੀ ਜਿੱਥੇ ਵੀ ਗਏ ਹਨ,ਆਪਣੀ ਮਾਂ ਬੋਲੀ ਪੰਜਾਬੀ ਤੇ ਵਿਰਸੇ ਨੂੰ ਨਾਲ ਲੈ ਕੇ ਗਏ ਹਨ। ਆਪਾਂ ਪੰਜਾਬ ਚ ਰਹਿਣ ਵਾਲੇ ਪੰਜਾਬ,ਪੰਜਾਬੀ ਤੇ ਪੰਜਾਬੀਅਤ ਤੋਂ ਹੌਲੀ ਹੌਲੀ ਸਰਕਦੇ ਜਾ ਰਹੇ ਹਾਂ, ਪਰ ਵਿਦੇਸ਼ਾਂ ਵਿੱਚ ਬੈਠੇ ਸਾਡੇ ਭੈਣ ਭਰਾ ਪੰਜਾਬੀ ਮਾਂ ਬੋਲੀ ਦੀ ਸੇਵਾ ਹਰ ਰੂਪ ਵਿੱਚ ਕਰ ਰਹੇ ਹਨ। ਮਨੋਰੰਜਨ ਤੇ ਜਾਣਕਾਰੀ ਲਈ ਟੀ ਵੀ ਰੇਡੀਓ ਤੇ ਅਖ਼ਬਾਰ ਹਰ ਦੇਸ਼ ਵਿੱਚ ਮੌਜੂਦ ਹਨ। ਪੰਜਾਬ ਵਿਚ ਛਪਣ ਵਾਲੇ ਅਖ਼ਬਾਰ ਤਾਂ ਆਪਣੇ ਹਥਿਆਰ ਸੁੱਟਦੇ ਜਾ ਰਹੇ ਹਨ "ਖ਼ੁਦਾ ਰਹਿਮ ਕਰੇ" ਪਰ ਵਿਦੇਸ਼ੀ ਪੰਜਾਬੀ ਅਖ਼ਬਾਰ ਧੜਾ ਧੜ ਮਾਂ ਬੋਲੀ ਪੰਜਾਬੀ ਦੀ ਸੇਵਾ ਵਿੱਚ ਝੰਡੇ ਗੱਡਦੇ ਜਾ ਰਹੇ ਹਨ। ਜੇ ਪੰਜਾਬ ਵਿੱਚ ਛਪਦੇ ਪੰਜਾਬੀ ਅਖ਼ਬਾਰਾਂ ਦਾ ਕਰੋਨਾ ਦਾ ਬੁਖ਼ਾਰ ਨਾ ਉਤਰਿਆ ਤਾਂ ਵਿਦੇਸ਼ੀ ਅਖ਼ਬਾਰ ਹੀ ਪੰਜਾਬੀ ਪੱਤਰਕਾਰੀ ਵੀ ਕੁਰਸੀ ਦੀ ਥਾਂ ਮੱਲ ਲੈਣਗੇ। ਇੱਥੋਂ ਦੇ ਪੰਜਾਬੀ ਅਖ਼ਬਾਰ ਜੋ ਸਾਹਿਤ ਦੇ ਮਾਫ਼ੀਆ ਦੇ ਝੰਡੇ ਥੱਲੇ ਝੁੱਕੇ ਹੋਏ ਹਨ, ਇਹ ਅਖ਼ਬਾਰ ਸਿਰਫ਼ ਖ਼ਬਰਾਂ ਤੱਕ ਹੀ ਸੀਮਤ ਰਹਿ ਜਾਣਗੇ। ਜਿਸ ਤਰ੍ਹਾਂ ਬੇਰੁਜ਼ਗਾਰ ਨੌਜਵਾਨ ਵਿਦੇਸ਼ਾਂ ਨੂੰ ਭੱਜ ਰਹੇ ਹਨ,ਉਹੀ ਹਾਲ ਪੰਜਾਬੀ ਲੇਖਕਾਂ ਦਾ ਹੈ। ਜਦੋਂ ਦਾ ਡਿਜੀਟਲ ਜ਼ਮਾਨਾ ਆਇਆ ਹੈ ਤਾਂ ਕਲਮ ਵਹੁਣ ਵਾਲੇ ਲੇਖਕਾਂ ਨੂੰ ਅਖਬਾਰਾਂ ਵਾਲੇ ਪੁੱਛਦੇ ਤੱਕ ਨਹੀਂ ਰਚਨਾ ਮਿਲ ਗਈ ਛਾਪਣੀ ਹੈ,ਕਿ ਨਹੀ ਇਸ ਦਾ ਕੋਈ ਨਾਮੋ ਨਿਸ਼ਾਨ ਹੀ ਨਹੀਂ ਹੁੰਦਾ ਪੰਜਾਬ ਦੇ ਅਖ਼ਬਾਰ ਚਿੱਠੀਆਂ ਲਈ ਵੀ ਸੀਮਤ ਪਾਠਕ ਹੀ ਰੱਖੇ ਹਨ। ਕਰੋਨਾ ਮਹਾਮਾਰੀ ਦਾ ਅਸਰ ਭਾਰਤ ਤੇ ਜਿਆਦਾ ਨਹੀਂ ਹੋਇਆ ਜੋ ਅਖਬਾਰਾਂ ਤੇ ਹੋ ਗਿਆ ਹੈ ਅਖ਼ਬਾਰੀ ਅਦਾਰੇ ਵਾਲੇ ਚੰਗੀਆਂ ਰਚਨਾਵਾਂ ਖ਼ਰੀਦਣ ਲਈ ਮਜਬੂਰ ਹੋ ਜਾਣਗੇ। ਕਿਉਂਕਿ ਇਨ੍ਹਾਂ ਦਾ ਧੱਕਾ ਮਾਰਿਆ ਹੋਇਆ, ਪੰਜਾਬੀ ਮਾਂ ਬੋਲੀ ਦੀ ਕਲਮ ਜਿਸ ਨੂੰ ਆਈਲੈਟਸ ਜਾਂ ਵੀਜੇ ?ਦੀ ਜ਼ਰੂਰਤ ਨਹੀਂ ਵਿਦੇਸਾਂ ਨੂੰ ਭੱਜੀ ਜਾ ਰਹੀ ਹੈ। ਸਾਡੇ ਪੰਜਾਬ ਛਪਣ ਵਾਲੇ ਪੰਜਾਬੀ ਅਖ਼ਬਾਰ ਬਹੁਤ ਜਲਦੀ ਲੰਗੜੇ ਹੋ ਜਾਣਗੇ ਕਸੂਰ ਪਾਠਕਾਂ ਜਾਂ ਲੇਖਕਾਂ ਦਾ ਨਹੀਂ ਅਖ਼ਬਾਰੀ ਅਦਾਰੇ ਤੇ ਸਾਹਿਤ ਮਾਫ਼ੀਆ ਦੀ ਮਿਲੀ ਭੁਗਤ ਹੈ। ਜਿਸ ਨਾਲ ਇੱਥੋਂ ਦੇ ਪੰਜਾਬੀ ਅਖ਼ਬਾਰ ਆਈ ਸੀ ਯੂ ਉਤੇ ਚਲੇ ਗਏ ਹਨ। ਚੰਡੀਗੜ੍ਹ ਛਪਦੀ ਇੱਕ ਪੰਜਾਬੀ ਅਖ਼ਬਾਰ ਦੀ ਸਹਿ ਸੰਪਾਦਕ ਬੀਬਾ ਜੀ ਮੈਂ ਪੁੱਛਿਆ ਕੇ ਮੇਰੇ ਤੇ ਫਲਾਣੇ ਫਲਾਣੇ ਲੇਖਕਾਂ ਦੀਆਂ ਰਚਨਾਵਾਂ ਕਿਉਂ ਨੀ ਛਪ ਰਹੀਆਂ, ਉਸ ਨੇ ਕਿਹਾ ਵੀਰੇ ਮੇਰੇ ਕੋਲ ਕੋਈ ਜਵਾਬ ਨਹੀਂ। ਜੇ ਮੈਂ ਭਾਰਤ ਵਿਚ ਐੱਮ ਐੱਲ ਏ ਤੇ ਐਮ ਪੀ ਨੂੰ ਆਪਣੇ ਕੰਮ ਕਾਰ ਤਾਂ ਕੁਝ ਵੀ ਪਤਾ ਨਹੀਂ ਜੇ ਭੁੱਲ ਚੁੱਕ ਕੇ ਕੁਝ ਚੰਗਾ ਕੰਮ ਕਰ ਦੇਣਗੇ ਤਾਂ ਮੀਡੀਆ ਨੂੰ ਪੁੱਛਣ ਤੇ ਕਹਿਣਗੇ ਇਹ "ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਜੀ ਦੀ ਮੇਹਰਬਾਨੀ ਹੈ" ਸਦਕੇ ਜਾਈਏ। ਅਖ਼ਬਾਰੀ ਅਦਾਰਿਆਂ ਨੂੰ ਕਰੋਨਾ ਦਾ ਬਹਾਨਾ ਲਾ ਕੇ ਪਾਠਕਾਂ ਤੇ ਲੇਖਕਾਂ ਨਾਲ ਧੋਖਾ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਫੇਰ ਪਾਠਕਾਂ ਤੇ ਲੇਖਕਾਂ ਨੂੰ ਲੱਭਣ ਲਈ ਰੌਸ਼ਨੀ ਦੀ ਜ਼ਰੂਰਤ ਪਵੇਗੀ। ਸ਼ਮਸ਼ਾਦ ਬੇਗਮ ਦਾ ਗੀਤ ਗੁਣ ਗਣਾਉਂਣਗੇ" ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀ ਆਂ ਗਲੀ ਭੁੱਲ ਨਾ ਜਾਵੇ ਚੰਨ ਮੇਰਾ" -

**ਰਮੇਸ਼ਵਰ ਸਿੰਘ**

**9914880392**

# ਕੁਝ ਵੀ ਸਿੱਖਣ ਲਈ ਸਮਝਣ ਦੀ ਲੋੜ ਹੁੰਦੀ ਹੈ

ਪਿਆਰੇ ਬੱਚਿਓ! ਇਕ ਵਾਰ ਇਕ ਸਜ-ਵਿਆਹੀ ਕੁੜੀ ਨੂੰ ਉਸ ਦੇ ਪਤੀ ਨੇ ਕਿਹਾ ਕਿ ਉਹ ਅੱਜ ਸਾਰੇ ਘਰ ਵਾਲਿਆਂ ਨੂੰ ਸੁਆਦਲੀ ਖੀਰ ਰਿੰਨ੍ਹ ਕੇ ਖੁਆਏ। ਦਰਅਸਲ ਕੁੜੀ ਨੂੰ ਖੀਰ ਬਣਾਉਣੀ ਨਹੀਂ ਆਉਂਦੀ ਸੀ, ਪਰ ਉਹ ਆਪਣੇ ਪਤੀ ਸਾਹਮਣੇ ਨੀਵੀਂ ਨਹੀਂ ਸੀ ਹੋਣਾ ਚਾਹੁੰਦੀ। ਇਸ ਲਈ ਉਹ ਝੂਠ ਦਾ ਸਹਾਰਾ ਲੈਂਦੀ ਹੋਈ ਕਹਿਣ ਲੱਗੀ, 'ਤੁਸੀਂ ਦੁੱਧ ਲੈ ਆਓ। ਮੈਂ ਤੁਹਾਨੂੰ ਬਹੁਤ ਹੀ ਵਧੀਆ ਖੀਰ ਰਿੰਨ੍ਹ ਕੇ ਖੁਆਵਾਂਗੀ। ਮੇਰੀ ਬਣੀ ਹੋਈ ਖੀਰ ਤਾਂ ਮੇਰੇ ਘਰ ਦੇ ਉਂਗਲੀਆਂ ਚੱਟ-ਚੱਟ ਕੇ ਖਾਂਦੇ ਸਨ।' ਉਸ ਦਾ ਪਤੀ ਖੀਰ ਲਈ ਦੁੱਧ ਲਿਆ ਕੇ ਉਸ ਨੂੰ ਦੇ ਗਿਆ ਅਤੇ ਖੁਦ ਕੰਮ ਕਰਨ ਚਲਾ ਗਿਆ। ਕੁੜੀ ਬੜੀ ਫਿਕਰਮੰਦ ਹੋਈ ਕਿ ਹੁਣ ਕੀ ਕਰੇ ?ਕਿਸ ਨੂੰ ਪੁੱਛੇ ਖੀਰ ਬਣਾਉਣ ਦਾ ਤਰੀਕਾ ?ਅੰਤ ਉਸ ਨੇ ਉਨ੍ਹਾਂ ਦੇ ਗੁਆਂਢ 'ਚ ਵਸਦੀ ਇਕ ਬੁੱਢੀ ਔਰਤ ਕੋਲੋਂ ਖੀਰ ਰਿੰਨ੍ਹਣ ਦਾ ਢੰਗ ਪੁੱਛਣ ਦਾ ਫੈਸਲਾ ਕੀਤਾ।

ਆਲੇ-ਦੁਆਲੇ ਦੇ ਲੋਕਾਂ ਤੋਂ ਨਜ਼ਰ ਬਚਾ ਕੇ ਉਹ ਬੁੱਢੀ ਦੇ ਘਰ ਗਈ। ਗੁਆਂਢੀਆਂ ਦੀ ਨਵੀਂ ਵਿਆਹੀ ਬਹੂ ਨੂੰ ਆਪਣੇ ਘਰ ਆਈ ਦੇਖ ਕੇ ਬੁੱਢੀ ਬਹੁਤ ਖੁਸ਼ ਹੋਈ। ਖੀਰ ਬਣਾਉਣ ਦਾ ਤਰੀਕਾ ਉਹ ਬੜੇ ਚਾਅ ਨਾਲ ਦੱਸਣ ਲੱਗੀ। ਬੁੱਢੀ ਨੇ ਕਿਹਾ, 'ਪਹਿਲਾਂ ਦੁੱਧ ਉਬਾਲ ਲਈਂ।' ਅੱਗਿਓਂ ਕੁੜੀ ਬੋਲੀ, 'ਇਹ ਤਾਂ ਮੈਨੂੰ ਪਤਾ ਏ।' ਅੱਗਿਓਂ ਬੁੱਢੀ ਦੱਸਣ ਲੱਗੀ, 'ਫਿਰ ਚੌਲਾਂ ਨੂੰ ਪਾਣੀ 'ਚ ਭਿਉਂ ਕੇ ਚੰਗੀ ਤਰ੍ਹਾਂ ਧੋ-ਸੰਵਾਰ ਕੇ ਦੁੱਧ ਵਿਚ ਪਾ ਦੇਵੀਂ।' ਕੁੜੀ ਫਿਰ ਬੋਲੀ, 'ਇਹ ਤਾਂ ਮੈਨੂੰ ਪਤਾ।' ਬੁੱਢੀ ਨੇ ਫਿਰ ਦੱਸਿਆ, 'ਫਿਰ ਥੋੜ੍ਹੀ ਜਿਹੀ ਖੰਡ, ਲੋੜ ਅਨੁਸਾਰ ਬਦਾਮਾਂ ਦੀਆਂ ਗਿਰੀਆਂ ਅਤੇ ਮੇਵਾ ਪਾ ਦੇਵੀਂ।' ਕੁੜੀ ਨੇ ਚਲਾਕੀ ਦਿਖਾਉਂਦੇ ਹੋਏ ਅੱਗਿਓਂ ਕਿਹਾ, 'ਮਾਤਾ ਜੀ, ਇਹ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ।' ਸਜ-ਵਿਆਹੀ ਕੁੜੀ ਦੁਆਰਾ ਵਾਰ-ਵਾਰ 'ਮੈਨੂੰ ਪਤਾ ਏ-ਮੈਨੂੰ ਪਤਾ ਏ' ਸੁਣ ਕੇ ਬੁੱਢੀ ਨੂੰ ਬੜੀ ਖਿਝ ਚੜ੍ਹੀ। ਉਹਨੂੰ ਪੱਕਾ ਪਤਾ ਲੱਗ ਗਿਆ ਸੀ ਕਿ ਕੁੜੀ ਨੂੰ ਖੀਰ ਬਣਾਉਣੀ ਨਹੀਂ ਆਉਂਦੀ। ਐਵੇਂ ਜ਼ਬਾਨ ਦੀ ਚਤੁਰਾਈ ਦਿਖਾ ਕੇ ਰਿੰਨ੍ਹਣ-ਪਕਾਉਣ ਦੀ ਮਾਹਿਰ ਬਣਨ ਦਾ ਦਿਖਾਵਾ ਕਰਨਾ ਚਾਹੁੰਦੀ ਏ। ਸੋ, ਬੁੱਢੀ



ਨੇ ਕੁੜੀ ਨੂੰ ਪਰਖਣਾ ਚਾਹਿਆ ਅਤੇ ਦੱਸਣ ਲੱਗੀ, 'ਜਿਸ ਵੇਲੇ ਦੁੱਧ ਕੜ੍ਹ ਕੇ ਜ਼ਰਾ ਸੰਘਣਾ ਹੋ ਜਾਵੇ ਤਾਂ ਉਸ ਵਿਚ ਦੋ ਨਿੰਬੂਆਂ ਦਾ ਰਸ ਨਿਚੋੜ ਦੇਵੀਂ। ਬਸ ਵਧੀਆ ਖੀਰ ਤਿਆਰ ਹੋ ਜਾਵੇਗੀ।'

'ਮੈਨੂੰ ਮਾਤਾ ਜੀ ਇਹ ਵੀ ਪਤਾ ਏ', ਕਹਿ ਕੇ ਸਜ-ਵਿਆਹੀ ਕੁੜੀ ਆਪਣੇ ਘਰ ਵੱਲ ਦੌੜ ਗਈ। ਘਰ ਆ ਕੇ ਉਸ ਨੇ ਬੁੱਢੀ ਦੇ ਦੱਸਣ ਅਨੁਸਾਰ ਪਹਿਲਾਂ ਦੁੱਧ ਉਬਾਲਿਆ। ਫਿਰ ਉਸ ਵਿਚ ਚੌਲ ਧੋ ਕੇ ਪਾ ਦਿੱਤੇ। ਉਪਰੰਤ ਖੰਡ, ਸੌਗੀ ਅਤੇ ਬਦਾਮਾਂ ਦੀਆਂ ਗਿਰੀਆਂ ਪਾ ਦਿੱਤੀਆਂ। ਜਦੋਂ ਰਿੱਝ ਕੇ ਦੁੱਧ ਸੰਘਣਾ ਹੋ ਗਿਆ ਤਾਂ ਉਸ ਵਿਚ ਦੋ ਨਿੰਬੂ ਨਿਚੋੜ ਦਿੱਤੇ। ਗਰਮ ਖੀਰ ਵਿਚ ਨਿੰਬੂ ਨਿਚੋੜਨ ਦੀ ਦੇਰ ਸੀ ਕਿ ਦੁੱਧ ਫਟ ਗਿਆ ਅਤੇ ਖੀਰ ਵਿਚ ਖੱਟੇਪਨ ਅਤੇ ਬਕਬਕੇਪਨ ਦਾ ਸੁਆਦ ਪੈਦਾ ਹੋ ਗਿਆ। ਸ਼ਾਮੀਂ ਜਦੋਂ ਨਵੀਂ ਵਿਆਹੀ ਉਸ ਲੜਕੀ ਦਾ ਪਤੀ ਘਰ ਆ ਕੇ ਖੀਰ ਖਾਣ ਲੱਗਾ ਤਾਂ ਖੀਰ ਦਾ ਭਰਿਆ ਚਮਚਾ ਮੂੰਹ 'ਚ ਪਾਉਂਦਿਆਂ ਉਸ ਨੂੰ ਕੁੜੀ ਉੱਤੇ ਅੰਤਾਂ ਦਾ ਗੁੱਸਾ ਆ ਗਿਆ। ਕਹਿਣ ਲੱਗਾ, 'ਅਜਿਹੀ ਖੀਰ ਬਣਾਉਣ ਦੀ ਜਾਚ ਕਿਥੋਂ ਸਿੱਖੀ ਏ ?

ਉਹ ਪਤੀ ਦਾ ਗੁੱਸਾ ਦੇਖ ਕੇ ਤੁਰੰਤ ਬੋਲੀ ਕਿ ਗੁਆਂਢ ਦੀ ਬੁੱਢੀ ਨੇ ਕਿਹਾ ਸੀ ਕਿ ਖੀਰ ਰਿੰਨ੍ਹ ਕੇ ਅਖੀਰ ਵਿਚ ਨਿੰਬੂ ਨਿਚੋੜ ਦੇਵੀਂ।' ਪਤੀ ਨੂੰ ਬੁੱਢੀ 'ਤੇ ਬੜਾ ਰੋਹ ਆਇਆ। ਉਹ ਬੁੱਢੀ ਦੇ ਘਰ ਜਾ ਕੇ ਉਸ ਦੇ ਗਲ ਪੈ ਗਿਆ। ਅੱਗਿਓਂ ਬੁੱਢੀ ਕਹਿਣ ਲੱਗੀ, 'ਪੁੱਤਰ, ਤੇਰੀ ਵਹੁਟੀ ਮੇਰੇ ਕੋਲੋਂ ਖੀਰ ਰਿੰਨ੍ਹਣ ਦਾ ਤਰੀਕਾ ਸਿੱਖਣ ਆਈ ਸੀ। ਮੈਂ ਜਿਹੜੀ ਵੀ ਗੱਲ ਦੱਸੀ ਜਾਵਾਂ, ਉਹ ਅੱਗਿਓਂ ਕਹੀ ਜਾਵੇ 'ਇਹ ਤਾਂ ਮੈਨੂੰ ਪਤਾ ਏ।' ਉਸ ਦੇ ਵਾਰ-ਵਾਰ ਇਸ ਤਰ੍ਹਾਂ ਕਹਿਣ 'ਤੇ ਮੈਨੂੰ ਵੀ ਗੁੱਸਾ ਆ ਗਿਆ। ਮੈਂ ਉਸ ਨੂੰ ਪਰਖਣ ਲਈ ਉਂਜ ਹੀ ਕਹਿ ਦਿੱਤਾ ਕਿ 'ਨਿੰਬੂ ਨਿਚੋੜ ਦੇਵੀਂ।' ਉਸ ਨੇ ਸੱਚਮੁੱਚ ਖੀਰ ਰਿੰਨ੍ਹ ਕੇ ਵਿਚ ਨਿੰਬੂ ਨਿਚੋੜ ਦਿੱਤੇ। ਦੱਸ ਇਸ ਵਿਚ ਮੇਰਾ ਕੀ ਕਸੂਰ ਏ ?ਕਿਸੇ ਤੋਂ ਕੁਝ ਸਿੱਖਣ ਲਈ, ਸਮਝਣ ਲਈ ਵੀ ਅਕਲ ਦੀ ਲੋੜ ਹੁੰਦੀ ਏ। ਚੁਸਤੀ-ਚਲਾਕੀ ਨਹੀਂ, ਸਗੋਂ ਨਿਮਰਤਾ ਦੀ ਲੋੜ ਹੁੰਦੀ ਏ।' ਇਹ ਗੱਲ ਸੁਣ ਕੇ ਪਤੀ ਸ਼ਰਮਿੰਦਾ ਹੋ ਕੇ ਘਰ ਵਾਪਸ ਆ ਗਿਆ। ਬੁੱਢੀ ਮਾਤਾ ਨੇ ਉਸ ਨੂੰ ਜ਼ਿੰਦਗੀ ਵਿਚ ਕੰਮ ਆਉਣ ਵਾਲਾ ਇਕ ਅਹਿਮ ਨੁਕਤਾ ਸਮਝਾ ਦਿੱਤਾ ਸੀ।

# ਸਰੀਰ ਦੀ ਭਾਸ਼ਾ ਦੀ ਕਲਾ



ਸੰਚਾਰ ਵਿੱਚ ਮੂਲ ਰੂਪ ਵਿੱਚ ਤਿੰਨ ਤੱਤ ਹਨ: ਸਬਦ, ਆਵਾਜ ਦੀ ਧੁਨ, ਅਤੇ ਚਿਹਰੇ ਦੇ ਹਾਵ-ਭਾਵ, ਹਾਵ-ਭਾਵ ਅਤੇ ਮੁਦਰਾ ਸਮੇਤ ਗੈਰ-ਮੌਖਿਕ ਵਿਵਹਾਰ। ਇਹਨਾਂ ਨੂੰ 3 "ਵੀ" ਵਜੋਂ ਵੀ ਜਾਣਿਆ ਜਾਂਦਾ ਹੈ: ਜੁਬਾਨੀ, ਵੋਕਲ, ਅਤੇ ਵਿਜੂਅਲ। ਇਸ ਲਈ ਇੱਕ ਸੰਚਾਰ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:

**ਜੁਬਾਨੀ ਗੈਰ-ਮੌਖਿਕ** ਉਦਾਹਰਣ ਲਈ; ਜੇਕਰ ਕੋਈ ਵਿਅਕਤੀ ਕਹਿੰਦਾ ਹੈ ਕਿ ਉਹ ਇਮਾਨਦਾਰ ਹੈ, ਤਾਂ ਮੌਖਿਕ ਹਿੱਸਾ "ਮੈਂ ਈਮਾਨਦਾਰ ਹਾਂ" ਹੈ, ਹਾਲਾਂਕਿ, ਜੇਕਰ ਉਹ ਅੱਖਾਂ ਦੇ ਸੰਪਰਕ ਤੋਂ ਬਚਣ ਦੀ ਕੋਸਸਿ ਕਰਦਾ ਹੈ, ਪਸੀਨਾ ਮਹਿਸੂਸ ਕਰਦਾ ਹੈ, ਝੁਲਸਦਾ ਹੈ ਜਾਂ ਚਿੰਤਤ ਦਿਖਾਈ ਦਿੰਦਾ ਹੈ ਤਾਂ ਇਸ ਹਿੱਸੇ ਨੂੰ ਸਰੀਰ ਦੀ ਭਾਸਾ ਵਜੋਂ ਗਿਣਿਆ ਜਾਂਦਾ ਹੈ। ਇਸ ਲਈ ਸਰੀਰ ਦੀ ਭਾਸਾ ਮਨੁੱਖੀ ਪਰਸਪਰ ਪ੍ਰਭਾਵ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਵਿੱਚ ਸੰਚਾਰ ਦੇ ਸਾਰੇ ਪਹਿਲੂ ਸਾਮਲ ਹੁੰਦੇ ਹਨ ਜਿਵੇਂ ਕਿ ਜਦੋਂ ਤੁਸੀਂ ਕਿਸੇ ਚੀਜ ਨੂੰ ਸਮਝਾਉਣ ਦੀ ਕੋਸਸਿ ਕਰਦੇ ਹੋ ਜਾਂ ਇੰਟਰਵਿਊ ਦੇ ਸਮੇਂ ਤੁਸੀਂ ਜੋ ਘਬਰਾਹਟ ਦਿਖਾਉਂਦੇ ਹੋ, ਉਹ ਸਾਰੇ ਸਰੀਰ ਦੀ ਭਾਸਾ ਦੇ ਵੱਖੋ-ਵੱਖਰੇ ਅੰਗ ਹਨ।

ਸਰੀਰ ਦੀ ਭਾਸਾ ਸੈਨਤ ਭਾਸਾ ਤੋਂ ਵੱਖਰੀ ਹੈ; ਸਰੀਰ ਦੀ ਭਾਸਾ ਮਨੁੱਖੀ ਗੈਰ-ਮੌਖਿਕ ਸੰਚਾਰ ਦੀ ਮਾਨਸਿਕ ਅਤੇ ਸਰੀਰਕ ਯੋਗਤਾ ਦਾ ਇੱਕ ਰੂਪ ਹੈ, ਜਿਸ ਵਿੱਚ ਸਰੀਰ ਦੀ ਸਥਿਤੀ, ਹਾਵ-ਭਾਵ, ਚਿਹਰੇ ਦੇ ਹਾਵ-ਭਾਵ ਅਤੇ ਅੱਖਾਂ ਦੀਆਂ ਹਰਕਤਾਂ ਸਾਮਲ ਹੁੰਦੀਆਂ ਹਨ। ਮਨੁੱਖ ਅਜਿਹੇ ਸੰਕੇਤਾਂ ਨੂੰ ਲਗਭਗ ਪੂਰੀ ਤਰ੍ਹਾਂ ਅਚੇਤ ਰੂਪ ਵਿੱਚ ਭੇਜਦੇ ਅਤੇ ਵਿਆਖਿਆ ਕਰਦੇ ਹਨ। ਇਹ ਸੰਕੇਤ ਅਤੇ ਸੰਕੇਤ ਕੁਝ ਅਜਿਹਾ ਹਨ ਜੋ ਅਸਲ ਵਿੱਚ ਇੰਟਰਵਿਊ ਦੇ ਸਮੇਂ ਧਿਆਨ ਵਿੱਚ ਰੱਖਿਆ ਜਾਂਦਾ ਹੈ ਅਤੇ ਸਹੀ ਉਮੀਦਵਾਰ ਦੀ ਚੋਣ ਨੂੰ ਨਿਰਧਾਰਤ ਕਰਦਾ ਹੈ। ਭੌਤਿਕ ਸਮੀਕਰਨ ਜਿਵੇਂ ਹਿਲਾਉਣਾ, ਇਸਾਰਾ ਕਰਨਾ, ਛੋਹਣਾ ਅਤੇ ਝੁਕਣਾ ਗੈਰ-ਮੌਖਿਕ ਸੰਚਾਰ ਦੇ ਸਾਰੇ ਰੂਪ ਹਨ ਅਤੇ ਸਰੀਰ ਦੀ ਭਾਸਾ ਦਾ ਹਿੱਸਾ ਹਨ। ਸਰੀਰ ਦੀ ਗਤੀ ਅਤੇ ਪ੍ਰਗਟਾਵੇ ਦੇ ਅਧਿਐਨ ਨੂੰ ਕਾਇਨੇਸਿਕਸ ਕਿਹਾ ਜਾਂਦਾ ਹੈ। ਵੱਖ-ਵੱਖ ਖੋਜਾਂ ਨੇ ਇਹ ਸਿੱਧ ਕੀਤਾ ਹੈ ਕਿ ਸੰਚਾਰ ਦੌਰਾਨ ਸਰੀਰ ਦੇ ਅੰਗਾਂ ਦੀ ਹਿਲਜੁਲ ਮਨੁੱਖ ਦੇ ਮਾਨਸਿਕ ਤਣਾਅ ਨੂੰ ਘੱਟ ਕਰਦੀ ਹੈ।

**ਸਰੀਰਕ ਸਮੀਕਰਨ**: ਸਰੀਰ ਦੀ ਭਾਸਾ ਸਾਡੇ ਜੀਵਨ ਵਿੱਚ ਹਰ ਸਮੇਂ ਮੌਜੂਦ ਰਹਿੰਦੀ ਹੈ। ਹਰ ਵਾਰ ਜਦੋਂ ਅਸੀਂ ਅਸਲ ਜੀਵਨ ਵਿੱਚ ਕਿਸੇ ਹੋਰ ਵਿਅਕਤੀ ਨਾਲ ਗੱਲ ਕਰਦੇ ਹਾਂ, ਸਰੀਰ ਦੀ ਭਾਸਾ ਵਰਤੀ ਜਾਂਦੀ ਹੈ. ਹੱਥਾਂ ਦੇ ਇਸਾਰੇ, ਮੁਸਕਰਾਹਟ, ਭਰਵੱਟਿਆਂ ਦੀ ਵਰਤੋਂ ਆਦਿ ਸਾਰੇ ਸਰੀਰ ਦੀ ਭਾਸਾ ਦਾ ਹਿੱਸਾ ਹਨ। ਕਈ ਵਾਰ ਸਾਨੂੰ ਸੱਚਮੁੱਚ ਇਹ ਅਹਿਸਾਸ ਨਹੀਂ ਹੁੰਦਾ ਕਿ ਇਹ ਚੀਜਾਂ ਸਾਡੀ ਰੋਜਾਨਾ ਜੀਂਦਗੀ 'ਤੇ ਕਿੰਨਾ ਪ੍ਰਭਾਵ ਪਾਉਂਦੀਆਂ ਹਨ ਜਾਂ ਸਾਡੀ ਜੀਂਦਗੀ ਵਿਚ ਕੁਝ ਖਾਸ ਜਿਵੇਂ ਇੰਟਰਵਿਊ ਜਾਂ ਮੁਕਾਬਲਾ। ਕੁਝ ਲੋਕ ਸੱਚਮੁੱਚ ਆਤਮ-ਵਿਸਵਾਸੀ ਦਿਖਾਈ ਦਿੰਦੇ ਹਨ; ਜਦੋਂ ਕਿ ਕੁਝ ਲੋਕ ਕਿਸੇ ਖਾਸ ਸਥਿਤੀ ਵਿੱਚ ਆਪਣਾ ਭਰੋਸਾ ਗੁਆਉਣ ਲਈ ਸਰਮ ਮਹਿਸੂਸ ਕਰਦੇ ਹਨ। ਇਹ ਸਭ ਸਰੀਰ ਦੀ ਭਾਸਾ ਨਾਲ ਸਬੰਧਤ ਹੈ. ਕੁਝ ਬੁਨਿਆਦੀ ਭੌਤਿਕ ਸਮੀਕਰਨ ਹਨ:

**ਅੱਖਾਂ ਦਾ ਸੰਪਰਕ**: ਅੱਖਾਂ ਦਾ ਸੰਪਰਕ ਇੱਕ ਬਹੁਤ ਮਜਬੂਤ ਸਰੀਰਕ ਭਾਸਾ ਪੜ੍ਹਨ ਦੀ ਤਕਨੀਕ ਹੈ। ਲਗਾਤਾਰ ਅੱਖਾਂ ਦਾ ਸੰਪਰਕ ਇਹ ਦਰਸਾਉਂਦਾ ਹੈ ਕਿ ਇੱਕ ਵਿਅਕਤੀ ਉਸ ਬਾਰੇ ਸਕਾਰਾਤਮਕ ਸੋਚ ਰਿਹਾ ਹੈ ਜਿਸ ਬਾਰੇ ਦੂਜਾ ਵਿਅਕਤੀ ਗੱਲ ਕਰ ਰਿਹਾ ਹੈ ਅਤੇ ਉਹ ਨਿਰਦੇਸਾਂ ਦੇ ਹੁਕਮ ਵਿੱਚ ਹੈ ਜੋ ਉਸ ਨੂੰ ਦੂਜੇ ਵਿਅਕਤੀ ਦੁਆਰਾ ਦਿੱਤੀਆਂ ਜਾ ਰਹੀਆਂ ਹਨ। ਇਹ ਬਹੁਤ ਸਾਰੇ ਹੋਰ ਸੰਦੇਸਾਂ ਨੂੰ ਵਿਅਕਤ ਕਰ ਸਕਦਾ ਹੈ ਜਿਵੇਂ ਕਿ ਅੱਖਾਂ ਬੰਦ ਕਰਨਾ ਇੱਕ ਮਜਬੂਤ ਸੰਦੇਸ ਦਿੰਦਾ ਹੈ ਕਿ ਦੂਜਾ ਵਿਅਕਤੀ ਸਪੀਕਰ 'ਤੇ ਪੂਰਾ ਭਰੋਸਾ ਨਹੀਂ ਕਰਦਾ ਹੈ। ਜੇਕਰ ਕੋਈ ਵਿਅਕਤੀ ਅੱਖਾਂ ਦੇ ਸੰਪਰਕ ਤੋਂ ਪਰਹੇਜ ਕਰ ਰਿਹਾ ਹੈ, ਤਾਂ ਇਹ ਇਹ ਵੀ ਸੰਕੇਤ ਕਰ ਸਕਦਾ ਹੈ ਕਿ ਕੋਈ ਵਿਅਕਤੀ ਝੂਠ ਬੋਲ ਰਿਹਾ ਹੈ। ਅੱਖਾਂ ਦੇ ਸੰਪਰਕ ਦੀ ਘਾਟ ਨਕਾਰਾਤਮਕਤਾ ਨੂੰ ਦਰਸਾ ਸਕਦੀ ਹੈ। ਦੂਜੇ ਪਾਸੇ, ਕੁਝ ਲੋਕਾਂ ਨੂੰ ਚਿੰਤਾ ਸੰਬੰਧੀ ਵਿਕਾਰ ਹੁੰਦੇ ਹਨ ਅਤੇ ਅਕਸਰ ਬੇਅਰਾਮੀ ਕਾਰਨ ਅੱਖਾਂ ਨਾਲ ਸੰਪਰਕ ਕਰਨ ਵਿੱਚ ਅਸਮਰੱਥ ਹੁੰਦੇ ਹਨ। ਅੱਖਾਂ ਦਾ ਸੰਪਰਕ ਇੱਕ ਸੈਕੰਡਰੀ ਅਤੇ ਗੁੰਮਰਾਹਕੁੰਨ ਸੰਕੇਤ ਵੀ ਹੋ ਸਕਦਾ ਹੈ ਕਿਉਂਕਿ ਇਸ ਬਾਰੇ ਸੱਭਿਆਚਾਰਕ ਨਿਯਮ ਥਾਂ-ਥਾਂ ਅਤੇ ਧਰਮ ਤੋਂ ਧਰਮ ਵਿੱਚ ਵੱਖੋ-ਵੱਖ ਹੁੰਦੇ ਹਨ। ਜੇ ਕੋਈ ਤੁਹਾਨੂੰ ਦੇਖ ਰਿਹਾ ਹੈ ਪਰ ਛਾਤੀ ਦੇ ਪਾਰ-ਬਾਹਾਂ ਦਾ ਸੰਕੇਤ ਦੇ ਰਿਹਾ ਹੈ, ਤਾਂ ਅੱਖਾਂ ਦਾ ਸੰਪਰਕ ਇਹ ਸੰਕੇਤ ਹੋ ਸਕਦਾ ਹੈ ਕਿ ਵਿਅਕਤੀ ਨੂੰ ਕੁਝ ਪਰੇਸਾਨ ਕਰ ਰਿਹਾ ਹੈ, ਅਤੇ ਉਹ ਇਸ ਬਾਰੇ ਗੱਲ ਕਰਨਾ ਚਾਹੁੰਦਾ ਹੈ। ਜਾਂ ਜੇਕਰ ਸਿੱਧੇ ਅੱਖ ਨਾਲ ਸੰਪਰਕ ਕਰਦੇ ਹੋਏ, ਕੋਈ ਵਿਅਕਤੀ ਕਿਸੇ ਚੀਜ ਨਾਲ ਉਲਝ ਰਿਹਾ ਹੈ, ਭਾਵੇਂ ਕਿ ਸਿੱਧੇ ਤੁਹਾਨੂੰ ਦੇਖ ਰਿਹਾ ਹੋਵੇ; ਇਹ ਸੰਕੇਤ ਕਰ ਸਕਦਾ ਹੈ ਕਿ ਧਿਆਨ ਕਿਤੇ ਹੋਰ ਹੈ।

ਜੇਕਰ ਵਿਅਕਤੀ ਇੱਕ ਅੱਖ ਤੋਂ ਦੂਜੀ ਅੱਖ, ਫਿਰ ਮੱਥੇ ਤੱਕ ਵੇਖਦਾ ਹੈ, ਤਾਂ ਇਹ ਵਿਅਕਤੀ ਦੀ ਅਧਿਕਾਰਤ ਸਥਿਤੀ ਦਾ ਸੰਕੇਤ ਹੈ। ਇੱਕ ਇੰਟਰਵਿਊ ਦੇ ਦੌਰਾਨ, ਇੱਕ ਅੱਖ ਨਾਲ ਗੱਲ ਕਰਨ ਵਾਲਾ ਵਿਅਕਤੀ ਉਸ ਦੇ ਆਤਮ ਵਿਸਵਾਸ ਦੇ ਪੱਧਰ ਦਾ ਸੰਕੇਤ ਦਿੰਦਾ ਹੈ ਅਤੇ ਅਕਸਰ ਅਜਿਹਾ ਕਰਨ ਵਿੱਚ ਅਸਫਲ ਰਹਿਣ ਵਾਲੇ ਦੂਜਿਆਂ ਨਾਲੋਂ ਤਰਜੀਹ ਦਿੱਤੀ ਜਾਂਦੀ ਹੈ।

**ਹੱਥ ਅਤੇ ਬਾਹਾਂ**: ਸਭ ਤੋਂ ਬੁਨਿਆਦੀ ਅਤੇ ਸਕਤੀਸਾਲੀ ਸਰੀਰ-ਭਾਸਾ ਸੰਕੇਤਾਂ ਵਿੱਚੋਂ ਇੱਕ ਹੈ ਜਦੋਂ ਕੋਈ ਵਿਅਕਤੀ ਆਪਣੀਆਂ ਬਾਹਾਂ ਨੂੰ ਛਾਤੀ ਤੋਂ ਪਾਰ ਕਰਦਾ ਹੈ ਜੋ ਇਸ ਤੱਥ ਦਾ ਸੰਕੇਤ ਹੋ ਸਕਦਾ ਹੈ ਕਿ ਇੱਕ ਵਿਅਕਤੀ ਆਪਣੇ ਅਤੇ ਦੂਜਿਆਂ ਦੇ ਵਿਚਕਾਰ ਇੱਕ ਰੁਕਾਵਟ ਬਣਾਉਣ ਦੀ ਕੋਸਸਿ ਕਰ ਰਿਹਾ ਹੈ ਅਤੇ ਨੇੜਤਾ ਵਿੱਚ ਅਸਲ ਵਿੱਚ ਦਿਲਚਸਪੀ ਨਹੀਂ ਹੈ. ਹਾਲਾਂਕਿ, ਹੱਥਾਂ ਨਾਲ ਸਬੰਧਤ ਕੁਝ ਇਸਾਰੇ ਜਿਵੇਂ ਕਿ ਹੱਥਾਂ ਦਾ ਰਗੜਨਾ ਇਹ ਦਰਸਾਉਂਦਾ ਹੈ ਕਿ ਵਿਅਕਤੀ ਠੰਡਾ ਮਹਿਸੂਸ ਕਰ ਰਿਹਾ ਹੈ। ਜਦੋਂ ਸਮੁੱਚੀ ਸਥਿਤੀ ਸੁਖਾਵੀਂ ਹੁੰਦੀ ਹੈ, ਤਾਂ ਇਹ ਸੰਕੇਤ ਦੇ ਸਕਦਾ ਹੈ ਕਿ ਕੋਈ ਵਿਅਕਤੀ ਜੋ ਵੀ ਚਰਚਾ ਕੀਤੀ ਜਾ ਰਹੀ ਹੈ ਉਸ ਬਾਰੇ ਡੂੰਘਾਈ ਨਾਲ ਸੋਚ ਰਿਹਾ ਹੈ, ਪਰ ਇੱਕ ਗੰਭੀਰ ਜਾਂ ਟਕਰਾਅ ਵਾਲੀ ਸਥਿਤੀ ਵਿੱਚ, ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਕੋਈ ਵਿਅਕਤੀ ਚਰਚਾ ਕੀਤੀ ਜਾ ਰਹੀ ਵਿਸੇਸ ਚੀਜ ਦਾ ਵਿਰੋਧ ਕਰ ਰਿਹਾ ਹੈ ਜੋ ਇਹ ਵੀ ਹੋ ਸਕਦਾ ਹੈ. ਕਿਸੇ ਹੋਰ ਚਿੰਨ੍ਹ ਤੋਂ ਸਪੱਸਟ ਹੋਵੇ ਜੇਕਰ ਵਿਅਕਤੀ ਸਪੀਕਰ ਤੋਂ ਦੂਰ ਝੁਕ ਰਿਹਾ ਹੈ। ਇੱਕ ਕਠੋਰ ਜਾਂ ਖਾਲੀ ਚਿਹਰੇ ਦਾ ਹਾਵ-ਭਾਵ ਅਕਸਰ ਸੁਣਨ ਵਾਲੇ ਦੀ ਪੂਰੀ ਦੁਸਮਣੀ ਨੂੰ ਦਰਸਾਉਂਦਾ ਹੈ।

**ਹੈਂਡਸੇਕ**: ਇੱਕ ਹੈਂਡਸੇਕ ਇੱਕ ਸਧਾਰਨ ਕਿਰਿਆ ਹੈ ਜਦੋਂ ਦੋ ਵਿਅਕਤੀ ਮਿਲਦੇ ਸਮੇਂ ਇੱਕ ਦੂਜੇ ਵੱਲ ਹੱਥ ਵਧਾਉਂਦੇ ਹਨ। ਹੱਥ ਮਿਲਾਉਣ ਦੇ ਤਰੀਕੇ ਤੋਂ ਬਹੁਤ ਕੁਝ ਸਮਝਿਆ ਜਾ ਸਕਦਾ ਹੈ. ਇੱਕ ਮਜਬੂਤ ਹੈਂਡਸੇਕ ਇੱਕ ਬੌਧਿਕ ਸਖਸੀਅਤ ਦਾ ਸਪੱਸਟ ਸੰਕੇਤ ਹੈ. ਇੱਕ ਢਿੱਲਾ ਹੱਥ ਮਿਲਾਉਣਾ ਵਿਅਕਤੀ ਦੇ ਸੁਸਤ ਵਿਵਹਾਰ ਦਾ ਸੰਕੇਤ ਹੈ ਅਤੇ ਇਹ ਵੀ ਦਰਸਾਉਂਦਾ ਹੈ ਕਿ ਕਿਸੇ ਵਿਅਕਤੀ ਵਿਸੇਸ ਵਿਅਕਤੀ ਦੀ ਦੂਜੇ ਵਿਅਕਤੀ ਪ੍ਰਤੀ ਗੈਰ-ਗੰਭੀਰਤਾ ਹੈ। ਅਸੀਂ ਇਨ੍ਹਾਂ ਚੀਜਾਂ ਬਾਰੇ ਕਦੇ ਨਹੀਂ ਸੋਚਦੇ ਪਰ ਜਦੋਂ ਤੁਸੀਂ ਪੇਸੇਵਰ ਜੀਵਨ ਵਿੱਚ ਦਾਖਲ ਹੁੰਦੇ ਹੋ ਤਾਂ ਇਹ ਬਹੁਤ ਮਾਇਨੇ ਰੱਖਦਾ ਹੈ। ਇੰਟਰਵਿਊ ਦੇ ਸਮੇਂ ਇੱਕ ਢਿੱਲਾ ਹੱਥ ਮਿਲਾਉਣਾ ਤੁਹਾਡੇ ਪਹਿਲੇ ਪ੍ਰਭਾਵ ਨੂੰ ਵਿਗਾੜ ਦੇਵੇਗਾ ਅਤੇ ਇੰਟਰਵਿਊ ਕਰਤਾ ਦੀ ਤੁਹਾਡੇ ਵਿੱਚ ਦਿਲਚਸਪੀ ਗੁਆ ਦੇਵੇਗਾ।

**ਆਸਣ ਅਤੇ ਸੰਜਮ**: ਤੁਹਾਡੇ ਆਸਣ ਤੋਂ ਤੁਹਾਡੇ ਬਾਰੇ ਬਹੁਤ ਕੁਝ ਪਤਾ ਲਗਾਇਆ ਜਾ ਸਕਦਾ ਹੈ। ਜਦੋਂ ਕਿ ਸਿੱਧੀ ਚੁਸਤ ਆਸਣ ਕਿਸੇ ਵਿਅਕਤੀ ਦੀ ਊਰਜਾ, ਆਤਮ-ਵਿਸਵਾਸ ਅਤੇ ਬੌਧਿਕ ਸਖਸੀਅਤ ਦਾ ਸੰਕੇਤ ਹੈ, ਅਤੇ ਹਮੇਸਾ ਉਸ ਵਿਅਕਤੀ ਦੇ ਸਕਾਰਾਤਮਕ ਰਵੱਈਏ ਦਾ ਸਪੱਸਟ ਸੰਕੇਤ ਦਿੰਦਾ ਹੈ। ਸਹੀ ਮੁਦਰਾ ਵਾਲਾ ਵਿਅਕਤੀ ਹਮੇਸਾ ਦੂਜਿਆਂ ਨੂੰ ਪ੍ਰਭਾਵਿਤ ਕਰਦਾ ਹੈ। ਦੂਜੇ ਪਾਸੇ, ਇੰਟਰਵਿਊ ਦੇ ਦੌਰਾਨ ਮੇਜ 'ਤੇ ਆਪਣੇ ਹੱਥਾਂ ਨਾਲ ਆਰਾਮ ਕਰਨ ਵਾਲਾ ਵਿਅਕਤੀ ਅਸਲ ਵਿੱਚ ਮੁਦਰਾ ਗੁਆ ਦਿੰਦਾ ਹੈ, ਉਹ ਕਦੇ ਵੀ ਆਪਣੇ ਇੰਟਰਵਿਊਰਾਂ ਨੂੰ ਪ੍ਰਭਾਵਿਤ ਕਰਨ ਦੇ ਯੋਗ ਨਹੀਂ ਹੋਵੇਗਾ. ਇਸ ਲਈ ਇੱਕ ਵੱਡਾ ਪ੍ਰਭਾਵ ਪਾਉਣ ਲਈ ਇਹਨਾਂ ਛੋਟੀਆਂ ਚੀਜਾਂ ਬਾਰੇ ਸੱਚਮੁੱਚ ਸਾਵਧਾਨ ਰਹਿਣ ਦੀ ਲੋੜ ਹੈ। ਇੱਕ ਗਲਤ ਆਸਣ ਬੋਰੀਅਤ ਦਾ ਸੰਕੇਤ ਦੇ ਸਕਦਾ ਹੈ.

### ਤੁਹਾਡੀ ਸਰੀਰਕ ਭਾਸਾ ਨੂੰ ਬਿਹਤਰ ਬਣਾਉਣ ਲਈ ਸੁਝਾਅ

ਕਿਰਿਆਵਾਂ ਸਬਦ ਨਾਲੋਂ ਉੱਚੀ ਬੋਲਦੀਆਂ ਹਨ। ਇੱਕ ਚੰਗੀ ਬਾਡੀ ਲੈਂਗੂਏਜ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ, ਕਿਉਂਕਿ ਪਹਿਲਾ ਪ੍ਰਭਾਵ ਜੋ ਤੁਸੀਂ ਦੂਜਿਆਂ ਨੂੰ ਦਿੰਦੇ ਹੋ ਉਹ ਸਾਡੀ ਸਰੀਰਕ ਭਾਸਾ ਦੁਆਰਾ ਹੁੰਦਾ ਹੈ। ਧਿਆਨ ਵਿੱਚ ਰੱਖਣ ਵਾਲੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅੰਦਰੋਂ ਆਰਾਮਦਾਇਕ ਅਤੇ ਸਾਨਦਾਰ ਮਹਿਸੂਸ ਕਰੋ ਕਿਉਂਕਿ ਇਹ ਤੁਹਾਨੂੰ ਆਤਮ-ਵਿਸਵਾਸ ਦੀ ਭਾਵਨਾ ਪ੍ਰਦਾਨ ਕਰਦਾ ਹੈ ਅਤੇ ਤੁਹਾਡੇ ਤਣਾਅ ਨੂੰ ਵੀ ਘੱਟ ਕਰਦਾ ਹੈ। ਇਸ ਦੌਰਾਨ, ਆਮ ਤੌਰ 'ਤੇ ਚੰਗੀ ਸਰੀਰਕ ਭਾਸਾ ਦਾ ਅਭਿਆਸ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਜਦੋਂ ਤੱਕ ਇਹ ਤੁਹਾਡੇ ਲਈ ਇੱਕ ਕੁਦਰਤੀ ਆਦਤ ਨਹੀਂ ਬਣ ਜਾਂਦੀ। ਹਾਲਾਂਕਿ, ਇੱਥੇ ਕੁਝ ਲਾਭਦਾਇਕ ਸੁਝਾਅ ਹੋ ਸਕਦੇ ਹਨ:

**ਗਿਆਨ ਨਾਲ ਆਪਣੇ ਆਤਮ ਵਿਸਵਾਸ ਨੂੰ ਵਧਾਓ**: ਜਦੋਂ ਤੁਹਾਡੇ ਕੋਲ ਸਹੀ ਗਿਆਨ ਹੋਵੇ ਤਾਂ ਤੁਸੀਂ ਅਸਲ ਵਿੱਚ ਆਪਣੀ ਸਰੀਰ ਦੀ ਭਾਸਾ ਨੂੰ ਕਾਬੂ ਕਰ ਸਕਦੇ ਹੋ। ਜੇਕਰ ਤੁਸੀਂ ਕੋਈ ਭਾਸਣ ਦੇਣ ਜਾ ਰਹੇ ਹੋ ਤਾਂ ਤੁਹਾਨੂੰ ਭਰੋਸਾ ਨਹੀਂ ਹੋਵੇਗਾ ਜੇਕਰ ਤੁਹਾਡੇ ਕੋਲ ਸਹੀ ਜਾਣਕਾਰੀ ਨਹੀਂ ਹੈ, ਭਾਵੇਂ ਤੁਹਾਡੇ ਕੋਲ ਤੁਹਾਡੀ ਲਿਖਤੀ ਸਮੱਗਰੀ ਹੈ, ਤੁਸੀਂ ਇਸ ਤੱਥ ਬਾਰੇ ਤਣਾਅ ਵਿੱਚ ਹੋਵੋਗੇ ਕਿ ਜੇਕਰ ਕੋਈ ਤੁਹਾਨੂੰ ਪੁੱਛਦਾ ਹੈ ਕਿ ਕੀ ਹੋਵੇਗਾ ਸਵਾਲ ਇਸ ਲਈ, ਇਸ ਨੂੰ ਦੂਰ ਕਰਨ ਲਈ ਵੱਖ-ਵੱਖ ਤੱਥਾਂ ਬਾਰੇ ਸਹੀ ਗਿਆਨ ਹੋਣਾ ਅਤੇ ਤੱਥਾਂ ਬਾਰੇ ਪਹਿਲਾਂ ਤੋਂ ਖੋਜ ਕਰਨਾ ਬਿਹਤਰ ਹੈ ਜਿਸਦੀ ਤੁਹਾਨੂੰ ਲੋੜ ਹੋ ਸਕਦੀ ਹੈ। ਵਾਧੂ ਗਿਆਨ ਦਾ ਮੁੱਖ ਸਰੋਤ ਕਿਤਾਬਾਂ, ਰਸਾਲੇ ਜਾਂ ਇੰਟਰਨੈਟ ਹੋ ਸਕਦਾ ਹੈ। ਗਿਆਨ ਦਾ ਸਭ ਤੋਂ ਵਧੀਆ ਸਰੋਤ, ਹਾਲਾਂਕਿ, ਅਖਬਾਰ ਰਹਿੰਦਾ ਹੈ. ਅਖਬਾਰ ਬਹੁਤ ਸਾਰੇ ਤੱਥਾਂ ਦਾ ਇੱਕ ਪੂਰਾ ਸੰਗ੍ਰਹਿ ਹੈ ਜੋ ਪਾਠਕਾਂ ਦੁਆਰਾ ਚੰਗੀ ਤਰ੍ਹਾਂ ਖੋਜਿਆ ਜਾਂਦਾ ਹੈ ਜਿਨ੍ਹਾਂ ਨੂੰ ਰੋਜਾਨਾ ਪੜ੍ਹਨ ਦੀ ਆਦਤ ਹੈ।

**ਚੀਜਾਂ ਨੂੰ ਆਸਾਨ ਬਣਾਉਣ ਲਈ ਮੁਸਕਰਾਓ**: ਚੀਜਾਂ ਨੂੰ ਆਸਾਨ ਬਣਾਉਣ ਲਈ ਮੁਸਕਰਾਓ, ਮਜਾਕੀਆ ਲੱਗਦਾ ਹੈ ? ਪਰ ਇਹ ਅਸਲ ਵਿੱਚ ਸੱਚ ਹੈ. ਜੇ ਤੁਸੀਂ ਕਿਸੇ ਮੁਸਕਲ ਸਥਿਤੀ ਵਿੱਚ ਹੋ ਤਾਂ ਆਪਣੇ ਤਣਾਅ ਨੂੰ ਘਟਾਉਣ ਲਈ ਮੁਸਕਰਾਉਣ ਦੀ ਕੋਸਸਿ ਕਰੋ, ਮੁਸਕਰਾਉਣ ਨਾਲ ਯਕੀਨਨ ਤੁਹਾਡਾ ਆਤਮ ਵਿਸਵਾਸ ਵਧਦਾ ਹੈ ਅਤੇ ਚੀਜਾਂ ਆਸਾਨ ਹੋ ਜਾਂਦੀਆਂ ਹਨ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਜਦੋਂ ਤੁਸੀਂ ਇਸ ਨੂੰ ਕਰਦੇ ਸਮੇਂ ਝੰਜੋੜਦੇ ਹੋ ਜਾਂ ਝੁਕਦੇ ਹੋ, ਤੁਸੀਂ ਆਪਣੇ ਦਿਮਾਗ ਨੂੰ ਇੱਕ ਮਜਬੂਤ ਸੰਦੇਸ ਭੇਜ ਰਹੇ ਹੋ ਕਿ ਇਹ ਖਾਸ ਕੰਮ ਅਸਲ ਵਿੱਚ ਮੁਸਕਲ ਹੈ ਅਤੇ ਮੈਨੂੰ ਰੁਕਣਾ ਚਾਹੀਦਾ ਹੈ, ਦਿਮਾਗ ਫਿਰ ਤਣਾਅ ਵਾਲੇ ਰਸਾਇਣਾਂ ਨੂੰ ਤੁਹਾਡੇ ਖੂਨ ਦੇ ਪ੍ਰਵਾਹ ਵਿੱਚ ਭੇਜ ਕੇ ਜਵਾਬ ਦਿੰਦਾ ਹੈ। ਅਤੇ ਇਹ ਇੱਕ ਦੁਸਟ ਚੱਕਰ ਬਣਾਉਂਦਾ ਹੈ, ਜਿੰਨਾ ਜਿਆਦਾ ਤੁਸੀਂ ਤਣਾਅ ਵਿੱਚ ਹੁੰਦੇ ਹੋ; ਤੁਹਾਡੇ ਲਈ ਕੰਮ ਕਰਨਾ ਓਨਾ ਹੀ ਔਖਾ ਹੁੰਦਾ ਹੈ। ਦੂਜੇ ਪਾਸੇ, ਜਦੋਂ ਤੁਸੀਂ ਮੁਸਕਰਾਉਂਦੇ ਹੋ, ਤਾਂ ਤੁਹਾਡੇ ਦਿਮਾਗ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਇੱਕ ਨਿਯਮਤ ਕੰਮ ਹੈ ਅਤੇ ਤੁਹਾਨੂੰ ਅਜਿਹਾ ਕਰਨ ਵਿੱਚ ਕੋਈ ਮੁਸਕਲ ਨਹੀਂ ਆਵੇਗੀ। ਇਸ ਲਈ ਤੁਸੀਂ ਕੰਮ ਨੂੰ ਚੰਗੀ ਤਰ੍ਹਾਂ ਕਰਨ ਦੇ ਯੋਗ ਹੋ.

**ਹੋਰ ਸਮਾਜਿਕ ਬਣਾਓ**: ਸਮਾਜੀਕਰਨ ਤੁਹਾਡੀ ਸਰੀਰਕ ਭਾਸਾ ਨੂੰ ਸੁਧਾਰਨ ਦਾ ਇੱਕ ਹੋਰ ਤਰੀਕਾ ਹੈ। ਜਦੋਂ ਤੁਸੀਂ ਆਪਣੇ ਦੋਸਤਾਂ ਅਤੇ ਕਦੇ-ਕਦੇ ਆਪਣੇ ਦੋਸਤਾਂ ਦੇ ਦੋਸਤਾਂ ਨੂੰ ਮਿਲਣ ਲਈ ਬਾਹਰ ਜਾਂਦੇ ਹੋ, ਤਾਂ ਤੁਸੀਂ ਵਧੇਰੇ ਸੰਚਾਰ ਕਰਦੇ ਹੋ ਅਤੇ ਆਪਣੀ ਬੋਲੀ 'ਤੇ ਕਮਾਂਡ ਪ੍ਰਾਪਤ ਕਰਨਾ ਸੁਰੂ ਕਰਦੇ ਹੋ ਅਤੇ ਨਵੇਂ ਲੋਕਾਂ ਨਾਲ ਗੱਲ ਕਰਨ ਦੀ ਆਪਣੀ ਸਰਮ ਵੀ ਗੁਆ ਦਿੰਦੇ ਹੋ। ਦੋਸਤਾਂ ਜਾਂ ਰਿਸਤੇਦਾਰਾਂ ਦੇ ਨਾਲ ਬਾਹਰ ਜਾਣ ਨਾਲ ਵੀ ਕੁਝ ਚਰਚਾ ਹੁੰਦੀ ਹੈ ਅਤੇ ਜੇਕਰ ਤੁਸੀਂ ਕੁਝ ਸਿਹਤਮੰਦ ਚਰਚਾ ਦਾ ਹਿੱਸਾ ਹੋ, ਤਾਂ ਤੁਸੀਂ ਕੁਝ ਲਾਭਦਾਇਕ ਤੱਥਾਂ ਨੂੰ ਵੀ ਸਿੱਖਦੇ ਹੋ ਜੋ ਕਿਸੇ ਨਾ ਕਿਸੇ ਸਮੇਂ ਤੁਹਾਡੇ ਲਈ ਬਹੁਤ ਮਹੱਤਵਪੂਰਨ ਸਾਬਤ ਹੋ ਸਕਦੇ ਹਨ। ਨਵੀਆਂ ਥਾਵਾਂ 'ਤੇ ਵੀ, ਤੁਸੀਂ ਵੱਖੋ-ਵੱਖਰੇ ਵਿਵਹਾਰ ਅਤੇ ਸਸਿਟਾਚਾਰ ਸਿੱਖਣ ਦੀ ਆਦਤ ਰੱਖਦੇ ਹੋ।

**ਆਪਣੇ ਜੋਸ ਨੂੰ ਰੋਕੋ**: ਤੁਹਾਡਾ ਜੋਸ ਕਈ ਵਾਰ ਤੁਹਾਡੇ ਉੱਤੇ ਹਾਵੀ ਹੋ ਸਕਦਾ ਹੈ ਅਤੇ ਤੁਹਾਨੂੰ ਬਹੁਤ ਜਿਆਦਾ ਪਰੇਸਾਨ ਕਰਨਾ ਸੁਰੂ ਕਰ ਸਕਦਾ ਹੈ ਅਤੇ ਤੁਸੀਂ ਉਲਝਣ ਜਾਂ ਬਹੁਤ ਉਤਸਾਹਿਤ ਹੋ ਜਾਂਦੇ ਹੋ ਅਤੇ ਗਲਤੀਆਂ ਕਰਦੇ ਹੋ। ਜੇ ਤੁਸੀਂ ਇੱਕ ਬਾਹਰੀ ਹੋ, ਤਾਂ ਤੁਸੀਂ ਇੱਕ ਅਨੁਕੂਲ ਪਹਿਲਾ ਪ੍ਰਭਾਵ ਬਣਾਉਣ ਦੀ ਸੰਭਾਵਨਾ ਰੱਖਦੇ ਹੋ ਕਿਉਂਕਿ ਹਰ ਕੋਈ ਭਾਵੁਕ ਲੋਕਾਂ ਵੱਲ ਖਿੱਚਿਆ ਜਾਂਦਾ ਹੈ ਜਿਨ੍ਹਾਂ ਦੀਆਂ ਭਾਵਨਾਵਾਂ ਆਸਾਨੀ ਨਾਲ ਪੜ੍ਹੀਆਂ ਜਾਂਦੀਆਂ ਹਨ। ਪਰ ਜਦੋਂ ਤੁਹਾਡੀ ਸੰਚਾਰ ਸੈਲੀ ਵਿੱਚ ਸੂਖਮਤਾ ਅਤੇ ਸੂਖਮਤਾ ਦੀ ਘਾਟ ਹੁੰਦੀ ਹੈ, ਤਾਂ ਤੁਹਾਡਾ ਬਹੁਤ ਜਿਆਦਾ ਉਤਸਾਹ ਦਰਸਕਾਂ ਨੂੰ ਹਾਵੀ (ਜਾਂ ਥਕਾ ਸਕਦਾ ਹੈ)। ਉਹਨਾਂ ਸਥਿਤੀਆਂ ਵਿੱਚ ਜਿੱਥੇ ਤੁਸੀਂ ਆਪਣੇ ਅਧਿਕਾਰ ਨੂੰ ਵੱਧ ਤੋਂ ਵੱਧ ਕਰਨਾ ਚਾਹੁੰਦੇ ਹੋ, ਚੰਗਾ ਪ੍ਰਭਾਵ ਪਾਉਣ ਲਈ ਆਪਣੀਆਂ ਹਰਕਤਾਂ ਨੂੰ ਘੱਟ ਤੋਂ ਘੱਟ ਕਰਨ ਦੀ ਕੋਸਸਿ ਕਰੋ। ਆਪਣੇ ਉਤਸਾਹ ਨੂੰ ਰੋਕਣ ਲਈ ਇੱਕ ਡੂੰਘਾ ਸਾਹ ਲਓ, ਆਪਣੇ ਇਸਾਰਿਆਂ ਨੂੰ ਕਮਰ ਦੇ ਪੱਧਰ ਤੱਕ ਹੇਠਾਂ ਲਿਆਓ, ਅਤੇ ਕਿਸੇ ਵੀ ਮਹੱਤਵਪੂਰਨ ਨਾਲ ਸੁਰੂ ਕਰਨ ਤੋਂ ਪਹਿਲਾਂ ਆਪਣੇ ਦਿਮਾਗ ਨੂੰ ਸਥਿਰ ਸਥਿਤੀ ਵਿੱਚ ਲਿਆਉਣ ਲਈ ਰੁਕੋ। ਜਦੋਂ ਤੁਸੀਂ ਸਾਂਤ ਅਤੇ ਨਿਯੰਤਰਿਤ ਦਿਖਾਈ ਦਿੰਦੇ ਹੋ, ਤਾਂ ਤੁਸੀਂ ਵਧੇਰੇ ਆਤਮਵਿਸਵਾਸੀ ਦਿਖਾਈ ਦਿੰਦੇ ਹੋ ਅਤੇ ਨਾਲ ਹੀ ਤੁਹਾਡਾ ਮਨ ਚੰਗੀ ਤਰ੍ਹਾਂ ਸੋਚਣ ਲਈ ਸਥਿਰ ਸਥਿਤੀ ਵਿੱਚ ਹੁੰਦਾ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਸਿੱਖਿਆ ਸਾਸਤਰੀ, ਮਲੋਟ**

# ਕੀ ਜਨ ਸੰਖਿਆ ਘਟੇਗੀ?

ਨੈਸ਼ਨਲ ਫੈਮਲੀ ਹੈਲਥ ਸਰਵੇ (ਐਨ ਐਫ ਐਚ ਐਸ-5) ਦੀ ਤਾਜ਼ਾ ਰਿਪੋਰਟ ਨੇ ਇਹ ਮਹੱਤਵਪੂਰਨ ਤੱਥ ਉਜਾਗਰ ਕੀਤਾ ਹੈ ਕਿ ਭਾਰਤ ਵਿੱਚ ਟੋਟਲ ਫਰਟੈਲਿਟੀ ਰੇਟ ਭਾਵ ਰਾਸ਼ਟਰੀ ਪ੍ਰਜਨਨ ਦਰ 2.2 ਤੋਂ ਘਟ ਹੋ ਕੇ 2.0 ਤੱਕ ਪਹੁੰਚ ਗਈ ਹੈ। ਪ੍ਰਤੀ ਮਹਿਲਾ ਔਸਤ ਪ੍ਰਜਨਨ ਦਰ 2.1 ਨੂੰ ਰਿਪਲੇਸਮੈਂਟ ਮਾਰਕ ਦੇ ਰੂਪ ਵਿੱਚ ਜਾਣਿਆਂ ਜਾਂਦਾ ਹੈ। ਭਾਵ ਇਸ ਔਸਤ ਉਤੇ ਜਨਸੰਖਿਆ ਆਮ ਤੌਰ 'ਤੇ ਸਥਿਰ ਰਹਿੰਦੀ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਦੇਸ਼ ਦੀ ਰਾਸ਼ਟਰੀ ਪ੍ਰਜਨਨ ਦਰ ਰਿਪਲੇਸਮੈਂਟ ਮਾਰਕ ਤੋਂ ਵੀ ਹੇਠਾਂ ਚਲੀ ਗਈ ਹੈ। ਧਿਆਨ ਰਹੇ ਕਿ ਅਜਿਹਾ ਸੰਯੋਗਵਸ਼ ਜਾਂ ਕਿਸੇ ਨਾਟਕੀ ਘਟਨਾਕ੍ਰਮ ਦੇ ਤਹਿਤ ਨਹੀਂ ਹੋਇਆ। ਔਸਤ ਪ੍ਰਜਨਨ ਦਰ ਵਿੱਚ ਕਮੀਂ ਦੀ ਪ੍ਰਵਿਰਤੀ ਕਾਫੀ ਸਮੇਂ ਤੋਂ ਦਿਸ ਰਹੀ ਹੈ। ਅਜਿਹੇ ਵਿੱਚ ਇਹ ਜਾਣਨਾ ਗਲਤ ਨਹੀਂ ਹੋਵੇਗਾ ਕਿ ਨਿਰੰਤਰ ਰੂਪ ਵਿੱਚ ਆਇਆ ਇਹ ਬਦਲਾਓ ਕਾਫੀ ਹੱਦ ਤੱਕ ਟਿਕਾਊ ਹੈ। ਨਿਕਟ ਭਵਿੱਖ ਵਿੱਚ ਇਸ ਦੇ ਅਚਾਨਕ ਫਿਰ ਉਪਰ ਦਾ ਰੁਖ ਲੈ ਲੈਣ ਵਰਗੇ ਆਸਾਰ ਨਹੀਂ ਹਨ। ਇਸ ਦਾ ਮਤਲਬ ਇਹ ਹੋਇਆ ਕਿ ਦੇਸ਼ ਦੀ ਜਨ ਸੰਖਿਆ ਨੂੰ ਲੈ ਕੇ ਆਪਣੇ ਨਜ਼ਰੀਏ ਵਿੱਚ ਵੀ ਸਾਨੂੰ ਬਦਲਾਓ ਲਿਆਉਣ ਦੀ ਲੋੜ ਹੈ। ਆਜ਼ਾਦੀ ਦੇ ਬਾਅਦ ਤੋਂ ਹੀ ਜਨ ਸੰਖਿਆ ਵਾਧੇ ਨੂੰ ਇਕ ਸਮੱਸਿਆ ਦੇ ਰੂਪ ਵਿੱਚ ਦੇਖਣ ਦੇ ਅਸੀਂ ਆਦੀ ਰਹੇ ਹਾਂ। ਐਮਰਜੈਂਸੀ ਦੌਰਾਨ ਤਾਂ ਜਬਰਨ ਨਸਬੰਦੀ ਜਿਹੇ ਪ੍ਰੋਗਰਾਮ ਵੀ ਸਰਕਾਰ ਵਲੋਂ ਚਲਾਏ ਗਏ। ਤੱਤਕਾਲੀ ਸਰਕਾਰ ਦੀ ਉਸ ਕਾਰਨ ਹੋਈ ਬਦਨਾਮੀ ਦੇ ਕਾਰਨ ਬਾਅਦ ਦੀਆਂ ਸਰਕਾਰਾਂ ਨੇ ਓਹੋ ਜਿਹਾ ਕੋਈ ਸਖਤ ਪ੍ਰੋਗਰਾਮ ਦੁਬਾਰਾ ਨਹੀਂ ਸ਼ੁਰੂ ਕੀਤਾ, ਪਰ ਅਲੱਗ-ਅਲੱਗ ਪੱਧਰ ਉਤੇ ਜਨ ਸੰਖਿਆ ਉਤੇ ਰੋਕ ਲਗਾਉਣ ਦੀਆਂ ਕੋਸ਼ਿਸ਼ਾਂ ਚਲਦੀਆਂ ਰਹੀਆਂ ਹਨ। ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜ਼ਰੂਰ 'ਜਨ ਸੰਖਿਆ ਵਿਸਫੋਟ' ਦੀ ਜਗ੍ਹਾ ਡੈਮੋਗ੍ਰਾਫਿਕ ਡਿਵੀਡੈਂਟ ਦੀ ਸਲਾਹ ਚਲਾ ਕੇ ਇਸ ਸਮਝਾਉਣ ਦਾ ਯਤਨ ਕੀਤਾ ਕਿ ਜਨ ਸੰਖਿਆ ਸਾਡੀ ਸਮੱਸਿਆ ਨਹੀਂ ਹੈ। ਇਸ ਦਾ ਸਹੀ ਢੰਗ ਨਾਲ ਇਸਤੇਮਾਲ ਹੋਵੇ ਤਾਂ ਇਹ ਸਾਡੇ ਲਈ ਸਭ ਤੋਂ ਵੱਡਾ ਵਰਦਾਨ ਸਾਬਤ ਹੋ ਸਕਦਾ ਹੈ। ਪਰ ਇਸ ਸਲਾਹ ਦਾ ਜ਼ਮੀਨ ਉਤੇ ਕੋਈ ਖਾਸ ਅਸਰ ਨਹੀਂ ਦੇਖਿਆ ਜਾ ਸਕਿਆ। ਕੁਝ ਹਿੰਦੂਵਾਦੀ ਸੰਗਠਨ ਅੱਜ ਵੀ ਜਨ ਸੰਖਿਆ ਵਾਧੇ ਨੂੰ ਲੈ ਕੇ ਦੇਸ਼ ਦੀ ਇਕ ਵੱਡੀ ਸਮੱਸਿਆ ਦੇ ਰੂਪ ਵਿੱਚ ਦੇਖਦੇ ਹਨ ਅਤੇ ਇਸ ਦੇ ਲਈ ਉਨ੍ਹਾਂ ਭਾਈਚਾਰਿਆਂ ਨੂੰ ਦੋਸ਼ੀ ਠਹਿਰਾਉਂਦੇ ਹਨ ਜਿਨ੍ਹਾਂ ਵਿੱਚ ਜਨਮ ਦਰ ਆਮ ਤੌਰ 'ਤੇ ਜ਼ਿਆਦਾ ਹੈ। ਇੰਨਾ ਹੀ ਨਹੀਂ, ਭਾਜਪਾ ਸ਼ਾਸਿਤ ਰਾਜਾਂ ਨੇ ਹਾਲ ਹੀ ਵਿੱਚ ਜਨ ਸੰਖਿਆ ਵਾਧੇ ਉਤੇ ਰੋਕ ਲਗਾਉਣ ਦੇ ਲਈ ਸਖਤ ਕਾਨੂੰਨ ਲਿਆਉਣ ਦੀ ਗੱਲ ਕਹੀ ਹੈ। ਯੂ ਪੀ, ਅਸਮ, ਕਰਨਾਟਕ, ਗੁਜਰਾਤ ਆਦਿ ਸੂਬਿਆਂ ਵਿੱਚ ਖੁਦ ਮੁੱਖ ਮੰਤਰੀ ਜਾਂ ਕੈਬਨਿਟ ਮੈਂਬਰ ਅਜਿਹਾ ਕਾਨੂੰਨ ਲਿਆਉਣ ਦਾ ਇਰਾਦਾ ਪ੍ਰਗਟ ਕਰ ਚੁੱਕੇ ਹਨ। ਭਾਜਪਾ ਸਾਂਸਦ ਰਾਕੇਸ਼ ਸਿਨ੍ਹਾ ਅਤੇ ਅਨਿਲ ਅਗਰਵਾਲ ਸੰਸਦ ਵਿਚ ਵੀ ਅਜਿਹਾ ਇਕ ਨਿੱਜੀ ਬਿਲ ਦਾ ਨੋਟਿਸ ਦੇ ਚੁੱਕੇ ਹਨ। ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਜਨ ਸੰਖਿਆ ਨੂੰ ਲੈ ਕੇ ਅਜਿਹੀ ਸਲਾਹ ਹੁਣ ਨਾ ਸਿਰਫ ਪੁਰਾਣੀ ਹੋ ਚੁੱਕੀ ਹੈ ਬਲਕਿ ਬਦਲੇ ਹਾਲਾਤ ਵਿੱਚ ਇਸ ਤੋਂ ਪ੍ਰੇਰਿਤ ਕਦਮ ਹਾਨੀਕਾਰਕ ਸਾਬਤ ਹੋਣਗੇ। ਤਾਜ਼ਾ ਪ੍ਰਵਿਰਤੀ ਜਾਰੀ ਰਹੀ ਤਾਂ ਕੁਝ ਹੀ ਸਮੇਂ ਵਿੱਚ ਸਾਡੀ ਆਬਾਦੀ ਘਟਣ ਲੱਗੇਗੀ ਅਤੇ ਚੁਣੌਤੀਆਂ ਦਾ ਸਰੂਪ ਬਿਲਕੁਲ ਬਦਲ ਜਾਵੇਗਾ। ਇਸ ਲਈ ਜ਼ਰੂਰੀ ਹੈ ਕਿ ਲਕੀਰ ਦਾ ਫਕੀਰ ਬਣ ਕੇ ਪੁਰਾਣਾ ਰਾਗ ਅਲਾਪਦੇ ਰਹਿਣ ਦੀ ਬਜਾਏ ਅਸੀਂ ਖੁਦ ਨੂੰ ਆਉਣ ਵਾਲੀਆਂ ਨਵੀਆਂ ਚੁਣੌਤੀਆਂ ਦੇ ਲਈ ਤਿਆਰ ਕਰੀਏ।

# ਇਜ਼ਰਾਈਲ-ਹਮਾਸ ਜੰਗ: ਚਾਰ ਹ਼ਫ਼ਤਿਆਂ ਵਿੱਚ ਇਹ 5 ਨਵੇਂ ਸੱਚ ਸਾਹਮਣੇ ਆਏ





ਹਮਾਸ ਹਮਲੇ ਬਾਰੇ 7 ਅਕਤੂਬਰ ਤੋਂ ਹੋ ਰਹੀ ਰਿਪੋਰਟਿੰਗ, ਵਿਸ਼ਲੇਸ਼ਣ ਜਾਂ ਟਿੱਪਣੀਆਂ ਬਾਰੇ ਇੱਕ ਗੱਲ ਇਹ ਹੈ ਕਿ ਕਿਸੇ ਕੋਲ ਵੀ ਪੂਰੀ ਕਹਾਣੀ ਨਹੀਂ ਹੈ। ਜੰਗ ਦੇ ਮੈਦਾਨ ਵਿੱਚ ਕੀ ਹੋ ਰਿਹਾ ਹੈ, ਹਮੇਸ਼ਾ ਵਾਂਗ ਇਹ ਸਮਝਣਾ ਔਖਾ ਹੈ। ਇਜ਼ਰਾਈਲੀਆਂ ਅਤੇ ਫ਼ਲੀਸਤੀਨੀਆਂ ਵਿਚਕਾਰ ਸੰਘਰਸ਼ ਦਾ ਨਵਾਂ ਰੂਪ ਹਾਲੇ ਸਾਹਮਣੇ ਨਹੀਂ ਆਇਆ ਹੈ। ਘਟਨਾਵਾਂ ਤੇਜ਼ੀ ਨਾਲ ਅੱਗੇ ਵਧ ਰਹੀਆਂ ਹਨ। ਜੰਗ ਦੇ ਹੋਰ ਫੈਲਣ ਦਾ ਡਰ ਅਸਲੀ ਹੈ। ਮੱਧ ਪੂਰਬ ਵਿੱਚ ਨਵੀਆਂ ਸੰਭਾਵਨਾਵਾਂ ਮੌਜੂਦ ਹਨ, ਪਰ ਉਨ੍ਹਾਂ ਦਾ ਅਕਾਰ ਅਤੇ ਕੰਮ ਕਰਨ ਦਾ ਤਰੀਕਾ ਇਸ ‘ਤੇ ਨਿਰਭਰ ਕਰਦਾ ਹੈ ਕਿ ਆਉਂਦੇ ਸਮੇਂ ਵਿੱਚ ਜੰਗ ਦਾ ਕੀ ਰੂਪ ਰਹਿੰਦਾ ਹੈ। ਕਈ ਚੀਜ਼ਾਂ ਹਨ, ਜੋ ਅਸੀਂ ਜਾਣਦੇ ਹਾਂ ਅਤੇ ਕਈ ਅਸੀਂ ਨਹੀਂ ਜਾਣਦੇ। ਸੂਚੀ ਪੂਰੀ ਨਹੀਂ ਹੈ। ਕਈ ਲੋਕਾਂ ਨੇ ਸਾਲ 2003 ਵਿੱਚ ਇਰਾਕ ‘ਤੇ ਹਮਲੇ ਸਮੇਂ ਅਮਰੀਕੀ ਰੱਖਿਆ ਸਕੱਤਰ ਡੌਨਲਡ ਰਮਸਫਿਲਡ ਦਾ ਮਜ਼ਾਕ ਉਡਾਇਆ ਜਦੋਂ ਉਨ੍ਹਾਂ ਨੇ ‘ਅਣਜਾਣ-ਅਣਜਾਣ’ ਦਾ ਜ਼ਿਕਰ ਕੀਤਾ। ਪਰ ਕਿਸੇ ਵੀ ਹੋਰ ਦੁਨੀਆ ਵਾਂਗ, ਇਸ ਦੁਨੀਆ ਵਿੱਚ ਵੀ ਉਹ ਮੌਜੂਦ ਹਨ ਅਤੇ ਜਦੋਂ ਉਹ ਉੱਭਰਨਗੇ ਤਾਂ ਇੱਕ ਵੱਡਾ ਬਦਲਾਅ ਲਿਆ ਸਕਦੇ ਹਨ।

**ਪਹਿਲਾ ਸੱਚ**

ਇੱਕ ਸੰਭਾਵਨਾ ਇਹ ਹੈ ਕਿ ਇਜ਼ਰਾਈਲੀ ਗਾਜ਼ਾ ਵਿੱਚ ਹਮਾਸ ਅਤੇ ਉਸ ਦੇ ਜੂਨੀਅਰ ਪਾਰਟਨਰ ਇਸਲਾਮਿਕ ਜਿਹਾਦ ਦੀ ਤਾਕਤ ਕਮਜ਼ੋਰ ਕਰਨ ਲਈ ਮਿਲਟਰੀ ਦੀ ਮੁਹਿੰਮ ਦਾ ਸਮਰਥਨ ਕਰ ਰਹੇ ਹਨ। ਉਨ੍ਹਾਂ ਦਾ ਗ਼ੁੱਸਾ ਹਮਾਸ ਦੇ ਹਮਲਿਆਂ ਤੋਂ ਮਿਲੇ ਸਦਮਿਆਂ, 1400 ਤੋਂ ਵੱਧ ਲੋਕਾਂ ਦੇ ਕਤਲ ਅਤੇ ਹਾਲੇ ਵੀ ਕਰੀਬ 240 ਲੋਕਾਂ ਦੇ ਬੰਧਕ ਹੋਣ ਦੇ ਤੱਥ ਤੋਂ ਪ੍ਰੇਰਿਤ ਹੈ। ਮੈਂ ਇਜ਼ਰਾਈਲੀ ਫੌਜ ਦੇ ਇੱਕ ਸੇਵਾ ਮੁਕਤ ਜਨਰਲ ਨੋਆਮ ਟਿਬੋਨ ਨੂੰ ਮਿਲਿਆ, ਇਹ ਜਾਨਣ ਲਈ ਕਿ ਉਹ ਸੱਤ ਅਕਤੂਬਰ ਦੇ ਹਮਾਸ ਹਮਲੇ ਦੇ ਬਾਅਦ ਆਪਣੀ ਪਤਨੀ ਨਾਲ ਗਾਜ਼ਾ ਦੀ ਸਰਹੱਦ ‘ਤੇ ਕਿਬੁਤਜ਼, ਨਾਹਲ ਓਜ਼ ਤੱਕ ਕਿਵੇਂ ਪਹੁੰਚੇ। ਉਹ ਆਪਣੇ ਬੇਟੇ, ਨੂੰਹ ਅਤੇ ਦੋ ਧੀਆਂ ਨੂੰ ਬਚਾਉਣ ਦੇ ਆਪਣੇ ਮਕਸਦ ਵਿੱਚ ਕਾਮਯਾਬ ਰਹੇ, ਜੋ ਕਿ ਹਮਾਸ ਦੇ ਬੰਦੂਕਧਾਰੀਆਂ ਦੇ ਬਾਹਰ ਘੁੰਮਣ ਦੀ ਭਿਣਕ ਲਗਦਿਆਂ ਆਪਣੇ ਸੁਰੱਖਿਅਤ ਕਮਰਿਆਂ ਵਿੱਚ ਸਨ। ਟਿਬੋਨ ਭਾਵੇਂ ਰਿਟਾਇਰ ਹੋ ਚੁੱਕੇ ਹਨ ਪਰ 62 ਸਾਲ ਦੀ ਉਮਰ ਵਿੱਚ ਵੀ ਉਹ ਪੂਰੇ ਫਿੱਟ ਦਿਸਦੇ ਹਨ। ਉਹ ਇੱਕ ਮ੍ਰਿਤਕ ਇਜ਼ਰਾਈਲੀ ਫੌਜੀ ਤੋਂ ਲਈ ਅਸਾਲਟ ਰਾਈਫਲ ਅਤੇ ਹੈਲਮੇਟ ਨਾਲ ਲੈਸ ਹੋ ਗਏ ਸੀ ਅਤੇ ਉਸ ਦਿਨ ਦੀ ਅਰਾਜਕਤਾ ਵਿੱਚ ਇਕੱਠੇ ਹੋਏ ਫੌਜੀਆਂ ਦੇ ਇੱਕ ਸਮੂਹ ਦੀ ਅਗਵਾਈ ਕੀਤੀ। ਕਿਬੁਤਜ਼ ਨੂੰ ਸਾਫ਼ ਕੀਤਾ ਅਤੇ ਆਪਣੇ ਪਰਿਵਾਰ ਸਮੇਤ ਕਈ ਹੋਰਾਂ ਦੀ ਜਾਨ ਬਚਾਈ। ਜਨਰਲ ਪੁਰਾਣੇ ਵਿਚਾਰਾਂ ਵਾਲਾ, ਸਿੱਧੀ-ਸਪਸ਼ਟ ਗੱਲ ਕਰਨ ਵਾਲਾ ਅਧਿਕਾਰੀ ਸੀ। ਗਾਜ਼ਾ ਨੂੰ ਨੁਕਸਾਨ ਹੋਣ ਵਾਲਾ ਹੈ। ਕੋਈ ਵੀ ਦੇਸ਼ ਇਸ ਗੱਲ ਲਈ ਸਹਿਮਤ ਨਹੀਂ ਹੋਵੇਗਾ ਕਿ ਤੁਹਾਡਾ ਗੁਆਂਢੀ ਬੱਚਿਆਂ, ਮਹਿਲਾਵਾਂ ਜਾਂ ਲੋਕਾਂ ਦਾ ਕਤਲੇਆਮ ਕਰੇਗਾ। ਠੀਕ ਉਸੇ ਤਰ੍ਹਾਂ ਜਿਵੇਂ ਤੁਸੀਂ(ਬ੍ਰਿਟੇਨ ਨੇ) ਦੂਜੀ ਵਿਸ਼ਵ ਜੰਗ ਦੌਰਾਨ ਆਪਣੇ ਦੁਸ਼ਮਣ ਨੂੰ ਕੁਚਲ ਦਿੱਤਾ ਸੀ। ਗਾਜ਼ਾ ਵਿੱਚ ਸਾਨੂੰ ਇਹੀ ਕਰਨ ਦੀ ਲੋੜ ਹੈ। ਕੋਈ ਰਹਿਮ ਨਹੀਂ।

**ਮੈਂ ਪੁੱਛਿਆ ਫਿਰ ਬੇਕਸੂਰ ਫਲੀਸਤੀਨੀ ਨਾਗਰਿਕਾਂ ਦਾ ਕੀ ?**

ਜੋ ਹੋ ਰਿਹਾ ਹੈ, ਮੰਦਭਾਗਾ ਹੈ। ਅਸੀਂ ਇੱਕ ਕਠੋਰ ਗੁਆਂਢ ਵਿੱਚ ਰਹਿੰਦੇ ਹਾਂ ਅਤੇ ਖੁਦ ਜਿਉਂਦੇ ਰਹਿਣ ਲਈ, ਸਾਨੂੰ ਸਖ਼ਤ ਹੋਣਾ ਪਵੇਗਾ। ਸਾਡੇ ਕੋਲ ਕੋਈ ਰਾਹ ਨਹੀਂ ਹੈ। ਬਹੁਤ ਸਾਰੇ ਇਜ਼ਰਾਈਲੀ ਇਸ ਗੱਲ ਨਾਲ ਸਹਿਮਤ ਹਨ ਕਿ ਫਲੀਸਤੀਨੀ ਨਾਗਰਿਕਾਂ ਦੀ ਮੌਤ ਮੰਦਭਾਗੀ ਹੈ, ਪਰ ਉਹ ਹਮਾਸ ਦੇ ਕੰਮਾਂ ਕਰਕੇ ਮਾਰੇ ਜਾ ਰਹੇ ਹਨ।

**ਦੂਜਾ ਸੱਚ**

ਇਹ ਵੀ ਸਾਫ਼ ਹੈ ਕਿ ਹਮਾਸ ‘ਤੇ ਇਜ਼ਰਾਈਲ ਦੇ ਹਮਲੇ ਨਾਲ ਭਿਆਨਕ ਖ਼ੂਨ-ਖ਼ਰਾਬਾ ਹੋ ਰਿਹਾ ਹੈ।

ਹਮਾਸ ਵੱਲੋਂ ਚਲਾਏ ਜਾ ਰਹੇ ਗਾਜ਼ਾ ਦੇ ਸਿਹਤ ਵਿਭਾਗ ਮੁਤਾਬਕ ਫਲੀਸਤੀਨੀ ਮੌਤਾਂ ਦਾ ਘੱਟੋ-ਘੱਟ ਅੰਕੜਾ 9,000 ਤੋਂ ਵੱਧ ਹੋ ਗਿਆ ਹੈ। ਇਨ੍ਹਾਂ ਵਿੱਚ ਕਰੀਬ 65 ਫੀਸਦੀ ਮਹਿਲਾਵਾਂ ਅਤੇ ਬੱਚੇ ਹਨ।

ਇਹ ਸਪਸ਼ਟ ਨਹੀਂ ਹੈ ਕਿ ਮਾਰੇ ਗਏ ਲੋਕਾਂ ਵਿੱਚੋਂ ਕਿੰਨੇ ਨਾਗਰਿਕ ਸੀ ਜਾਂ ਕਿੰਨੇ ਹਮਾਸ ਜਾਂ ਇਸਲਾਮਿਕ ਜਿਹਾਦ ਲਈ ਲੜ ਰਹੇ ਸੀ।

ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਅਤੇ ਇਜ਼ਰਾਈਲੀਆਂ ਨੂੰ ਸਿਹਤ ਵਿਭਾਗ ਦੇ ਅੰਕੜਿਆਂ ’ਤੇ ਭਰੋਸਾ ਨਹੀਂ ਹੈ। ਪਰ ਪਿਛਲੇ ਵਿਵਾਦਾਂ ਵਿੱਚ, ਫਲੀਸਤੀਨੀਆਂ ਦੀਆਂ ਮੌਤਾਂ ਦਾ ਅੰਕੜਾ ਕੌਮਾਂਤਰੀ ਸੰਸਥਾਵਾਂ ਨੇ ਸਟੀਕ ਮੰਨਿਆ ਸੀ।

ਇੱਕ ਅਹਿਮ ਮੀਲ ਪੱਥਰ ਤੇਜ਼ੀ ਨਾਲ ਨੇੜੇ ਆ ਰਿਹਾ ਹੈ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ 21 ਮਹੀਨੇ ਪਹਿਲਾਂ ਦੇ ਰੂਸ ਹਮਲੇ ਤੋਂ ਲੈ ਕੇ ਹੁਣ ਤੱਕ ਯੂਕਰੇਨ ਵਿੱਚ 9700 ਨਾਗਰਿਕਾਂ ਦੀ ਜਾਨ ਜਾ ਚੁੱਕੀ ਹੈ। ਮਾਰੇ ਗਏ ਫਲੀਸਤੀਨੀਆਂ ਵਿੱਚੋਂ ਕੁਝ ਹਮਾਸ ਦਾ ਹਿੱਸਾ ਰਹਿ ਚੁੱਕੇ ਹੋਣਗੇ। ਭਾਵੇਂ ਇਹ ਅਨੁਪਾਤ 10 ਫੀਸਦੀ ਜਿਨ੍ਹਾਂ ਜ਼ਿਆਦਾ ਹੋਵੇ, ਜਿਸ ਦੀ ਕਿ ਸੰਭਾਵਨਾ ਕਾਫ਼ੀ ਘੱਟ ਹੈ, ਫਿਰ ਵੀ ਇਸ ਦਾ ਮਤਲਬ ਹੈ ਕਿ ਇਜ਼ਰਾਈਲ ਸਿਰਫ਼ ਇੱਕ ਮਹੀਨੇ ਵਿੱਚ ਹੀ ਓਨੇ ਫਲੀਸਤੀਨੀ ਨਾਗਰਿਕਾਂ ਨੂੰ ਮਾਰਨ ਦੇ ਅੰਕੜੇ ਤੱਕ ਪਹੁੰਚ ਰਿਹਾ ਹੈ, ਜਿੰਨੇ ਰੂਸ ਹਮਲੇ ਕਾਰਨ ਫ਼ਰਵਰੀ 2022 ਤੋਂ ਯੁਕਰੇਨ ਵਿੱਚ ਮਰੇ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫ਼ਤਰ ਨੇ ਕਿਹਾ ਹੈ ਕਿ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ ਇੰਨੇ ਨਾਗਰਿਕ ਮਾਰੇ ਗਏ ਅਤੇ ਜ਼ਖਮੀ ਹੋਏ ਹਨ ਕਿ ਉਨ੍ਹਾਂ ਨੂੰ ਜੰਗੀ ਅਪਰਾਧ ਹੋਣ ਦੀ ਗੰਭੀਰ ਚਿੰਤਾ ਹੈ। ਹਮਾਸ ਦੇ ਹਮਲਿਆਂ ਬਾਅਦ ਪਹਿਲੇ ਦਿਨਾਂ ਤੋਂ, ਰਾਸ਼ਟਰਪਤੀ ਬਾਈਡਨ ਨੇ ਹਮਾਸ ਨੂੰ ਸੱਤਾਂ ਤੋਂ ਲਾਂਭੇ ਕਰਨ ਲਈ ਫ਼ੌਜੀ ਤਾਕਤ ਵਰਤਣ ਦੇ ਇਜ਼ਰਾਈਲ ਦੇ ਫ਼ੈਸਲੇ ਦਾ ਸਮਰਥਨ ਕੀਤਾ ਹੈ। ਪਰ ਉਨ੍ਹਾਂ ਨੇ ਇਹ ਯੋਗਤਾ ਵੀ ਜੋੜ ਦਿੱਤੀ ਹੈ ਕਿ ਇਸ ਨੂੰ ਸਹੀ ਤਰੀਕੇ ਨਾਲ ਕੀਤੇ ਜਾਣਾ ਲਾਜ਼ਮੀ ਹੈ। ਉਨ੍ਹਾਂ ਦਾ ਮਤਲਬ ਸੀ ਕਿ ਇਜ਼ਰਾਈਲ ਨੂੰ ਯੁੱਧ ਦੇ ਉਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜੋ ਆਮ ਨਾਗਰਿਕਾਂ ਦੀ ਰੱਖਿਆ ਕਰਦੇ ਹਨ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਤਲ ਅਵੀਵ ਪਹੁੰਚੇ ਹਨ। ਉਡਾਣ ਭਰਨ ਤੋਂ ਪਹਿਲਾਂ, ਉਨ੍ਹਾਂ ਨੇ ਕਿਹਾ, ਜਦੋਂ ਮੈਂ ਇੱਕ ਢਹੀ ਹੋਈ ਇਮਾਰਤ ਦੇ ਮਲਬੇ ਤੋਂ ਕੱਢੇ ਇੱਕ ਫਲੀਸਤੀਨੀ ਬੱਚੇ ਨੂੰ ਦੇਖਦਾ ਹਾਂ ਤਾਂ ਮੈਨੂੰ ਉਨ੍ਹਾਂ ਹੀ ਦੁੱਖ ਲਗਦਾ ਹੈ, ਜਿਨ੍ਹਾਂ ਇਜ਼ਰਾਈਲ ਜਾਂ ਕਿਤੇ ਹੋਰ ਦੇ ਬੱਚੇ ਨੂੰ ਦੇਖ ਕੇ ਹੁੰਦਾ ਹੈ। ਮੈਂ ਪਿਛਲੇ ਤੀਹ ਸਾਲਾਂ ਵਿੱਚ ਇਜ਼ਰਾਈਲ ਦੀਆਂ ਸਾਰੀਆਂ ਜੰਗਾਂ ਬਾਰੇ ਰਿਪੋਰਟਿੰਗ ਕੀਤੀ ਹੈ। ਮੈਨੂੰ ਯਾਦ ਨਹੀਂ ਹੈ ਕਿ ਕਿਸੇ ਅਮਰੀਕੀ ਪ੍ਰਸ਼ਾਸਨ ਨੇ ਇਸ ਤਰ੍ਹਾਂ ਜਨਤਕ ਰੂਪ ਵਿੱਚ ਕਿਹਾ ਹੋਵੇ ਕਿ ਇਜ਼ਰਾਈਲ ਨੂੰ ਯੁੱਧ ਕਾਨੂੰਨਾਂ ਦੀ ਪਾਲਣਾ ਕਰਨ ਦੀ ਲੋੜ ਹੈ। ਬਲਿੰਕਨ ਦੀ ਯਾਤਰਾ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਜ਼ਰਾਈਲ ਬਾਈਡਨ ਦੀ ਸਲਾਹ ਨਹੀਂ ਮੰਨ ਰਿਹਾ ਹੈ।

**ਤੀਜਾ ਸੱਚ**


ਇੱਕ ਹੋਰ ਗੱਲ ਜੋ ਅਸੀਂ ਨਿਸ਼ਚਿਤ ਰੂਪ ਵਿੱਚ ਜਾਣਦੇ ਹਾਂ ਉਹ ਇਹ ਹੈ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਾਨਯਾਹੂ ਭਾਰੀ ਦਬਾਅ ਹੇਠ ਹਨ। ਇਜ਼ਰਾਈਲ ਦੇ ਸੁਰੱਖਿਆ ਅਤੇ ਸੈਨਾ ਮੁਖੀਆਂ ਦੇ ਉਲਟ, ਉਨ੍ਹਾਂ ਨੇ ਕਈ ਅਸਫ਼ਲਤਾਵਾਂ ਦੀ ਨਿੱਜੀ ਜ਼ਿੰਮੇਵਾਰੀ ਸਵੀਕਾਰ ਨਹੀਂ ਕੀਤੀ ਹੈ, ਜਿਨ੍ਹਾਂ ਕਰਕੇ ਸੱਤ ਅਕਤੂਬਰ ਨੂੰ ਇਜ਼ਰਾਈਲ ਦੇ ਸਰਹੱਦੀ ਲੋਕਾਂ ਨੂੰ ਲਗਭਗ ਅਸੁਰੱਖਿਅਤ ਛੱਡ ਦਿੱਤਾ ਗਿਆ ਸੀ। 29 ਅਕਤੂਬਰ ਨੂੰ ਉਨ੍ਹਾਂ ਨੇ ਖੁਫੀਆ ਏਜੰਸੀਆਂ ’ਤੇ ਇਲਜ਼ਾਮ ਲਗਾਉਂਦਿਆਂ ਇੱਕ ਟਵੀਟ ਕਰਕੇ ਵਿਵਾਦ ਛੇੜ ਦਿੱਤਾ। ਨੇਤਾਨਯਾਹੂ ਨੇ ਬਾਅਦ ਵਿੱਚ ਇਹ ਡਿਲੀਟ ਕੀਤਾ ਅਤੇ ਮਾਫ਼ੀ ਮੰਗੀ। ਤਿੰਨ ਇਜ਼ਰਾਈਲੀਆਂ, ਇੱਕ ਸਾਬਕਾ ਸ਼ਾਂਤੀ ਵਾਰਤਾਕਾਰ, ਇੱਕ ਇਜ਼ਰਾਈਲ ਦੀ ਖੁਫੀਆ ਏਜੰਸੀ ਸ਼ਿਨ ਬੇਟ ਦੇ ਸਾਬਕਾ ਮੁਖੀ, ਅਤੇ ਇੱਕ ਟੈਕ ਕਾਰੋਬਾਰੀ ਨੇ ਫੌਰਨ ਅਫੇਅਰਜ਼ ਮੈਗਜ਼ੀਨ ਵਿੱਚ ਇੱਕ ਲੇਖ ਲਿਖਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜੰਗ ਤੋਂ ਬਾਅਦ ਜੋ ਕੁਝ ਵੀ ਹੁੰਦਾ ਹੈ, ਨੇਤਾਨਯਾਹੂ ਨੂੰ ਉਸ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ। ਇਜ਼ਰਾਈਲੀ ਪ੍ਰਧਾਨ ਮੰਤਰੀ ਕੋਲ ਵਫਾਦਾਰ ਸਮਰਥਕ ਹਨ, ਪਰ ਉਨ੍ਹਾਂ ਨੇ ਇਜ਼ਰਾਈਲੀ ਸੈਨਾ ਅਤੇ ਸੁਰੱਖਿਆ ਸੰਸਥਾਵਾਂ ਵਿੱਚ ਪ੍ਰਮੁਖ ਹਸਤੀਆਂ ਦਾ ਵਿਸ਼ਵਾਸ ਗਵਾ ਲਿਆ ਹੈ। ਨੋਮ ਟਿਬੋਨ ਨੇ ਨੇਤਾਨਯਾਹੂ ਦੀ ਤੁਲਨਾ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇਵਿਲ ਚੇਂਬਰਲਿਨ ਨਾਲ ਕੀਤੀ, ਜਿਨ੍ਹਾਂ ਨੂੰ 1940 ਵਿੱਚ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਥਾਂ ਵਿੰਸਟਨ ਚਰਚਿਲ ਨੂੰ ਨਿਯੁਕਤ ਕੀਤਾ ਗਿਆ ਸੀ। ਟਿਬੋਨ ਨੇ ਮੈਨੂੰ ਕਿਹਾ, ਇਹ ਇਜ਼ਰਾਈਲ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਅਸਫਲਤਾ ਹੈ। ਇਹ ਇੱਕ ਫ਼ੌਜੀ ਅਸਫਲਤਾ ਸੀ। ÷ਇਹ ਇੱਕ ਖ਼ੂਫੀਆ ਅਸਫਲਤਾ ਸੀ ਅਤੇ ਇਹ ਸਰਕਾਰ ਦੀ ਅਸਫਲਤਾ ਸੀ ਜੋ ਅਸਲ ਵਿੱਚ ਇੰਚਾਰਜ ਸਨ ਅਤੇ ਜਿਨ੍ਹਾਂ ‘ਤੇ ਸਾਰਾ ਇਲਜ਼ਾਮ ਹੈ, ਉਹ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਾਨਯਾਹੂ ਹਨ। ਉਹ ਇਜ਼ਰਾਈਲ ਦੇ ਇਤਿਹਾਸ ਦੀ ਸਭ ਤੋਂ ਵੱਡੀ ਅਸਫ਼ਲਤਾ ਦੇ ਇੰਚਾਰਜ ਹਨ। ÷

**ਚੌਥਾ ਸੱਚ**

ਇਹ ਵੀ ਸਪਸ਼ਟ ਹੈ ਕਿ ਪੁਰਾਣੀ ਜਿਉਂ ਦੀ ਤਿਉਂ ਸਥਿਤੀ ਨੂੰ ਤੋੜ ਦਿੱਤਾ ਗਿਆ ਹੈ। ਇਹ ਨਾਪਸੰਦ ਅਤੇ ਖ਼ਤਰਨਾਕ ਸੀ, ਪਰ ਅਜਿਹਾ ਲੱਗ ਰਿਹਾ ਸੀ ਕਿ ਇਸ ਵਿੱਚ ਇੱਕ ਜਾਣੀ-ਪਛਾਣੀ ਸਥਿਰਤਾ ਹੈ। 2005 ਦੇ ਆਲੇ-ਦੁਆਲੇ ਪਿਛਲਾ ਫਲੀਸਤੀਨੀ ਵਿਦਰੋਹ ਸਮਾਪਤ ਹੋਣ ਦੇ ਬਾਅਦ ਤੋਂ ਇੱਕ ਪੈਟਰਨ ਉੱਭਰਿਆ ਹੈ, ਜਿਸ ਬਾਰੇ ਨੇਤਾਨਯਾਹੂ ਦਾ ਮੰਨਣਾ ਹੈ ਕਿ ਇਸ ਨੂੰ ਅਨਿਸ਼ਚਿਤਾ ਸਮੇਂ ਤੱਕ ਜਾਰੀ ਰੱਖਿਆ ਜਾ ਸਕਦਾ ਹੈ। ਇਹ ਇੱਕ ਖ਼ਤਰਨਾਕ ਭੁਲੇਖਾ ਸੀ, ਫਲੀਸਤੀਨੀਆਂ ਦੇ ਨਾਲ-ਨਾਲ, ਇਜ਼ਰਾਈਲੀਆਂ ਲਈ ਵੀ। ਤਰਕ ਇਹ ਦਿੱਤਾ ਗਿਆ ਕਿ ਫਲੀਸਤੀਨੀ ਹੁਣ ਇਜ਼ਰਾਈਲ ਲਈ ਖ਼ਤਰਾ ਨਹੀਂ ਹਨ। ਇਸ ਦੀ ਬਜਾਇ, ਉਨ੍ਹਾਂ ਨੂੰ ਮੈਨੇਜ ਕਰਨਾ ਇੱਕ ਸਮੱਸਿਆ ਸੀ। ਉਪਲੱਭਧ ਸਮਾਨ ਵਿੱਚ ਸੋਟੀਆਂ, ਗਾਜਰਾਂ ਅਤੇ ‘ਵੰਡੋ ਅਤੇ ਰਾਜ ਕਰੋ’ ਦੀ ਪੁਰਾਣੀ ਨੀਤੀ ਸ਼ਾਮਲ ਹੈ। ਸਾਲ 2009 ਤੋਂ ਵੱਧ ਸਮਾਂ ਪ੍ਰਧਾਨ ਮੰਤਰੀ ਰਹੇ ਨੇਤਾਨਯਾਹੂ ਨੇ 1996 ਅਤੇ 1999 ਦੇ ਵਿਚਕਾਰ ਪਹਿਲੇ ਕਾਰਜ-ਕਾਲ ਤੋਂ ਬਾਅਦ, ਲਗਾਤਾਰ ਤਰਕ ਦਿੱਤਾ ਹੈ ਕਿ ਇਜ਼ਰਾਈਲ ਦੇ ਕੋਲ ਸ਼ਾਂਤੀ ਲਈ ਕੋਈ ਹਿੱਸੇਦਾਰ ਨਹੀਂ ਹੈ। ਸੰਭਾਵਿਤ ਤੌਰ ‘ਤੇ ਅਜਿਹਾ ਹੋਇਆ। ਫਲੀਸਤੀਨੀ ਅਥਾਰਟੀ ਜੋ ਹਮਾਸ ਦੀ ਮੁੱਖ ਵਿਰੋਧੀ ਹੈ, ਇੱਕ ਬੇਹੱਦ ਤਰੁੱਟੀਪੂਰਨ ਸੰਗਠਨ ਹੈ, ਅਤੇ ਇਸ ਦਾ ਸਮਰਥਨ ਕਰਨ ਵਾਲੇ ਕਈ ਲੋਕ ਮੰਨਦੇ ਹਨ ਕਿ ਇੱਥੋਂ ਦੇ ਵੱਡੀ ਉਮਰ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੂੰ ਪਾਸੇ ਹਟਣ ਦੀ ਲੋੜ ਹੈ। ਪਰ ਇਸ ਨੇ 1990 ਦੇ ਦਹਾਕੇ ਵਿੱਚ ਇਜ਼ਰਾਈਲ ਦੇ ਨਾਲ ਫਲੀਸਤੀਨੀ ਰਾਜ ਦੀ ਸਥਾਪਨਾ ਦੇ ਵਿਚਾਰ ਨੂੰ ਸਵੀਕਾਰ ਕਰ ਲਿਆ। ਨੇਤਾਨਯਾਹੂ ਲਈ ਵੰਡੋ ਅਤੇ ਰਾਜ ਕਰੋ ਦਾ ਮਤਲਬ ਫਲੀਸਤੀਨੀ ਅਥਾਰਟੀ ਦੀ ਕੀਮਤ ‘ਤੇ ਹਮਾਸ ਨੂੰ ਗਾਜ਼ਾ ਵਿੱਚ ਆਪਣੀ ਸੱਤਾ ਬਣਾਉਣ ਦੀ ਇਜਾਜ਼ਤ ਦੇਣਾ ਸੀ। ਜਦਕਿ ਇਜ਼ਰਾਈਲ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਪ੍ਰਧਾਨ ਮੰਤਰੀ ਹਮੇਸ਼ਾ ਜਨਤਕ ਰੂਪ ਵਿੱਚ ਕੀ ਕਹਿੰਦੇ ਹਨ, ਇਸ ਬਾਰੇ ਸਾਵਧਾਨ ਰਹਿੰਦੇ ਹਨ, ਕਈ ਸਾਲਾਂ ਵਿੱਚ ਉਨ੍ਹਾਂ ਦੇ ਕੰਮਾਂ ਤੋਂ ਪਤਾ ਲਗਦਾ ਹੈ ਕਿ ਉਹ ਫਲੀਸਤੀਨੀਆਂ ਨੂੰ ਇੱਕ ਅਜ਼ਾਦ ਰਾਜ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ। ਇਸ ਵਿੱਚ ਪੂਰਬੀ ਯੇਰੂਸਲਮ ਸਮੇਤ ਵੈਸਟ ਬੈਂਕ ਵਿੱਚ ਜ਼ਮੀਨ ਛੱਡਣਾ ਸ਼ਾਮਲ ਹੋਏਗਾ, ਜਿਸ ਨੂੰ ਇਜ਼ਰਾਈਲੀ ਸੱਜੇ ਪੱਖੀ ਮੰਨਦੇ ਹਨ ਕਿ ਇਹ ਯਹੂਦੀਆਂ ਦੀ ਹੈ। ਸਮੇਂ-ਸਮੇਂ ‘ਤੇ ਨੇਤਾਨਯਾਹੂ ਦੇ ਐਲਾਨ ਲੀਕ ਹੋ ਜਾਂਦੇ ਸਨ। 2019 ਵਿੱਚ, ਕਈ ਇਜ਼ਰਾਈਲੀ ਸ੍ਰੋਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਲਿਕੁਡ ਸੰਸਦ ਮੈਂਬਰਾਂ ਦੇ ਇੱਕ ਗਰੁਪ ਨੂੰ ਕਿਹਾ ਕਿ ਜੇ ਉਹ ਫਲੀਸਤੀਨੀ ਰਾਜ ਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਨੂੰ ਗਾਜ਼ਾ ਵਿੱਚ ਪੈਸੇ ਬਣਾਉਣ ਦੀਆਂ ਯੋਜਨਾਵਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗਾਜ਼ਾ ਵਿੱਚ ਹਮਾਸ ਅਤੇ ਵੈਸਟ ਬੈਂਕ ਵਿੱਚ ਫਲੀਸਤੀਨੀ ਅਥਾਰਿਟੀਜ਼ ਵਿਚਕਾਰ ਪਾੜਾ ਡੂੰਘਾ ਹੋਣ ਨਾਲ ਰਾਜ ਸਥਾਪਿਤ ਕਰਨਾ ਅਸੰਭਵ ਹੋ ਜਾਏਗਾ।

**ਪੰਜਵਾਂ ਸੱਚ**

ਇਹ ਵੀ ਸਪੱਸ਼ਟ ਹੈ ਕਿ ਅਮਰੀਕੀਆਂ ਵੱਲੋਂ ਸਮਰਥਨ ਹਾਸਲ ਇਜ਼ਰਾਈਲ ਉਸ ਸਮਝੌਤੇ ਨੂੰ ਬਰਦਾਸ਼ਤ ਨਹੀਂ ਕਰੇਗਾ ਜੋ ਹਮਾਸ ਨੂੰ ਸੱਤਾ ਵਿੱਚ ਬਣੇ ਰਹਿਣ ਦੀ ਇਜਾਜ਼ਤ ਦਿੰਦਾ ਹੈ। ਇਸ ਨਾਲ ਬਹੁਤ ਖ਼ੂਨ-ਖ਼ਰਾਬੇ ਦੀ ਸੰਭਾਵਨਾ ਹੈ। ਇਸ ਨਾਲ ਇਹ ਵੀ ਵੱਡਾ ਸਵਾਲ ਉੱਠਦਾ ਹੈ ਕਿ ਉਨ੍ਹਾਂ ਦੀ ਥਾਂ ਕੌਣ ਲਵੇਗਾ ਜਾਂ ਕੌਣ ਕਰੇਗਾ, ਜਿਸ ਦਾ ਹੁਣ ਤੱਕ ਕੋਈ ਜਵਾਬ ਨਹੀਂ ਮਿਲਿਆ ਹੈ। ਜਾਰਡਨ ਨਦੀ ਅਤੇ ਭੂਮੱਧ ਸਾਗਰ ਵਿਚਕਾਰ ਦੀ ਜ਼ਮੀਨ ‘ਤੇ ਕੰਟਰੋਲ ਲਈ ਅਰਬਾਂ ਅਤੇ ਯਹੂਦੀਆਂ ਵਿਚਕਾਰ ਸੰਘਰਸ਼ 100 ਸਾਲਾਂ ਤੋਂ ਵੱਧ ਸਮੇਂ ਤੋਂ ਚੱਲਿਆ ਆ ਰਿਹਾ ਹੈ। ਇਸ ਦੇ ਲੰਬੇ ਅਤੇ ਖ਼ੂਨੀ ਇਤਿਹਾਸ ਦਾ ਇੱਕ ਸਬਕ ਇਹ ਹੈ ਕਿ ਇਸ ਦਾ ਕੋਈ ਫੌਜੀ ਹੱਲ ਕਦੇ ਨਹੀਂ ਹੋਏਗਾ। 1990 ਦੇ ਦਹਾਕੇ ਵਿੱਚ ਓਸਲੋ ਸ਼ਾਂਤੀ ਪ੍ਰਕਿਰਿਆ ਦੀ ਸਥਾਪਨਾ ਇਜ਼ਰਾਈਲ ਦੇ ਨਾਲ ਪੂਰਬੀ ਯੇਰੂਸਲਮ ਵਿੱਚ ਇੱਕ ਰਾਜਧਾਨੀ ਦੇ ਨਾਲ ਫਲੀਸਤੀਨੀ ਰਾਜ ਦੀ ਸਥਾਪਨਾ ਕਰਕੇ ਸੰਘਰਸ਼ ਨੂੰ ਸਮਾਪਤ ਕਰਨ ਦੀ ਕੋਸ਼ਿਸ਼ ਲਈ ਕੀਤੀ ਗਈ ਸੀ। ਸਾਲਾਂ ਤੱਕ ਚੱਲੀ ਗੱਲਬਾਤ ਬਾਅਦ, ਇਸ ਨੂੰ ਮੁੜ ਜੀਵਿਤ ਕਰਨ ਦੀ ਆਖ਼ਰੀ ਕੋਸ਼ਿਸ਼ ਓਬਾਮਾ ਸਰਕਾਰ ਦੌਰਾਨ ਹੋਈ। ਇਹ ਇੱਕ ਦਹਾਕੇ ਪਹਿਲਾਂ ਅਸਫ਼ਲ ਹੋ ਗਿਆ ਸੀ ਅਤੇ ਉਦੋਂ ਤੋਂ ਸੰਘਰਸ਼ ਨੂੰ ਵਧਣ ਦਿੱਤਾ ਗਿਆ ਹੈ। ਜਿਵੇਂ ਕਿ ਰਾਸ਼ਟਰਪਤੀ ਬਾਈਡਨ ਅਤੇ ਕਈ ਹੋਰ ਲੋਕਾਂ ਨੇ ਕਿਹਾ ਹੈ, ਜ਼ਿਆਦਾ ਜੰਗਾਂ ਤੋਂ ਬਚਣ ਦਾ ਇਕਲੌਤਾ ਸੰਭਾਵਿਤ ਮੌਕਾ ਇਜ਼ਰਾਈਲ ਦੇ ਨਾਲ ਇੱਕ ਫਲੀਸਤੀਨੀ ਰਾਜ ਦੀ ਸਥਾਪਨਾ ਕਰਨਾ ਹੈ। ਦੋਵੇਂ ਪਾਸੇ ਦੇ ਮੌਜੂਦਾ ਨੇਤਾਵਾਂ ਦੇ ਰਹਿੰਦਿਆਂ ਇਹ ਸੰਭਵ ਨਹੀਂ ਹੋਏਗਾ।




# ਕੈਨੇਡਾ: ਐਡਮੰਟਨ 'ਚ ਪੰਜਾਬੀ ਮੂਲ ਦੇ ਪਿਉ ਤੇ 11 ਸਾਲਾ ਪੁੱਤ ਦਾ ਹੋਇਆ ਕਤਲ, ਪੁਲਿਸ ਨੇ ਕੀ ਦੱਸਿਆ




ਕੈਨੇਡਾ ਦੇ ਐਡਮੰਟਨ ਸ਼ਹਿਰ ਵਿੱਚ ਹਮਲਾਵਰਾਂ ਨੇ ਪੰਜਾਬੀ ਮੂਲ ਦੇ ਇੱਕ ਵਿਅਕਤੀ ਤੇ ਉਸ ਦੇ 11 ਸਾਲ ਦੇ ਬੱਚੇ ਦਾ ਕਤਲ ਦਿੱਤਾ ਹੈ। ਮ੍ਰਿਤਕ ਪਿਤਾ ਦਾ ਨਾਂ ਹਰਪ੍ਰੀਤ ਉੱਪਲ ਹੈ ਜਿਨ੍ਹਾਂ ਦੀ ਉਮਰ 41 ਸਾਲ ਦੱਸੀ ਜਾ ਰਹੀ ਹੈ। ਐਡਮੰਟਨ ਪੁਲਿਸ ਮੁਤਾਬਕ ਇਹ ਘਟਨਾ 9 ਨਵੰਬਰ ਨੂੰ ਦਿਨ-ਦਿਹਾੜੇ 12 ਵਜੇ ਇੱਕ ਸੰਘਣੀ ਵਸੋਂ ਵਾਲੇ ਵਪਾਰਕ ਇਲਾਕੇ ਵਿੱਚ ਵਾਪਰੀ ਸੀ। ਪੁਲਿਸ ਇਸ ਘਟਨਾ ਨੂੰ 'ਟਾਰਗਿਟਿਡ ਕਿਲਿੰਗ' ਦੱਸ ਰਹੀ ਹੈ। ਐਡਮੈਂਟਨ ਪੁਲਿਸ ਦੇ ਕਾਰਜਕਾਰੀ ਸੁਪਰੀਟੈਂਡੈਂਟ ਕੋਲਿਨ ਡਰਕਸਨ ਨੇ ਦੱਸਿਆ ਕਿ ਘਟਨਾ ਵਾਲੀ ਥਾਂ 'ਤੇ ਇੱਕ ਹੋਰ 11 ਸਾਲਾਂ ਦਾ ਬੱਚਾ ਵੀ ਗੱਡੀ ਵਿੱਚੋਂ ਮਿਲਿਆ। ਪੁਲਿਸ ਮੁਤਾਬਕ ਬੱਚੇ ਦੀ ਸਰੀਰਕ ਹਾਲਤ ਠੀਕ ਹੈ।

## 11 ਸਾਲਾ ਬੱਚੇ ਦੀ ਮੌਤ ਨਾਲ ਸ਼ਹਿਰ ਵਿੱਚ ਸੋਗ

ਭਾਵੁਕ ਹੁੰਦਿਆ ਪੁਲਿਸ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਲਈ ਇੱਕ 11 ਸਾਲਾ ਬੱਚੇ ਦੀ ਸ਼ੂਟਿੰਗ ਵਿੱਚ ਮੌਤ ਹੋਣੀ ਬਹੁਤ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਐਡਮੈਂਟਨ ਦੇ ਲੋਕ ਸੋਗ ਵਿੱਚ ਹਨ ਖ਼ਾਸ ਕਰਕੇ ਘਟਨਾ ਵਾਲੀ ਥਾਂ ਦੇ ਨੇੜੇ ਰਹਿਣ ਵਾਲੇ ਲੋਕ ਇਸ ਬਾਰੇ ਉਦਾਸ ਹਨ। ਬਹੁਤ ਲੋਕਾਂ ਨੇ ਇਸ ਨੂੰ ਪ੍ਰਤੱਖ ਦੇਖਿਆ ਅਤੇ ਇਹ ਕਹਿਣ ਦੀ ਲੋੜ ਨਹੀਂ ਹੈ ਕਿ ਦਿਨ-ਦਿਹਾੜੇ ਇੰਨੇ ਵਿਅਸਤ ਰਹਿਣ ਵਾਲੇ ਇਲਾਕੇ ਵਿੱਚ ਕਤਲ ਹੋਣਾ ਬਹੁਤ ਖ਼ਤਰਨਾਕ ਹੈ। ਇਸੇ ਇਲਾਕੇ ਦੇ ਨੇੜੇ ਇੱਕ ਡੇ-ਕੇਅਰ ਵੀ ਸੀ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਲੋਕਾਂ ਲਈ ਵੀ ਬਹੁਤ ਖ਼ਤਰਨਾਕ ਸੀ, ਅਤੇ ਇਸ ਬਾਰੇ ਸੋਚਣਾ ਬਹੁਤ ਡਰਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਆਮ ਲੋਕਾਂ ਲਈ ਹੋਣ ਵਾਲੇ ਖ਼ਤਰੇ ਦੀ ਯਾਦ ਦਵਾਉਂਦੀ ਹੈ ਜੋ ਜਨਤਕ ਥਾਵਾਂ 'ਤੇ ਅਜਿਹੀ ਹਿੰਸਾ ਨਾਲ ਲੋਕਾਂ ਨੂੰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ।






ਪੁਲਿਸ ਨੇ ਇਸ ਕਤਲ ਦੇ ਥੋੜ੍ਹੇ ਸਮੇਂ ਬਾਅਦ ਹੀ ਕੁਝ ਦੂਰੀ ਉੱਤੇ ਪੁਲਿਸ ਨੂੰ ਇੱਕ ਗੱਡੀ ਦੇ ਸਾੜੇ ਜਾਣ ਦੀ ਸੂਚਨਾ ਮਿਲੀ। ਐਡਮੰਟਨ ਸ਼ਹਿਰ ਕੈਨੇਡਾ ਦੇ ਐਲਬਰਟਾ ਸੂਬੇ ਵਿੱਚ ਪੈਂਦਾ ਹੈ। ਪੁਲਿਸ ਦਾ ਕਹਿਣਾ ਹੈ ਕਿ ਮ੍ਰਿਤਕ ਹਰਪ੍ਰੀਤ ਉੱਪਲ ਦਾ 'ਗੈਂਗ ਡਰੱਗ ਵਰਲਡ' ਨਾਲ ਸਬੰਧ ਸੀ।

**ਪੁਲਿਸ ਮੁਲਾਜ਼ਮਾਂ ਨੇ ਪਹੁੰਚਦਿਆਂ ਕੀ ਦੇਖਿਆ**

ਕੋਲਿਨ ਡਰਕਸਨ ਨੇ ਦੱਸਿਆ ਕਿ ਉੱਥੇ ਪਹੁੰਚਦਿਆਂ ਹੀ ਪੁਲਿਸ ਨੂੰ ਦੋ ਲੋਕ ਜ਼ਖ਼ਮੀ ਹਾਲਤ ਵਿੱਚ ਮਿਲੇ। ਜ਼ਖ਼ਮੀ ਹਾਲਤ ਵਿੱਚੋਂ ਇੱਕ ਦੀ ਉਮਰ ਸਿਰਫ਼ 11 ਸਾਲ ਸੀ ਜਦਕਿ ਦੂਜੇ ਦੀ ਉਮਰ 41 ਸਾਲ ਦੇ ਕਰੀਬ ਸੀ। ਦੋਵਾਂ ਜਣਿਆਂ ਦੀ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਮੌਕੇ 'ਤੇ ਹੀ ਮੌਤ ਹੋ ਗਈ। ਦੋਵੇਂ ਜਣੇ ਗੱਡੀ ਵਿੱਚ ਸਨ। ਗੱਡੀ ਉੱਤੇ ਗੋਲੀਆਂ ਦੇ ਨਿਸ਼ਾਨ ਵੀ ਸਨ। ਪੁਲਿਸ ਮੁਤਾਬਕ ਦੋਵੇਂ ਇੱਕ ਗੈਸ ਸਟੇਸ਼ਨ ਵਿੱਚੋਂ ਬਾਹਰ ਆਏ ਸਨ। ਉਨ੍ਹਾਂ ਦੱਸਿਆ ਕਿ ਇੱਕ ਬੱਚਾ ਹੋਰ ਉੱਥੇ ਮੌਜੂਦ ਸੀ। ਇਸ ਬੱਚੇ ਦੀ ਉਮਰ ਵੀ 11 ਦੇ ਕਰੀਬ ਹੈ ਅਤੇ ਉਹ ਸੁਰੱਖਿਅਤ ਹੈ। ਪੁਲਿਸ ਦੇ ਮੁਤਾਬਕ ਇਹ ਬੱਚਾ ਮ੍ਰਿਤਕ ਬੱਚੇ ਦਾ ਦੋਸਤ ਸੀ ਅਤੇ ਉਹ ਬੱਚਾ ਗੱਡੀ ਵਿੱਚ ਨਹੀਂ ਸੀ।

**ਸੜੀ ਹੋਈ ਗੱਡੀ ਬਾਰੇ ਪੁਲਿਸ ਨੂੰ ਕੀ ਸ਼ੱਕ ?**

ਪੁਲਿਸ ਅਫ਼ਸਰ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਥੋੜ੍ਹੇ ਸਮੇਂ ਬਾਅਦ ਹੀ ਪੁਲਿਸ ਮੁਲਾਜ਼ਮਾਂ ਨੂੰ ਇਹ ਸੂਚਨਾ ਮਿਲੀ ਕਿ 34 ਸਟ੍ਰੀਟ ਅਤੇ ਟਾਊਨਸ਼ਿੱਪ ਰੋਡ 'ਤੇ ਇੱਕ ਗੱਡੀ ਨੂੰ ਸਾੜਿਆ ਗਿਆ ਹੈ। ਉਨ੍ਹਾਂ ਦੱਸਿਆ, ਇਸ ਵੇਲੇ ਸਾਨੂੰ ਇਹ ਸ਼ੱਕ ਹੈ ਕਿ ਇਹ ਉਹੀ ਗੱਡੀ ਹੈ ਜਿਸ ਨੂੰ ਕਿ ਸ਼ੱਕੀ ਵਿਅਕਤੀਆਂ ਵੱਲੋਂ ਵਰਤਿਆ ਗਿਆ। ਪੁਲਿਸ ਇਸ ਦੀ ਪੁਸ਼ਟੀ ਕਰਨ ਲਈ ਜਾਂਚ ਕਰ ਰਹੀ ਹੈ। ਸੜੀ ਹੋਈ ਗੱਡੀ ਵਿੱਚ ਕੋਈ ਵਿਅਕਤੀ ਨਹੀਂ ਮਿਲਿਆ ਅਤੇ ਨਾ ਹੀ ਅੱਗ ਕਾਰਨ ਹਾਲੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਦਾ ਇਹ ਮੰਨਣਾ ਹੈ ਕਿ ਇਹ ਇੱਕ 'ਟਾਰਗਿਟਿਡ ਸ਼ੂਟਿੰਗ' ਸੀ। ਹਾਲੇ ਪੋਸਟਮੋਰਟਮ ਹੋਣਾ ਬਾਕੀ ਹੈ, ਪੁਲਿਸ ਨੇ ਦੱਸਿਆ ਕਿ ਇਸ ਤੋਂ ਬਾਅਦ ਕਤਲ ਦੇ ਕਾਰਨ ਅਤੇ ਮਾਮਲੇ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

**11 ਸਾਲਾ ਬੱਚੇ ਦੀ ਮੌਤ ਬਾਰੇ ਪੁਲਿਸ ਕੀ ਕਹਿ ਰਹੀ**

ਖੋਲਿਨ ਡਰਕਸਨ ਨੇ ਦੱਸਿਆ ਕਿ ਪੁਲਿਸ ਦਾ ਮੰਨਣਾ ਹੈ ਕਿ ਹਮਲਾਵਰ ਹਰਪ੍ਰੀਤ ਉੱਪਲ ਦਾ ਪਿੱਛਾ ਕਰ ਰਹੇ ਸਨ ਅਤੇ ਉਹ ਹਮਲਾਵਰਾਂ ਦਾ ਨਿਸ਼ਾਨਾ ਸਨ। ਅਸੀਂ ਬੱਚੇ ਦੇ ਨਿਸ਼ਾਨਾ ਬਣਾਏ ਜਾਣ ਬਾਰੇ ਕੁਝ ਨਹੀਂ ਕਹਿ ਸਕਦੇ ਪਰ ਅਸੀਂ ਜਾਣਦੇ ਹਾਂ ਕਿ ਜਦੋਂ ਹਮਲਾਵਰਾਂ ਨੂੰ ਇਹ ਪਤਾ ਲੱਗਾ ਕਿ ਬੱਚਾ ਉੱਥੇ ਸੀ ਉਨ੍ਹਾਂ ਨੇ ਇਹ ਜਾਣਦਿਆਂ ਹੋਇਆਂ ਉਸ ਨੂੰ ਗੋਲੀਆਂ ਨਾਲ ਮਾਰ ਦਿੱਤਾ। ਬੱਚੇ ਦੀ ਮੌਤ ਗਲਤੀ ਨਾਲ ਜਾਂ ਦੋਵਾਂ ਪਾਸਿਆਂ ਤੋਂ ਗੋਲੀਬਾਰੀ ਵਿੱਚ ਆ ਜਾਣ ਕਾਰਨ ਨਹੀਂ ਹੋਈ ਹੈ।

**ਦੋ ਸਾਲ ਪਹਿਲਾਂ ਵੀ ਹੋਇਆ ਸੀ ਹਮਲਾ**

ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਹੈ ਕਿ ਮ੍ਰਿਤਕ ਵਿਅਕਤੀ ਨੂੰ ਦੋ ਸਾਲ ਪਹਿਲਾਂ ਰੋਇਲ ਪਿੱਜ਼ਾ ਨਾਂਅ ਦੀ ਜਗ੍ਹਾ 'ਤੇ ਹੋਈ ਸ਼ੂਟਿੰਗ ਵਿੱਚ ਵੀ ਨਿਸ਼ਾਨਾ ਬਣਾਇਆ ਗਿਆ ਸੀ। ਇਸ ਕੇਸ ਵਿੱਚ ਇੱਕ ਵਿਅਕਤੀ ਉੱਤੇ ਇਲਜ਼ਾਮ ਆਇਦ ਹੋਏ ਸਨ ਪਰ ਫੇਰ ਇਹ ਇਲਜ਼ਾਮ ਵਾਪਸ ਲੈ ਲਏ ਗਏ ਸਨ। ਪੁਲਿਸ ਨੇ ਦੱਸਿਆ ਕਿ ਉਹ ਮ੍ਰਿਤਕ ਬੱਚੇ ਦਾ ਨਾਂਅ ਨਹੀਂ ਦੱਸ ਸਕਦੇ।

**41 ਸਾਲਾ ਮ੍ਰਿਤਕ ਦਾ 'ਡਰੱਗ ਵਰਲਡ' ਨਾਲ ਕੀ ਸਬੰਧ**

ਕੋਲਿਨ ਡਰਕਸਨ ਨੇ ਦੱਸਿਆ ਕਿ ਹਰਪ੍ਰੀਤ ਉੱਪਲ 'ਗੈਂਗ ਡ੍ਰਗ ਵਰਲਡ' ਵਿੱਚ ਇੱਕ ਵੱਡਾ ਨਾਂਅ ਸੀ ਅਤੇ ਪੁਲਿਸ ਉਨ੍ਹਾਂ ਬਾਰੇ ਜਾਣਦੀ ਸੀ। ਉਨ੍ਹਾਂ ਉੱਤੇ ਦੋ ਸਾਲ ਪਹਿਲਾਂ ਹੋਏ ਹਮਲੇ ਤੋਂ ਬਾਅਦ ਵੀ ਪੁਲਿਸ ਨੇ ਉਨ੍ਹਾਂ ਨੂੰ ਇਸ ਵਿੱਚੋਂ ਬਾਹਰ ਨਿਕਲਣ ਲਈ ਕਿਹਾ ਸੀ ਤਾਂ ਜੋ ਉਹ ਅਤੇ ਉਨ੍ਹਾਂ ਦਾ ਪਰਿਵਾਰ ਸੁਰੱਖਿਅਤ ਰਹੇ।

**ਇਲਾਕੇ ਵਿੱਚ ਘਟਨਾਵਾਂ ਵਿੱਚ ਵਾਧਾ**

ਪੁਲਿਸ ਮੁਲਾਜ਼ਮ ਨੇ ਪਿਛਲੇ ਸਮੇਂ ਵਿੱਚ ਵਾਪਰੀਆਂ ਅਜਿਹੀਆਂ ਵਾਰਦਾਤਾਂ/ਘਟਨਾਵਾਂ ਬਾਰੇ ਵੀ ਦੱਸਿਆ ਅਤੇ ਕਿਹਾ ਕਿ ਇਸ ਵਿੱਚ ਵੀ ਪੀੜ੍ਹਤਾਂ ਵਿੱਚ ਬੱਚੇ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਹਾਲੇ ਤੱਕ 196 ਅਜਿਹੇ ਕੇਸ ਸਾਹਮਣੇ ਆਏ ਹਨ, ਜੋ ਕਿ ਪਿਛਲੇ ਸਾਲ ਨਾਲੋਂ 40 ਫ਼ੀਸਦ ਵੱਧ ਹੈ। ਉਨ੍ਹਾਂ ਦੱਸਿਆ ਕਿ ਅਕਤੂਬਰ ਵਿੱਚ ਹੀ ਸ਼ੂਟਿੰਗ ਦੀਆਂ 13 ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਦੱਸਿਆ ਕਿ ਹਾਲਾਤ ਬਹੁਤ ਬਦਲ ਗਏ ਹਨ ਅਤੇ ਅਪਰਾਧਕ ਗਿਰੋਹ ਬੱਚਿਆਂ ਨੂੰ ਵੀ ਨਿਸ਼ਾਨਾ ਬਣਾ ਰਹੇ ਹਨ, ਇਹ ਹੋਣ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼ੱਕੀਆਂ ਦੀ ਗੱਡੀ ਦੀਆਂ ਫੋਟੋਆਂ ਜਾਰੀ ਕੀਤੀਆਂ ਜਾਣਗੀਆਂ ਤਾਂ ਜੋ ਲੋਕ ਇਸ ਦੀ ਪਛਾਣ ਕਰ ਸਕਣ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਗਏ ਪੁਲਿਸ ਅਫ਼ਸਰਾਂ ਨੇ ਦੱਸਿਆ ਸ਼ੂਟਿੰਗ ਵਾਲੀ ਥਾਂ ਉੱਤੇ ਸਭ ਤੋਂ ਪਹਿਲਾਂ ਪਹੁੰਚਣ ਵਾਲੇ ਪੁਲਿਸ ਮੁਲਾਜ਼ਮ ਦਾ ਧੰਨਵਾਦ ਕਰਨਾ ਚਾਹੁੰਦੇ ਹਨ, ਸ਼ੂਟਿੰਗ ਵਾਲੀ ਥਾਂ 'ਤੇ ਹੋਣਾ ਬਹੁਤ ਔਖਿਆਈ ਭਰਿਆ ਸੀ।

# ਦੁਨੀਆ ਵਿੱਚ 85 ਕਰੋੜ ਲੋਕ ਮਰ ਰਹੇ ਭੁੱਖੇ, ਇਹ ਹਨ 10 ਸਭ ਤੋਂ ਗਰੀਬ ਦੇਸ਼

ਦੁਨੀਆ ਭਰ ਵਿੱਚ ਫੈਲੀ ਸਾਮਾਜਕ - ਰਾਜਨੀਤਕ ਅਡੋਲਤਾ ਅਤੇ ਪਿਛਲੇ ਕਈ ਸਾਲਾਂ ਵਲੋਂ ਵੱਧਦੀ ਆਤੰਕੀ ਗਤੀਵਿਧੀਆਂ ਦੇ ਚਲਦੇ ਕਈ ਦੇਸ਼ਾਂ ਦੇ ਵਿਕਾਸ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਯੂਨਾਇਟੇਡ ਨੇਸ਼ੰਸ ਦੀ ਇੱਕ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਦੁਨੀਆ ਦੇ 85 ਕਰੋਡੜ 30 ਲੱਖ ਲੋਕ ਭੁਖਮਰੀ ਦੇ ਸ਼ਿਕਾਰ ਹਨ। ਇੰਨਾ ਹੀ ਨਹੀਂ, ਦੁਨੀਆਭਰ ਵਿੱਚ ਭੁਖਮਰੀ ਦੇ ਆਂਕੜਿਆਂ ਵਿੱਚ ਪਿਛਲੇ 10 ਸਾਲਾਂ ਦੇ ਮੁਕਾਬਲੇ ਇਸ ਸਾਲ ਸਭ ਤੋਂ ਜ਼ਿਆਦਾ 11 ਫੀਸਦੀ ਦੀ ਵਾਧਾ ਦਰਜ ਕੀਤਾ ਗਇਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗੁਜ਼ਰੇ ਸਾਲ ਭੁੱਖੇ ਲੋਕਾਂ ਦੀ ਗਿਣਤੀ ਦੁਨੀਆ ਵਿੱਚ ਜਿੱਥੇ 81 ਕਰੋੜ 50 ਲੱਖ ਸੀ। ਉਥੇ ਹੀ, ਇਸ ਸਾਲ ਤਿੰਨ ਕਰੋੜ 80 ਲੱਖ ਤੋਂ ਵੱਧਕੇ 85 ਕਰੋੜ 30 ਲੱਖ ਹੋ ਗਈ ਹੈ। ਇਸ ਲਿਸਟ ਵਿੱਚ ਉਹ ਦੇਸ਼ ਕਾਫ਼ੀ ਉੱਤੇ ਹੈ ਜਿੱਥੇ ਪਿਛਲੇ ਕਾਫ਼ੀ ਸਮਾਂ ਵਲੋਂ ਕਰਪਸ਼ਨ ਜਾਂ ਅੱਤਵਾਦ ਫੈਲਿਆ ਹੈ ਅਤੇ ਇਸਦੇ ਚਲਦੇ ਉਹ ਗਰੀਬੀ ਵਿੱਚ ਜੂਝ ਰਹੇ ਹਨ। ਗਲੋਬਲ ਫਾਇਨੇਂਸ ਮੈਗਜੀਨ ਨੇ ਦੁਨੀਆ ਦੇ ਇੰਜ ਹੀ ਸਭ ਤੋਂ ਗਰੀਬ ਦੇਸ਼ਾਂ ਦੀ ਲਿਸਟਿੰਗ ਕੀਤੀ ਹੈ। ਗਰੀਬੀ ਦੇ ਮਾਮਲੇ ਵਿੱਚ ਸਭਤੋਂ ਅੱਗੇ ਅਫਰੀਕੀ ਦੇਸ਼ .

**ਸੈਂਟਰਲ ਅਫਰੀਕਨ ਰਿਪਬਲਿਕ**

"ਲਗਾਤਾਰ ਸੰਤਾਪ ਅਤੇ ਭ੍ਰਿਸ਼ਟਾਚਾਰ ਦਾ ਸਾਮਣਾ ਕਰ ਰਹੇ ਸੇਂਟਰਲ ਅਫਰੀਕਨ ਰਿਪਬਲਿਕ ਨੂੰ ਇਸ ਲਿਸਟ ਵਿੱਚ ਪਹਿਲੀ ਰੈਂਕਿੰਗ ਦਿੱਤੀ ਗਈ ਹੈ। ਕੁਦਰਤੀ ਸੰਸਾਧਨਾਂ ਵਲੋਂ ਸੰਪੰਨ ਹੋਣ ਦੇ ਬਾਵਜੂਦ ਸੱਤਾ ਵਿੱਚ ਅਡੋਲਤਾ ਦੇ ਚਲਦੇ ਦੇਸ਼ ਦੇ ਲੋਕਾਂ ਨੂੰ ਗਰੀਬੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਕਾਂਗੋ** :-ਸੈਂਟਰਲ ਅਫਰੀਕਾ ਦੇ ਦੋ ਸਭ ਤੋਂ ਗਰੀਬ ਦੇਸ਼ਾਂ ਵਿੱਚੋਂ ਇੱਕ ਡੇਮੋਕਰੇਟਿਕ ਰਿਪਬਲਿਕ ਆਫ ਕਾਂਗੋ ਵੀ ਲਿਸਟ ਵਿੱਚ ਪਹਿਲੇ ਦੇਸ਼ ਸੇਂਟਰਲ ਅਫਰੀਕਨ ਰਿਪਬਲਿਕ ਦੀ ਤਰ੍ਹਾਂ ਹੀ ਫੌਜੀ ਅਤੇ ਰਾਜਨੀਤਕ ਉਥੱਲ - ਪੁਥਲ ਨਾਲ ਜੂਝ ਰਿਹਾ ਹੈ। ਇਸ ਦੇ ਚਲਦੇ ਗਰੀਬ ਦੇਸ਼ਾਂ ਦੀ ਲਿਸਟ ਵਿੱਚ ਡੇਮੋਕਰੇਟਿਕ ਰਿਪਬਲਿਕ ਆਫ ਕਾਂਗੋ ਨੂੰ ਦੂਜੇ ਨੰਬਰ ਉੱਤੇ ਰੱਖਿਆ ਗਿਆ ਹੈ।

**ਬੁਰੂੰਡੀ** :-ਸੈਂਟਰਲ ਅਫਰੀਕਾ ਵਿੱਚ ਮੌਜੂਦ ਇਸ ਦੇਸ਼ ਵਿੱਚ ਭ੍ਰਿਸ਼ਟਾਚਾਰ ਅਤੇ ਫੌਜੀ ਤਖਤਾਪਲਟ ਵਰਗੀ ਘਟਨਾਵਾਂ ਦੇ ਚਲਦੇ ਪਿਛਲੇ ਕਈ ਸਾਲਾਂ ਵਲੋਂ ਅਡੋਲਤਾ ਦਾ ਮਾਹੌਲ ਬਣਾ ਹੋਇਆ ਹੈ। ਇਨ੍ਹਾਂ ਗੱਲਾਂ ਨੇ ਬੁਰੂੰਡੀ ਦੇ ਵਿਕਾਸ ਨੂੰ ਲੰਬੇ ਸਮਾਂ ਵਲੋਂ ਰੋਕ ਰੱਖਿਆ ਹੈ ਅਤੇ ਲੋਕ ਜਬਰਦਸਤ ਗਰੀਬੀ ਵਿੱਚ ਜੀ ਰਹੇ ਹਨ।'

**ਲਾਇਬੇਰੀਆ**:-14 ਸਾਲ ਚੱਲੇ ਗ੍ਰਹਿ ਯੁੱਧ ਅਤੇ ਇਬੋਲਾ ਵਰਗੀ ਮਹਾਮਾਰੀ ਦੇ ਚਲਦੇ ਲਾਇਬੇਰੀਆ ਦੀ ਛਵੀ ਇੱਕ ਨਾਕਾਮ ਦੇਸ਼ ਦੀ ਬਣ ਚੁੱਕੀ ਹੈ। ਲਾਇਬੇਰੀਆ ਨੂੰ ਲਿਸਟ ਵਿੱਚ ਚੌਥੇ ਨੰਬਰ ਉੱਤੇ ਰੱਖਿਆ ਗਿਆ ਹੈ।

**ਨਾਈਜਰ**- ਸੈਂਟਰਲ ਅਫਰੀਕਾ ਵਿੱਚ ਮੌਜੂਦ ਇਸ ਦੇਸ਼ ਵਿੱਚ ਤੇਲ ਦੇ ਕਈ ਸਾਧਨ ਮੌਜੂਦ ਹਨ। ਇਸਦੇ ਬਾਵਜੂਦ ਕਰਪਸ਼ਨ ਅਤੇ ਅੰਦਰੂਨੀ ਪਰੇਸ਼ਾਨੀਆਂ ਨੇ ਇਸ ਦੇਸ਼ ਦੇ ਵਿਕਾਸ ਵਿੱਚ ਲਗਾਤਾਰ ਗਿਰਾਵਟ ਲਿਆਂਦੀ ਹੈ। ਈਕੋਨਮੀ ਦੇ ਮੁੱਦੇ ਉੱਤੇ ਦੇਸ਼ ਕਾਫ਼ੀ ਸਮਾਂ ਤੋਂ ਦਿੱਕਤਾਂ ਦਾ ਵੀ ਸਾਹਮਣਾ ਕਰ ਰਿਹਾ ਹੈ


**ਮਲਾਵੀ**:- ਮਲਾਵੀ ਦੁਨੀਆ ਦੇ ਸਭ ਤੋਂ ਘੱਟ ਵਿਕਸਿਤ ਦੇਸ਼ਾਂ ਵਿੱਚੋਂ ਇੱਕ ਹੈ। ਘਨੀ ਆਬਾਦੀ ਵਾਲੇ ਇਸ ਦੇਸ਼ ਦੇ ਕਰੀਬ 85 ਫੀਸਦੀ ਲੋਕ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਹਨ। ਦੇਸ਼ ਪਿਛਲੇ ਕਈ ਸਾਲਾਂ ਵਲੋਂ ਭੈੜੇ ਆਰਥਕ ਦੌਰ ਚੋਂ ਗੁਜਰ ਰਿਹਾ ਹੈ।

**ਮੋਜ਼ਾਬਿੰਕ** :-ਵਿਕਾਸ ਦੇ ਮਾਮਲੇ ਵਿੱਚ ਹੋਰ ਅਫਰੀਕੀ ਦੇਸ਼ਾਂ ਦੀ ਤਰ੍ਹਾਂ ਮੋਜ਼ਾਬਿੰਕ ਵਿੱਚ ਵੀ ਹਾਲਾਤ ਹੱਦ ਵਲੋਂ ਜ਼ਿਆਦਾ ਖ਼ਰਾਬ ਹਨ। ਜਿੰਬਾਬਵੇ ਅਤੇ ਸਾਉਥ ਅਫਰੀਕਾ ਵਰਗੇ ਦੇਸ਼ਾਂ ਦੇ ਨਾਲ ਬਾਰਡਰ ਲੱਗਣ ਦੇ ਬਾਵਜੂਦ ਮੋਜ਼ਾਬਿੰਕ ਦੀ ਵਪਾਰ ਗਿਰਾਵਟ ਉੱਤੇ ਹੈ। ਖ਼ਰਾਬ ਆਰਥਕ ਅਤੇ ਸਾਮਾਜਕ ਵਿਵਸਥਾ ਦੇ ਚਲਦੇ ਮੋਜ਼ਾਬਿੰਕ ਗਰੀਬ ਦੇਸ਼ਾਂ ਦੀ ਲਿਸਟ ਵਿੱਚ 7ਵੇਂ ਨੰਬਰ ਉੱਤੇ ਰੱਖਿਆ ਗਿਆ ਹੈ।

**ਗਿਨੀ**:- ਵੈਸਟ ਅਫਰੀਕਾ ਵਿੱਚ ਮਾਲੀ, ਸੇਨੇਗਲ ਅਤੇ ਸਿਏਰਾ ਲਿਔਨ ਵਰਗੇ ਦੇਸ਼ਾਂ ਵਿੱਚ ਘਿਰੇ ਗਿਨੀ ਵਿੱਚ ਵੀ ਜਿਆਦਾਤਰ ਲੋਕ ਗਰੀਬੀ ਰੇਖਾ ਤੋਂ ਹੇਠਾਂ ਜਿੰਦਗੀ ਬਸਰ ਕਰਨ ਲਈ ਮਜਬੂਰ ਹਨ। ਕੁਪੋਸ਼ਣ ਅਤੇ ਬੀਮਾਰੀਆਂ ਵਲੋਂ ਜੂਝਦੇ ਇਸ ਦੇਸ਼ ਵਿੱਚ ਜਿੰਦਗੀ ਲਗਾਤਾਰ ਔਖਾ ਹੁੰਦੀ ਜਾ ਰਹੀ ਹੈ।

**ਏਰੇਟਰਿਆ**:- ਏਰੇਟਰਿਆ ਦੀ ਮਾਲੀ ਹਾਲਤ ਨੇ ਪਿਛਲੇ ਕੁੱਝ ਸਾਲ ਵਿੱਚ ਕਾਫ਼ੀ ਤੇਜੀ ਨਾਲ ਵਿਕਾਸ ਦਾ ਅਨੁਭਵ ਕੀਤਾ ਹੈ, ਜਿਸਦਾ ਅਸਰ ਉਸਦੇ ਜੀਡੀਪੀ ਵਿਕਾਸ ਦਰ ਵਿੱਚ ਵੀ ਵਿਖਾਈ ਵੀ ਦਿੱਤਾ ਹੈ। ਹਾਲਾਂਕਿ, ਕਈ ਲੋਕ ਇਸ ਦੇਸ਼ ਨੂੰ ਚੰਗੀ ਤਰਾਂ ਨਹੀਂ ਜਾਣਦੇ ਹੋਣਗੇ, ਲੇਕਿਨ ਅਮਰੀਕੀ ਪ੍ਰੇਸਿਡੇਂਟ ਡੋਨਾਲਡ ਟਰੰਪ ਦੇ ਮੁਸਲਮਾਨ ਬੈਨ ਵਾਲੇ ਆਰਡਰ ਵਿੱਚ ਇਹ ਦੇਸ਼ ਵੀ ਸ਼ਾਮਿਲ ਸੀ।

# ਪਾਕਿਸਤਾਨ ’ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਇਸ ਹਿੰਦੂ ਪ੍ਰੋਫ਼ੈਸਰ ਦੀ ਰਿਹਾਈ ਦੀ ਮੰਗ ਮੁਸਲਮਾਨ ਵੀ ਕਰ ਰਹੇ



## ਪ੍ਰੋਫ਼ੈਸਰ ਨੂਤਨ ਲਾਲ ਉੱਤੇ ਕੀ ਹਨ ਇਲਜ਼ਾਮ

ਨੂਤਨ ਲਾਲ ਨੂੰ 2019 ਵਿੱਚ ਉੱਤਰੀ ਸਿੰਧ ਸੂਬੇ ਦੇ ਠੋਟਕੀ ਜ਼ਿਲ੍ਹੇ ਵਿੱਚ ਗਿਰਫ਼ਤਾਰ ਕੀਤਾ ਗਿਆ ਸੀ। ਘੋਟਕੀ ਪੁਲਿਸ ਦਾ ਕਹਿਣਾ ਹੈ ਕਿ ਇਸ ਵਿਵਾਦ ਦੀ ਸ਼ੁਰੂਆਤ ਘੋਟਕੀ ਸਕੂਲ ਵਿੱਚ ਉਦੋਂ ਹੋਈ ਜਦੋਂ ਪ੍ਰੋਫ਼ੈਸਰ ਨੂਤਨ ਲਾਲ ਇੱਕ ਕਲਾਸ ਵਿੱਚ ਉਰਦੂ ਪੜ੍ਹਾ ਰਹੇ ਸਨ। ਉਨ੍ਹਾਂ ਦੇ ਪੜ੍ਹਾਉਣ ਤੋਂ ਬਾਅਦ ਇੱਕ ਵਿਦਿਆਰਥੀ ਆਪਣੇ ਇਸਲਾਮੀ ਅਧਿਐਨ ਵਾਲੇ ਇੱਕ ਅਧਿਆਪਕ ਦੇ ਕੋਲ ਗਿਆ। ਵਿਦਿਆਰਥੀ ਨੇ ਇਹ ਇਲਜ਼ਾਮ ਲਾਇਆ ਕਿ ਪ੍ਰੋਫ਼ੈਸਰ ਲਾਲ ਨੇ ਇਸਲਾਮ ਦੇ ਪੈਗ਼ੰਬਰ ਦੇ ਖ਼ਿਲਾਫ਼ ਗਲਤ ਭਾਸ਼ਾ ਦੀ ਵਰਤੋਂ ਕੀਤੀ ਹੈ। ਅਧਿਆਪਕਾਂ ਨੇ ਇਸ ਮਾਮਲੇ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ। ਉੱਥੇ ਹੀ ਨੂਤਨ ਲਾਲ ਨੇ ਮੁਆਫ਼ੀ ਮੰਗਦੇ ਹੋਏ ਕਿਹਾ ਕਿ ਉਨ੍ਹਾਂ ਦਾ ਇਰਾਦਾ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ। ਪਰ ਸ਼ਿਕਾਇਤ ਕਰਨ ਵਾਲੇ ਵਿਦਿਆਰਥੀ ਨੇ ਇਸ ਘਟਨਾ ਦਾ ਜ਼ਿਕਰ ਆਪਣੇ ਪਿਤਾ ਕੋਲ ਕੀਤਾ ਅਤੇ ਫੇਸਬੁੱਕ ਉੱਤੇ ਇਸ ਬਾਰੇ ਪੋਸਟ ਵੀ ਲਿਖ ਦਿੱਤੀ। ਇਸ ਮਗਰੋਂ ਲੋਕਾਂ ਵਿੱਚ ਗੁੱਸਾ ਫੈਲ ਗਿਆ। ਇਸ ਘਟਨਾ ਮਗਰੋਂ ਸਥਾਨਕ ਬਾਜ਼ਾਰ ਵਿੱਚ ਹੜਤਾਲ ਵੀ ਹੋਈ। ਇਸ ਦੌਰਾਨ ਗੁੱਸੇ ਵਿੱਚ ਆਏ ਲੋਕਾਂ ਦੀ ਇੱਕ ਭੀੜ ਨੇ ਨੂਤਨ ਲਾਲ ਦੇ ਸਕੂਲ ਉੱਤੇ ਹਮਲਾ ਕਰਕੇ ਉੱਥੇ ਤੋੜਭੰਨ ਕੀਤੀ। ਹਾਲਾਤ ਖ਼ਰਾਬ ਹੋਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਰੇਂਜਰਸ ਨੂੰ ਬੁਲਾਇਆ।

ਅਸੀਂ ਪਿਛਲੇ ਚਾਰ ਸਾਲਾਂ ਤੋਂ ਥਾਂ-ਥਾਂ ਉੱਤੇ ਭਟਕ ਰਹੇ ਹਾਂ। ਅਸੀਂ ਕਿਸੇ ਘਰ ਵਿੱਚ ਛੇ ਮਹੀਨਿਆਂ ਤੋਂ ਵੱਧ ਸਮਾਂ ਨਹੀਂ ਰਹਿ ਸਕਦੇ। ਸਾਨੂੰ ਫ਼ੋਨ ਉੱਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕਿਰਪਾ ਕਰਕੇ ਕੋਈ ਸਾਨੂੰ ਨਿਆਂ ਦੇਵੇ। ਇਹ ਗੱਲਾਂ ਮੁਸਕਾਨ ਸਚਦੇਵ ਨੇ ਸਾਨੂੰ ਫੋਨ ਉੱਤੇ ਦੱਸੀਆਂ। ਮੁਸਕਾਨ ਦੇ ਪਿਤਾ ਪ੍ਰੋਫ਼ੈਸਰ ਨੂਤਨ ਲਾਲ ਇੰਨ੍ਹੀ ਦਿਨੀ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਈਸ਼ਨਿੰਦਾ ਦੇ ਦੋਸ਼ ਵਿੱਚ ਸਿੰਧ ਦੀ ਇੱਕ ਅਦਾਲਤ ਨੇ ਉਨ੍ਹਾਂ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਹੈ। ਪ੍ਰੋਫ਼ੈਸਰ ਨੂਤਨ ਲਾਲ ਦੀ ਰਿਹਾਈ ਦੇ ਲਈ ਸਿੰਧ ਸੂਬੇ ਦੇ ਸਮਾਜਿਕ ਕਾਰਕੁਨਾਂ ਅਤੇ ਲੇਖ਼ਕਾਂ ਨੇ ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਉੱਤੇ ਮੁਹਿੰਮ ਚਲਾਈ।

**ਇੱਕ ਥਾਂ ਉੱਤੇ ਨਹੀਂ ਰਹਿ ਸਕਦੇ**


ਮੁਸਕਾਨ ਸਚਦੇਵ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਦੇ 60 ਸਾਲ ਦੇ ਪਿਤਾ ਚਾਰ ਸਾਲਾਂ ਤੋਂ ਜੇਲ੍ਹ ਵਿੱਚ ਹਨ। ਉਨ੍ਹਾਂ ਨੇ 30 ਸਾਲ ਦੇ ਕਰੀਬ ਸਰਕਾਰੀ ਨੌਕਰੀ ਕੀਤੀ ਹੈ। ਉਹ ਦੱਸਦੇ ਹਨ, ਸਾਡੇ ਪਰਿਵਾਰ ਉੱਤੇ ਕਦੇ ਕੋਈ ਮੁਕੱਦਮਾ ਨਹੀਂ ਚੱਲਿਆ, ਅਸੀਂ ਤਿੰਨ ਭੈਣਾਂ ਹਨ ਅਤੇ ਸਾਡਾ ਦੱਸ ਸਾਲਾਂ ਦਾ ਇੱਕ ਭਰਾ ਅਤੇ ਮਾਂ ਹੈ, ਅਸੀਂ 2019 ਤੋਂ ਥਾਂ-ਥਾਂ ਦੀਆਂ ਠੋਕਰਾਂ ਖਾ ਰਹੇ ਹਾਂ। ਸਾਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ, ਫੋਨ ਆ ਰਹੇ ਹਨ। ਉਹ ਕਹਿੰਦੇ ਹਨ, ਸਾਨੂੰ ਕਿਤੇ ਵੀ ਸ਼ਾਂਤੀ ਨਹੀਂ ਮਿਲ ਰਹੀ, ਅਸੀਂ ਕਿਸੇ ਨੂੰ ਵੀ ਆਪਣੇ ਘਰ ਦਾ ਪਤਾ ਨਹੀਂ ਦੱਸ ਸਕਦੇ, ਸਾਡੇ ਪਿਤਾ ਦੀ ਤਨਖ਼ਾਹ ਬੰਦ ਹੋ ਗਈ ਹੈ, ਸਾਡੀ ਆਮਦਨ ਦਾ ਕੋਈ ਹੋਰ ਸਰੋਤ ਨਹੀਂ ਹੈ।

**ਅਦਾਲਤ ਨੇ ਪ੍ਰੋਫ਼ੈਸਰ ਨੂੰ ਸੁਣਾਈ ਉਮਰਕੈਦ**

ਇਸ ਮਾਮਲੇ ਵਿੱਚ ਘੋਟਕੀ ਦੀ ਇੱਕ ਸਥਾਨਕ ਅਦਾਲਤ ਨੇ ਪ੍ਰੋਫ਼ੈਸਰ ਲਾਲ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਅਤੇ ਜੁਰਮਾਨਾ ਵੀ ਲਾਇਆ। ਸਿੰਧ ਵਿੱਚ ਹਾਲ ਦੇ ਸਾਲਾਂ ਵਿੱਚ ਇਹ ਪਹਿਲਾ ਮਾਮਲਾ ਹੈ, ਜਦੋਂ ਕਿਸੇ ਹਿੰਦੂ ਨੂੰ ਈਸ਼ਨਿੰਦਾ ਦੇ ਦੋਸ਼ ਵਿੱਚ ਸਜ਼ਾ ਸੁਣਾਈ ਗਈ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਇਲਜ਼ਾਮ ਲਾਉਣ ਵਾਲੇ ਪੱਖ ਦੇ ਮੁਤਾਬਕ 14 ਸਤੰਬਰ 2019 ਨੂੰ ਵਾਦੀ ਅਬਦੁਲ ਅਜੀਜ ਖ਼ਾਨ ਦੇ ਘੋਟਕੀ ਪੁਲਿਸ ਸਟੇਸ਼ਨ ਵਿੱਚ ਮਾਮਲਾ ਦਰਜ ਕਰਵਾਇਆ। ਖ਼ਾਨ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਉਨ੍ਹਾਂ ਦਾ ਪੁੱਤਰ ਇੱਕ ਸਰਕਾਰੀ ਸਕੂਲ ਵਿੱਚ ਪੜ੍ਹਦਾ ਸੀ। ਉਸਨੇ ਆਪਣੇ ਪਿਤਾ ਨੂੰ ਦੱਸਿਆ ਕਿ ਸਕੂਲ ਦੇ ਮਾਲਕ ਨੂਤਨ ਲਾਲ ਜਮਾਤ ਵਿੱਚ ਆਏ ਅਤੇ ਇਸਲਾਮ ਦੇ ਪੈਗ਼ੰਬਰ ਦੇ ਖ਼ਿਲਾਫ਼ ਅਸ਼ਲੀਲ ਭਾਸ਼ਾ ਦੀ ਵਰਤੋਂ ਵੀ ਕੀਤੀ ਅਤੇ ਚਲੇ ਗਏ। ਵਾਦੀ ਦੇ ਮੁਤਾਬਕ ਉਨ੍ਹਾਂ ਦੇ ਪੁੱਤਰ ਨੇ ਦੋ ਗਵਾਹਾਂ, ਮੁਹੰਮਦ ਨਵੀਦ ਅਤੇ ਵਕਾਸ ਅਹਿਮਦ ਦੀ ਹਾਜ਼ਰੀ ਵਿੱਚ ਇਹ ਗੱਲ ਕਹੀ। ਵਧੀਕ ਸੈਸ਼ਨ ਜੱਜ ਮੁਮਤਾਜ ਸੋਲਾਂਗੀ ਨੇ ਆਪਣੇ ਫ਼ੈਸਲੇ ਵਿੱਚ ਲਿਖਿਆ ਕਿ ਇਲਜ਼ਾਮ ਲਾਉਣ ਵਾਲੇ ਪੱਖ ਦੇ ਵੱਲੋਂ ਪੇਸ਼ ਕੀਤੇ ਗਏ ਗਵਾਹ ‘ਸੁਤੰਤਰ ਅਤੇ ਵਿਸ਼ਵਾਸਯੋਗ’ ਸਨ। ਉਨ੍ਹਾਂ ਦੇ ਬਿਆਨ ਨਫ਼ਰਤ ਉੱਤੇ ਅਧਾਰਤ ਨਹੀਂ ਸਨ, ਕਿਉਂਕਿ ਉਨ੍ਹਾਂ ਵਿੱਚੋਂ ਕਿਸੇ ਦੀ ਵੀ ਨੂਤਲ ਲਾਲ ਦੇ ਨਾਲ ਕੋਈ ਦੁਸ਼ਮਣੀ ਨਹੀਂ ਸੀ,ਅਕਿਹੀ ਵਿੱਚ ਉਨ੍ਹਾਂ ਦੀ ਗਵਾਹੀ ਉੱਤੇ ਯਕੀਨ ਨਾ ਕਰਨ ਦੀ ਕੋਈ ਤੁੱਕ ਨਹੀਂ ਬਣਦੀਅਦਾਲਤ ਦੇ ਮੁਤਾਬਕ, ਇਲਜ਼ਾਮ ਲਾਉਣ ਵਾਲਾ ਪੱਖ ਨੂਤਨ ਲਾਲ ਦੇ ਖ਼ਿਲਾਫ਼ ਇਲਜ਼ਾਮ ਸਾਬਤ ਕਰਨ ਵਿੱਚ ਸਫ਼ਲ ਰਿਹਾ। ਇਸ ਲਈ ਉਸ ਨੂੰ ਉਮਰਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਜਾਂਦੀ ਹੈ। ਅਦਾਲਤ ਨੇ ਕਿਹਾ ਕਿ ਜੁਰਮਾਨਾ ਨਾ ਭਰਨ ਉੱਤੇ ਦੋਸ਼ੀ ਨੂੰ ਚਾਰ ਮਹੀਨੇ ਜੇਲ੍ਹ ਦੀ ਸਜ਼ਾ ਹੋਰ ਭੁਗਤਣੀ ਪਵੇਗੀ। ਫ਼ੈਸਲੇ ਦੇ ਮੁਤਾਬਕ ਗਿਰਫ਼ਤਾਰੀ ਦੇ ਦਿਨ ਹੀ ਸਜ਼ਾ ਉੱਤੇ ਅਮਲ ਕੀਤਾ ਜਾਵੇਗਾ। ਉੱਥੇ ਹੀ ਨੂਤਨ ਦੇ ਚਚੇਰੇ ਭਰਾ ਮਹੇਸ਼ ਕੁਮਾਰ ਨੇ ਬੀਬੀਸੀ ਨੂੰ ਦੱਸਿਆ ਕਿ ਇਸ ਘਟਨਾ ਦਾ ਕੋਈ ਵੀ ਗਵਾਹ ਅਜਿਹਾ ਨਹੀਂ ਸੀ ਜੋ ਮੌਕੇ ਉੱਤੇ ਮੌਜੂਦ ਹੋਵੇ, ਬੱਸ ਅਫ਼ਵਾਹਾਂ ਸਨ। ਵਾਦੀ ਵੱਲੋਂ ਗਵਾਹ ਦੇ ਰੂਪ ਵਿੱਚ ਪੇਸ਼ ਕੀਤੇ ਗਏ ਵਿਅਕਤੀ ਵੀ ਉਨਾਂ ਦੇ ਗੁਆਂਢੀ ਹਨ।

**ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ ਅਪੀਲ**

ਮਹੇਸ਼ ਕੁਮਾਰ ਨੇ ਦੱਸਿਆ ਕਿ ਉੱਤਰੀ ਸਿੰਧ ਵਿੱਚ ਕੋਈ ਵੀ ਵਕੀਲ ਉਨ੍ਹਾਂ ਦੇ ਮਾਮਲੇ ਦੀ ਪੈਰਵਾਈ ਕਰਨ ਲਈ ਤਿਆਰ ਨਹੀਂ ਸੀ। ਇਸ ਮਗਰੋਂ ਉਨ੍ਹਾਂ ਹੈਦਰਾਬਾਦ ਵਿੱਚ ਅਗਾਂਹਵਧੂ ਵਕੀਲ ਯੂਸੁਫ ਲਘਾਰੀ ਨਾਲ ਸੰਪਰਕ ਕੀਤਾ। ਇਸ ਮਾਮਲੇ ਦੀ ਪੈਰਵਾਈ ਦੇ ਲਈ ਲਘਾਰੀ 600 ਕਿਲੋਮੀਟਰ ਦਾ ਸਫ਼ਰ ਕਰਦੇ ਹਨ, ਪਰ ਮਾਮਲੇ ਵਿੱਚ ਸੁਣਵਾਈ ਪਿਛਲੇ ਦੋ ਸਾਲਾਂ ਤੋਂ ਅੱਗੇ ਨਹੀਂ ਵਧ ਸਕੀ ਹੈ। ਮਹੇਸ਼ ਕੁਮਾਰ ਦੇ ਮੁਤਾਬਕ ਮਾਮਲੇ ਦੀ ਅਗਲੀ ਸੁਣਵਾਈ 14 ਨਵੰਬਰ ਨੂੰ ਹੋਣੀ ਹੈ, ਉਨ੍ਹਾਂ ਨੂੰ ਇਹ ਉਮੀਦ ਹੈ ਕਿ ਅਦਾਲਤ ਘੱਟੋ-ਘੱਟ ਨੂਤਨ ਦੇ ਵਕੀਲ ਦੀ ਗੱਲ ਸੁਣੇਗੀ ਅਤੇ ਇਸ ਮਾਮਲੇ ਵਿੱਚ ਨਿਆਂ ਕਰੇਗੀ ਅਤੇ ਨੂਤਨ ਲਾਲ ਦੀ ਰਿਹਾਈ ਸੰਭਵ ਹੋ ਵੇਗੀ। ਪਾਕਿਸਤਾਨ ਦੇ ਸਮਾਜਿਕ ਕਾਰਕੁਨਾਂ ਨੇ ਚਾਰ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਨੂਤਨ ਲਾਲ ਦੀ ਰਿਹਾਈ ਦੇ ਲਈ ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਉੱਤੇ ਮੁਹਿੰਮ ਚਲਾਈ। ਉਨ੍ਹਾਂ ਨੇ ਪ੍ਰੋਫ਼ੈਸਰ ਨੂਤਲ ਲਾਲ ਦੇ ਹੈਸ਼ਟੈਗ ਨਾਲ ਆਪਣੇ ਵਿਚਾਰ ਰੱਖੇ। ਐਕਸ ਉੱਤੇ ਇਸ ਯੂਜ਼ਰ ਜੇਸੀ ਸ਼ਰਮਾ ਨੇ ਲਿਖਿਆ ਕਿ, ਪ੍ਰੋਫ਼ੈਸਰ ਨੂਤਨ ਸ਼ਰਮਾ ਨੇ ਕਥਿਤ ਤੌਰ ‘ਤੇ ਈਸ਼ਨਿੰਦਾ ਦਾ ਇਲਜ਼ਾਮ ਲਾਇਆ ਗਿਆ ਸੀ, ਉਨ੍ਹਾਂ ਨੂੰ ਜੇਲ੍ਹ ਵਿੱਚ ਬੰਦ ਹੋਏ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਪ੍ਰੋਫ਼ੈਸਰ ਨੂਤਨ ਲਾਲ ਨੂੰ ਗਲਤ ਤਰੀਕੇ ਨਾਲ ਫਸਾਇਆ ਗਿਆ ਸੀ, ਉਨ੍ਹਾਂ ਨੂੰ ਬਿਨਾ ਕਿਸੇ ਅਪਰਾਧ ਦੇ ਸਜ਼ਾ ਦਿੱਤੀ ਗਈ ਹੈ, ਅਸੀਂ ਉਨ੍ਹਾਂ ਨੂੰ ਹੁਣੇ ਹੀ ਰਿਹਾਅ ਕੀਤੇ ਜਾਣ ਦੀ ਮੰਗ ਕਰਦੇ ਹਾਂ। ਅਧਿਕਾਰੀਆਂ ਨੂੰ ਅਪੀਲ ਕਰਦੇ ਹੋਏ ਸਪਨਾ ਸੇਵਾਨੀ ਨੇ ਲਿਖਿਆ, ਪ੍ਰੋਫ਼ੈਸਰ ਨੂਤਨ ਲਾਲ ਪੰਜਨ ਸਰੀਨ ਨੂੰ ਗਲਤ ਤਰੀਕੇ ਕੈਦ ਕੀਤਾ ਗਿਆ ਅਤੇ ਸਖ਼ਤ ਸਜ਼ਾ ਦਿੱਤੀ ਗਈ। ਅਸੀਂ ਉਨ੍ਹਾਂ ਦੀ ਸੁਰੱਖਿਅਤ ਰਿਹਾਈ ਦੇ ਲਈ ਸੁਪਰੀਮ ਕੋਰਟ ਅਤੇ ਪਾਕਿਸਤਾਨ ਦੇ ਮੁੱਖ ਜੱਜ ਨੂੰ ਅਪੀਲ ਕਰਦੇ ਹਾਂ, ਆਓ ਇੱਕ-ਦੂਜੇ ਨਾਲ ਜੁੜੀਏ ਅਤੇ ਉਨ੍ਹਾਂ ਦੀ ਅਜ਼ਾਦੀ ਨੂੰ ਸੁਰੱਖਿਅਤ ਰੱਖਣ ਦੇ ਲਈ ਕਦਮ ਚੁੱਕੀਏ। ਸੁਨੀਲ ਠਾਕੁਰੀਆ ਨੇ ਲਿਖਿਆ ਕਿ ਪ੍ਰੋਫ਼ੈਸਰ ਨੂਤਨ ਲਾਲ ਨੂੰ ਰਿਹਾਅ ਕਰੋ ਅਤੇ ਹੋਰ ਧਰਮਾਂ ਦੇ ਲੋਕਾਂ ਦੀ ਜ਼ਿੰਦਗੀ ਨਾਲ ਖੇਡਣਾ ਬੰਦ ਕਰੋ। ਦਿਲੀਪ ਰਤਨੀ ਨੇ ਕਿਹਾ, ਅਸੀਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪਰਿਸ਼ਦ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਪ੍ਰੋਫ਼ੈਸਰ ਨੂਤਨ ਲਾਲ ਦੀ ਰਿਹਾਈ ਦੇ ਲਈ ਪਾਕਿਸਤਾਨੀ ਸਰਕਾਰ ਉੱਤੇ ਰਾਜਨੀਤਕ ਦਬਾਅ ਪਾਉਣ। ਨਾਰਾਇਣ ਦਾਸ ਭੀਲ ਨੇ ਲਿਖਿਆ, ਪਾਕਿਸਤਾਨ ਨੂੰ ਆਪਣੇ ਸਮਾਜ ਦੀ ਤਰੱਕੀ ਦੇ ਲਈ ਆਪਣੇ ਈਸ਼ਨਿੰਦਾ ਕਾਨੂੰਨ ਉੱਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ, ਸਰਕਾਰ ਨੂੰ ਈਸ਼ਨਿੰਦਾ ਕਾਨੂੰਨ ਦੀ ਦੁਰਵਰਤੋਂ ਨੂੰ ਰੋਕਣ ਦੇ ਲਈ ਸਖ਼ਤ ਤਰੀਕਾ ਅਪਣਾਉਣਾ ਚਾਹੀਦਾ ਹੈ। ਮੁਸਲਮਾਨ ਕਾਰਕੁਨਾਂ ਅਤੇ ਨਾਗਰਿਕਾਂ ਨੇ ਵੀ ਸੋਸ਼ਲ ਮੀਡੀਆ ਉੱਤੇ ਆਪਣੀ ਚਿੰਤਾ ਜ਼ਾਹਰ ਕਰਦੇ ਹੋਏ ਪ੍ਰੋਫ਼ੈਸਰ ਨੂਤਨ ਲਾਲ ਦੀ ਰਿਹਾਈ ਦੀ ਮੰਗ ਕੀਤੀ। ਅਬਦੁੱਲ ਸੱਤਾਰ ਬਾਕਰ ਨੇ ਆਪਣੇ ਐਕਸ ਅਕਾਊਂਟ ਉੱਤੇ ਆਪਣੇ ਗੁੱਸੇ ਇਹ ਲਿਖ ਕੇ ਜ਼ਾਹਰ ਕੀਤਾ, ਜੇਕਰ ਤੁਸੀਂ ਇਸ ਦੇਸ਼ ਵਿੱਚ ਜਿਉਂਦਾ ਰਹਿਣਾ ਚਾਹੁੰਦੇ ਹੋ ਤਾਂ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਈਸ਼ਵਰ ਤੋਂ ਡਰਦੇ ਹੋ ਜਾਂ ਨਹੀਂ ਪਰ ਤੁਹਾਨੂੰ ਮੌਲਵੀਆਂ ਤੋਂ ਡਰਨ ਦੀ ਲੋੜ ਹੈ। ਇੱਕ ਹੋਰ ਨਾਗਰਿਕ ਸੀਨਘਰ ਅਲੀ ਚਾਂਡਿਯੋ ਨੇ ਲਿਖਿਆ, ਨਿਰਦੋਸ਼ ਨਾਗਰਿਕਾਂ ਨੂੰ ਪਰੇਸ਼ਾਨ ਕਰਨ ਦੇ ਲਈ ਈਸ਼ਨਿੰਦਾ ਕਾਨੂੰਨ ਦੀ ਦਰਵਰਤੋਂ ਬੰਦ ਕੀਤੀ ਜਾਵੇ। ਮੁਬਾਰਕ ਅਲੀ ਭੱਟੀ ਨੇ ਲਿਖਿਆ, ਪ੍ਰੋਫ਼ੈਸਰ ਨੂਤਨਲਾਲ ਉੱਤੇ ਕਥਿਤ ਤੌਰ ‘ਤੇ ਈਸ਼ਨਿੰਦਾ ਦਾ ਇਲਜ਼ਾਮ ਲਾਇਆ ਗਿਆ ਸੀ , ਉਨ੍ਹਾਂ ਨੂੰ ਜੇਲ੍ਹ ਵਿੱਚ ਬੰਦ ਹੋਏ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਪ੍ਰੋਫ਼ੈਸਰ ਨੂਤਨ ਲਾਲ ਨੂੰ ਗਲਤ ਤਰੀਕੇ ਨਾਲ ਫਸਾਇਆ ਗਿਆ ਸੀ, ਉਨ੍ਹਾਂ ਨੂੰ ਬਿਨਾ ਕਿਸੇ ਅਪਰਾਧ ਦੇ ਸਜ਼ਾ ਦਿੱਤੀ ਗਈ, ਅਸੀਂ ਉਨ੍ਹਾਂ ਦੀ ਮੌਕੇ ’ਤੇ ਰਿਹਾਈ ਦੀ ਮੰਗ ਕਰਦੇ ਹਾਂ।




# ਨਿੱਝਰ ਦੀ ਹੱਤਿਆ ਬਾਰੇ ਭਾਰਤ ’ਤੇ ਲਗਾਏ ਦੋਸ਼ਾਂ ਉੱਤੇ ਟਰੂਡੋ ਕਾਇਮ

ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ’ਚ ਭਾਰਤ ’ਤੇ ਇਕ ਵਾਰ ਫਿਰ ਬੇਤੁਕੇ ਦੋਸ਼ ਲਗਾਏ ਹਨ। ਦਰਅਸਲ, ਮੀਡੀਆ ਵੱਲੋਂ ਕੁਝ ਸਵਾਲ ਪੁੱਛੇ ਜਾਣ ’ਤੇ ਟਰੂਡੋ ਨੇ ਇਕ ਵਾਰ ਫਿਰ ਉਹੀ ਗੱਲਾਂ ਦੁਹਰਾਈਆਂ,ਜੋ ਸੰਸਦ ’ਚ ਭਾਰਤ ਵਿਰੁੱਧ ਕਹੀਆਂ ਗਈਆਂ ਸਨ। ਮੀਡੀਆ ਨੇ ਉਨ੍ਹਾਂ ਤੋਂ ਨਿੱਝਰ ਦੇ ਕਤਲ ਕੇਸ ਦੀ ਜਾਂਚ ਬਾਰੇ ਅਪਡੇਟ ਮੰਗੀ ਸੀ। ਨਾਲ ਹੀ ਕਿਹਾ ਕਿ ਜੇਕਰ ਮਾਮਲੇ ਦੀ ਜਾਂਚ ’ਚ ਕੋਈ ਨਵੀਂ ਪ੍ਰਗਤੀ ਨਹੀਂ ਹੁੰਦੀ ਹੈ ਤਾਂ ਕੀ ਅਮਰੀਕਾ ਨੂੰ ਕੈਨੇਡਾ ਦੀ ਤਰਫੋਂ ਭਾਰਤ ਖਿਲਾਫ ਸਖਤ ਸਟੈਂਡ ਲੈਣਾ ਚਾਹੀਦਾ ਹੈ। ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੂੰ ਕੈਨੇਡੀਅਨ ਸੰਸਦ ਮੈਂਬਰ ਚੰਦਨ ਆਰੀਆ ਵੱਲੋਂ ਪਾਰਲੀਮੈਂਟ ਹਿੱਲ ’ਤੇ ਕਰਵਾਏ ਸਮਾਗਮ ਵਿੱਚ ਸੱਦੇ ਜਾਣ ਬਾਰੇ ਪੁੱਛੇ ਜਾਣ ’ਤੇ ਜਸਟਿਨ ਟਰੂਡੋ ਨੇ ਕਿਹਾ,“ਅਸੀਂ ਬਿਲਕੁਲ ਸਪੱਸ਼ਟ ਹਾਂ ਕਿ ਅਸੀਂ ਇਸ ਗੰਭੀਰ ਮਾਮਲੇ ’ਤੇ ਭਾਰਤ ਨਾਲ ਉਸਾਰੂ ਢੰਗ ਨਾਲ ਕੰਮ ਕਰਨਾ ਚਾਹੁੰਦੇ ਹਾਂ। ‘ਸ਼ੁਰੂ ਤੋਂ,ਅਸੀਂ ਸੱਚੇ ਦੋਸ਼ਾਂ ਨੂੰ ਸਾਂਝਾ ਕੀਤਾ ਹੈ ਜਿਸ ਬਾਰੇ ਅਸੀਂ ਡੂੰਘੇ ਚਿੰਤਤ ਹਾਂ, ਪਰ ਅਸੀਂ ਇਸ ਦੀ ਤਹਿ ਤਕ ਜਾਣ ਲਈ, ਇਸ ਨੂੰ ਗੰਭੀਰਤਾ ਨਾਲ ਲੈਣ ਲਈ ਭਾਰਤ ਸਰਕਾਰ ਅਤੇ ਦੁਨੀਆ ਭਰ ਦੇ ਭਾਈਵਾਲਾਂ ਤਕ ਪਹੁੰਚ ਕੀਤੀ ਹੈ। ’ ਟਰੂਡੋ ਨੇ ਕਿਹਾ, ‘ਇਸੇ ਲਈ ਸਾਨੂੰ ਬਹੁਤ ਨਿਰਾਸ਼ਾ ਹੋਈ ਜਦੋਂ ਭਾਰਤ ਨੇ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਕੀਤੀ ਅਤੇ ਭਾਰਤ ਵਿੱਚ 40 ਤੋਂ ਵੱਧ ਕੈਨੇਡੀਅਨ ਡਿਪਲੋਮੈਟਾਂ ਦੀ ਡਿਪਲੋਮੈਟਿਕ ਛੋਟ ਨੂੰ ਮਨਮਾਨੇ ਢੰਗ ਨਾਲ ਰੱਦ ਕਰ ਦਿੱਤਾ। ਸਾਡੇ ਕੋਲ ਇਹ ਮੰਨਣ ਦੇ ਗੰਭੀਰ ਕਾਰਨ ਹਨ ਕਿ ਭਾਰਤ ਸਰਕਾਰ ਦੇ ਏਜੰਟ ਕੈਨੇਡਾ ਦੀ ਧਰਤੀ ’ਤੇ ਕੈਨੇਡੀਅਨ ਨਾਗਰਿਕ ਦੇ ਕਤਲ ਵਿੱਚ ਸ਼ਾਮਲ ਹੋ ਸਕਦੇ ਹਨ। ਕੈਨੇਡੀਅਨ ਪੀ.ਐਮ. ਨੇ ਕਿਹਾ, ‘ਭਾਰਤ ਦਾ ਜਵਾਬ ਵਿਆਨਾ ਕਨਵੈਨਸ਼ਨ ਦੇ ਤਹਿਤ ਉਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦੇ ਹੋਏ ਕੈਨੇਡੀਅਨ ਡਿਪਲੋਮੈਟਾਂ ਦੇ ਇੱਕ ਪੂਰੇ ਸਮੂਹ ਨੂੰ ਬਾਹਰ ਕੱਢਣਾ ਹੈ। ਇਹ ਦੁਨੀਆਂ ਭਰ ਦੇ ਦੇਸ਼ਾਂ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਜੇਕਰ ਕੋਈ ਦੇਸ਼ ਇਹ ਫੈਸਲਾ ਲੈ ਸਕਦਾ ਹੈ ਤਾਂ ਦੂਜੇ ਦੇਸ਼ ਦੇ ਡਿਪਲੋਮੈਟ ਹੁਣ ਸੁਰੱਖਿਅਤ ਨਹੀਂ ਹਨ, ਇਹ ਅੰਤਰਰਾਸ਼ਟਰੀ ਸਬੰਧਾਂ ਨੂੰ ਹੋਰ ਖ਼ਤਰਨਾਕ ਅਤੇ ਹੋਰ ਗੰਭੀਰ ਬਣਾਉਂਦਾ ਹੈ। ’ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ, ‘ਹਰ ਕਦਮ ’ਤੇ,ਅਸੀਂ ਭਾਰਤ ਨਾਲ ਰਚਨਾਤਮਕ ਅਤੇ ਸਕਾਰਾਤਮਕ ਢੰਗ ਨਾਲ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਅਸੀਂ ਅਜਿਹਾ ਕਰਨਾ ਜਾਰੀ ਰੱਖਾਂਗੇ ਅਤੇ ਇਸ ਦਾ ਮਤਲਬ ਹੈ ਕਿ ਭਾਰਤ ਸਰਕਾਰ ਦੇ ਡਿਪਲੋਮੈਟਾਂ ਨਾਲ ਕੰਮ ਕਰਨਾ ਜਾਰੀ ਰੱਖਣਾ। ਇਹ ਕੋਈ ਲੜਾਈ ਨਹੀਂ ਹੈ। ਅਸੀਂ ਹੁਣੇ ਚਾਹੁੰਦੇ ਹਾਂ, ਪਰ ਅਸੀਂ ਸਪੱਸ਼ਟ ਤੌਰ ’ਤੇ ਹਮੇਸ਼ਾ ਕਾਨੂੰਨ ਦੇ ਰਾਜ ਲਈ ਖੜ੍ਹੇ ਰਹਾਂਗੇ। ’





# ਐੱਸਜੀਪੀਸੀ : ਸ਼੍ਰੋਮਣੀ ਕਮੇਟੀ ਦੇ ਗਠਨ ਤੋਂ ਪਹਿਲਾਂ ਕਿਵੇਂ ਚੱਲਦਾ ਸੀ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ


RAVINDER SINGH ROBIN/BBC

## ਗੁਰਦੁਆਰਿਆਂ ਨੂੰ ਵਿਰੋਧੀ ਤਾਕਤਾਂ ਤੋਂ ਮੁਕਤ ਕਰਵਾਉਣਾ

19 ਵੀਂ ਸਦੀ ਦੇ ਅਖ਼ੀਰ ਤੋਂ ਹੀ ਸਿੰਘ ਸਭਾ ਲਹਿਰ ਦੇ ਰੂਪ ਵਿੱਚ ਸਿੱਖਾਂ ਵਿੱਚ ਸਮਾਜਿਕ ਸੁਧਾਰ ਲਹਿਰ ਨੇ ਤੇਜ਼ੀ ਫੜ ਰਹੀ ਸੀ, ਜਿਸਦਾ ਉਦੇਸ਼ ਸਿੱਖਾਂ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਅਤੇ ਸਿੱਖ ਧਰਮ ਨੂੰ ਵੱਖਰੀ ਪਛਾਣ ਦੇਣਾ ਸੀ। ਪਰ ਕੁਲੀਨ ਵਰਗ ਦੀ ਪ੍ਰਧਾਨਗੀ ਥੱਲੇ ਚੀਫ਼ ਖ਼ਾਲਸਾ ਦੀਵਾਨ ਅਧੀਨ ਇਹ ਵੀ ਇੱਕ ਵਫ਼ਾਦਾਰ ਸੰਸਥਾ ਬਣ ਗਈ ਸੀ। ਅਸਲ ਵਿੱਚ ਕੁਲੀਨ ਵਰਗ, ਜ਼ੈਲਦਾਰ, ਨੰਬਰਦਾਰ ਅਤੇ ਮਹੰਤ ਸਿੱਖਾਂ @ਤੇ ਆਪਣਾ ਕੰਟਰੋਲ ਬਣਾਈ ਰੱਖਣ ਲਈ ਸੁਚੇਤ ਰੂਪ ਵਿੱਚ ਪੈਦਾ ਕੀਤੀ ਗਈ, ਸਮਾਜਿਕ ਜਮਾਤ ਸਨ। ਪਰ 20ਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਸ਼ੁਰੂ ਹੋਏ ਕੁੱਝ ਸਿਆਸੀ ਘਟਨਾਕ੍ਰਮਾਂ ਨੇ ਇਸ ਰਵਾਇਤੀ ਲੀਡਰਸ਼ਿਪ ਦੀ ਅਹਿਮੀਅਤ ਘਟਾਈ, ਗੁਰਦਵਾਰਿਆਂ ਨੂੰ ਅਜ਼ਾਦ ਕਰਾਇਆ ਅਤੇ ਐੱਸਜੀਪੀਸੀ ਦੀ ਹੋਂਦ ਵਾਸਤੇ ਰਾਹ ਪੱਧਰਾ ਕੀਤਾ। ਗਦਰ ਲਹਿਰ ਦੇ ਦੇਸ਼ ਭਗਤਾਂ ਦੇ ਖਿਲਾਫ਼ ਅਕਾਲ ਤਖ਼ਤ ਅਤੇ ਚੀਫ਼ ਖ਼ਾਲਸਾ ਦੀਵਾਨ ਦੁਆਰਾ ਪ੍ਰਚਾਰ ਕੀਤਾ ਗਿਆ। ਉਹਨਾਂ ਨੂੰ 'ਪਤਿਤ' ਅਤੇ 'ਡਕੈਤ' ਕਹਿ ਕੇ ਭੰਡਿਆ ਗਿਆ ਅਤੇ ਧਰਮ ਤੋਂ ਛੇਕਿਆ ਗਿਆ। ਇਸੇ ਤਰੀਕੇ ਨਾਲ ਹੀ ਜਲ੍ਹਿਆਂਵਾਲਾ ਬਾਗ਼ ਦੁਖਾਂਤ ਤੋਂ ਬਾਅਦ ਮੋਹਰੀ ਸਿੱਖਾਂ ਅਤੇ ਸਰਬਰਹਾ ਦੀ ਭੂਮਿਕਾ ਨਕਾਰਤਾਮਕ ਅਤੇ ਕਾਇਰਤਾ ਭਰੀ ਸੀ। ਇਸ ਸਭ ਨੇ ਸਿੱਖਾਂ ਦੀ ਵੱਡੀ ਗਿਣਤੀ ਖ਼ਾਸਕਰ ਪੜ੍ਹੀ ਲਿਖੇ ਅਤੇ ਮੱਧ ਵਰਗੀ ਜਮਾਤ ਦੇ ਲੋਕਾਂ ਵਿੱਚ ਬਗ਼ਾਵਤ ਦੀ ਲਹਿਰ ਨੂੰ ਜਨਮ ਦਿੱਤਾ।

15 ਨਵੰਬਰ, 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ, ਪੰਜਾਬ ਅਤੇ ਸਿੱਖ ਇਤਿਹਾਸ ਲਈ ਅਹਿਮ ਅਤੇ ਡੂੰਘਾ ਪ੍ਰਭਾਵ ਪਾਉਣ ਵਾਲੀ ਘਟਨਾ ਸੀ। ਇਸ ਨੇ ਸਿਰਫ਼ ਗੁਰਦੁਆਰਿਆਂ ਨੂੰ ਹੀ ਮਹੰਤਾਂ ਦੇ ਸਿੱਧੇ ਅਤੇ ਬਸਤੀਵਾਦ ਦੇ ਅਸਿੱਧੇ ਕੰਟਰੋਲ ਤੋਂ ਅਜ਼ਾਦ ਹੀ ਨਹੀਂ ਕਰਵਾਇਆ ਬਲਕਿ ਨਵੀਂ ਲੀਡਰਸ਼ਿਪ, ਪ੍ਰੇਰਣਾ ਸਰੋਤ ਅਤੇ ਵੱਕਾਰੀ ਸੰਸਥਾ ਹੋਂਦ ਵਿਚ ਆਈ। ਜੋ ਪਿਛਲੇ ਸੌ ਸਾਲ ਤੋਂ ਲਗਾਤਾਰ ਪੰਜਾਬ ਅਤੇ ਸਿੱਖਾਂ ਦੇ ਸਮਾਜਿਕ ਅਤੇ ਰਾਜਨੀਤਿਕ ਸਰੋਕਾਰਾਂ ਨੂੰ ਰੂਪਰੇਖਾ ਦਿੰਦਿਆਂ ਇਸਦਾ ਲਗਾਤਾਰ ਮਾਰਗਦਰਸ਼ਨ ਕਰ ਰਹੀ ਹੈ। ਧਰਮ ਅਤੇ ਸਿਆਸਤ, ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦਾ ਅਨਿੱਖੜਵਾਂ ਅੰਗ ਹਨ। ਸਿੱਖ ਧਰਮ ਵਿੱਚ ਧਰਮ ਨੂੰ ਸਿਆਸਤ ਲਈ ਇੱਕ ਨੈਤਿਕ ਮਾਰਗ ਦਰਸ਼ਕ ਵਜੋਂ ਮੰਨਿਆ ਜਾਂਦਾ ਹੈ।

**ਸਿੱਖ ਧਰਮ ਵਿੱਚ ਗੁਰਦੁਆਰਿਆਂ ਦੀ ਅਹਿਮੀਅਤ**

ਗੁਰਦੁਆਰੇ ਉਹ ਮਹੱਤਵਪੂਰਨ ਥਾਂ ਹਨ, ਜਿੱਥੇ ਧਾਰਮਿਕ ਅਤੇ ਸਿਆਸੀ ਵਿਚਾਰ ਵਟਾਂਦਰੇ ਹੁੰਦੇ ਹਨ। ਅਠਾਂਰਵੀਂ ਸਦੀ ਵਿੱਚ ਸਿੱਖਾਂ ਵਲੋਂ ਹੋਂਦ ਅਤੇ ਆਜ਼ਾਦੀ ਲਈ ਜੋ ਵੱਡਾ ਸੰਘਰਸ਼ ਲੜਿਆ ਗਿਆ ਉਹ ਦੀ ਯੋਜਨਾਬੰਦੀ ਅਤੇ ਤਾਲਮੇਲ , ਗੁਰਮੱਤੇ ਅਤੇ ਸਰਬੱਤ ਖ਼ਾਲਸਾ ਵਰਗੀਆਂ ਸੰਸਥਾਵਾਂ ਰਾਹੀ ਹਰਿਮੰਦਰ ਸਾਹਿਬ , ਅਮ੍ਰਿਤਸਰ ਤੋਂ ਕੀਤਾ ਗਿਆ। ਹਰਮਿੰਦਰ ਸਾਹਿਬ ਗੁਰੂ ਕਾਲ ਤੋਂ ਬਾਅਦ ਸਿੱਖਾਂ ਲਈ ਧਾਰਮਿਕ ਅਤੇ ਸਿਆਸੀ ਸ਼ਕਤੀ ਦਾ ਪ੍ਰੇਰਣਾ ਸਰੋਤ ਤੋਂ ਅਤੇ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ। ਮੁਗ਼ਲਾਂ ਅਤੇ ਅਫ਼ਗਾਨਾਂ ਸਮੇਤ ਸਿੱਖਾਂ ਦੇ ਸਾਰੇ ਦੁਸ਼ਮਣਾਂ ਨੇ ਅਕਾਲ ਤਖ਼ਤ ਅਤੇ ਗੋਲਡਨ ਟੈਂਪਲ ਦੀ ਅਹਿਮੀਅਤ ਨੂੰ ਸਮਝਦਿਆਂ ਸਿੱਖਾਂ ਨੂੰ ਦਬਾਉਣ ਜਾਂ ਉਨ੍ਹਾਂ ਨੂੰ ਨੀਂਵਾਂ ਦਿਖਾਉਣ ਲਈ ਇਸ ਅਸਥਾਨ ਨੂੰ ਕੰਟਰੋਲ ਕਰਨ ਜਾਂ ਬੇਹੁਰਮਤੀ ਕਰਨ ਦੀ ਕੋਸ਼ਿਸ਼ ਕੀਤੀ।

**ਅੰਗਰੇਜ਼ਾਂ ਵੱਲੋਂ ਹਰਮਿੰਦਰ ਸਾਹਿਬ ਅਤੇ ਅਕਾਲ ਤਖ਼ਤ ਦਾ ਅਸਿੱਧਾ ਕੰਟਰੋਲ**

ਅੰਗਰੇਜ਼ ਅਸਲ ਵਿੱਚ ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਵਾਰਿਆਂ ਦੀ ਸਿੱਖ ਕੌਮ ਨੂੰ ਅਧਿਆਤਮਿਕ ਅਤੇ ਮਾਰਗ ਦਰਸ਼ਨ ਕਰਨ ਵਿੱਚ ਭੂਮਿਕਾ ਪ੍ਰਤੀ ਕਾਫ਼ੀ ਗੰਭੀਰ ਤੇ ਸੁਚੇਤ ਸਨ ਅਤੇ ਉਹ ਗੁਰਦੁਵਾਰਿਆਂ ਦਾ ਕੰਟਰੋਲ ਆਪਣੇ ਅਧੀਨ ਕਰਨ ਲਈ ਯਤਨਸ਼ੀਲ਼ ਸਨ। ਇਸੇ ਵਿਉਂਤਬੰਦੀ ਤਹਿਤ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਦਾ ਕੰਟਰੋਲ ਇੱਕ ਸਰਬਰਾਹ ਅਧੀਨ ਕਰ ਦਿੱਤਾ ਗਿਆ, ਜੋ ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਅਧੀਨ ਸੀ। ਸਰਬਰਾਹ ਆਮ ਤੌਰ 'ਤੇ ਸਿੱਖ ਰਈਸਾਂ ਵਿੱਚੋਂ ਹੁੰਦਾ ਸੀ, ਇਹ ਉਹ ਜਮਾਤ ਸੀ, ਜਿਸ ਨੂੰ ਅੰਗਰੇਜ਼ਾਂ ਵਲੋਂ ਸਿੱਖਾਂ ਨੂੰ ਕੰਟਰੋਲ ਕਰਨ ਲਈ ਤਿਆਰ ਕੀਤਾ ਗਿਆ ਸੀ।

**ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜ਼ਾ**

ਇੰਨਾਂ ਸਮਿਆਂ ਵਿੱਚ ਹੀ ਪੰਜਾਬ ਅਤੇ ਇਸ ਤੋਂ ਬਾਹਰ ਬਹੁਤ ਸਾਰੇ ਇਤਿਹਾਸਿਕ ਸਿੱਖ ਗੁਰਦੁਆਰੇ ਮਹੰਤਾ ਦੇ ਕਬਜ਼ੇ ਵਿੱਚ ਆ ਗਏ। ਮਹੰਤ ਉਸ ਪੁਜਾਰੀ ਸ਼ਰੇਣੀ ਨਾਲ ਸਬੰਧਿਤ ਸਨ, ਜੋ ਗੁਰੂਆਂ ਦੇ ਫਲਸਫੇ ਤੋਂ ਕੋਹਾਂ ਦੂਰ ਸਨ । ਮਹੰਤ ਭ੍ਰਿਸ਼ਟਾਚਾਰ ਭਰੀ, ਅੱਯਾਸ਼ ਜ਼ਿੰਦਗੀ ਬਤੀਤ ਕਰਦੇ ਸਨ। ਉਨ੍ਹਾਂ ਵਿੱਚ ਬਹੁਤ ਸਾਰਿਆਂ ਨੇ ਬਸਤੀਵਾਦੀ ਅਧਿਕਾਰੀਆਂ ਨਾਲ ਮਿਲਕੇ ਗੁਰਦੁਆਰਿਆਂ ਦੀ ਜ਼ਮੀਨ ਆਪਣੇ ਨਾਮ ਲਵਾ ਲਈ। ਗੁਰਦੁਆਰਿਆਂ ਵਿੱਚ ਸਣੇ ਹਰਮਿੰਦਰ ਸਾਹਿਬ ਵਿੱਚ ਵੀ ਬੁੱਤ ਪੂਜਾ, ਦਲਿਤਾਂ ਨਾਲ ਵਿਤਕਰਾ ਅਤੇ ਅੰਧਵਿਸ਼ਵਾਸ ਦਾ ਚਲਣ ਖੁੱਲ੍ਹੇਆਮ ਹੋਣ ਲੱਗ ਪਿਆ ਸੀ।

**ਸੈਂਟਰਲ ਸਿੱਖ ਲੀਗ਼ ਦਾ ਜਨਮ**

ਇੱਕ ਪਾਸੇ ਦੇਸ ਵਿੱਚ ਰਾਸ਼ਟਰਵਾਦੀ ਲਹਿਰ ਅਤੇ ਦੂਜੇ ਪਾਸੇ ਕੁਰਬਾਨੀ ਅਤੇ ਤਿਆਗ ਦੀ ਆਪਣੀ ਅਮੀਰ ਵਿਰਾਸਤ ਤੋਂ ਪ੍ਰੇਰਿਤ ਹੋ ਕੇ ਇੱਕ ਨਵੀਂ ਸਿੱਖ ਪਾਰਟੀ, 'ਸੈਂਟਰਲ ਸਿੱਖ ਲੀਗ਼' ਦਾ ਜਨਮ ਮਾਰਚ 1919 ਵਿੱਚ ਹੋਇਆ। ਇਸ ਪਾਰਟੀ ਦੁਆਰਾ ਸਾਲ 1920 ਵਿੱਚ ਆਪਣਾ ਅਖ਼ਬਾਰ 'ਅਕਾਲੀ' ਵੀ ਪ੍ਰਕਾਸ਼ਿਤ ਕੀਤਾ ਗਿਆ। ਅਕਾਲੀ ਅਖ਼ਬਾਰ ਦੇ ਪਹਿਲੇ ਅੰਕ ਵਿੱਚ ਮੁਹਿੰਮ ਦੇ ਮੰਤਵਾਂ ਅਤੇ ਉਦੇਸ਼ਾਂ ਨੂੰ ਸ਼ਾਮਿਲ ਕੀਤਾ ਗਿਆ ਜਿਨ੍ਹਾਂ ਵਿੱਚ ਖ਼ਾਲਸਾ ਕਾਲਜ ਅਮ੍ਰਿਤਸਰ ਦਾ ਪ੍ਰਬੰਧਨ ਸਿੱਖ ਕਮੇਟੀ ਦੇ ਅਧੀਨ ਕਰਨਾ, ਗੁਰਦੁਆਰਿਆਂ ਨੂੰ ਮਹੰਤਾਂ ਦੇ ਚੁੰਗਲ ਤੋਂ ਆਜ਼ਾਦ ਕਰਵਾਉਣਾ ਅਤੇ ਸਿੱਖ ਭਾਈਚਾਰੇ ਨੂੰ ਦੇਸ ਦੀ ਆਜ਼ਾਦੀ ਦੀ ਲੜਾਈ ਵਿੱਚ ਭਾਗੀਦਾਰ ਬਣਾਉਣਾ ਸ਼ਾਮਿਲ ਸੀ। ਇਸ ਸਮੇਂ ਤੋਂ ਬਾਅਦ ਗ਼ਤੀਵਿਧੀਆਂ ਤੇਜ਼ ਰਫ਼ਤਾਰ ਨਾਲ ਹੋਈਆਂ। ਦਲਿਤਾਂ ਦੇ ਹਰਿਮੰਦਰ ਸਾਹਿਬ ਵਿੱਚ ਬਿਨ੍ਹਾਂ ਰੁਕਾਵਟ ਦਾਖ਼ਲੇ ਦੀ ਆਗਿਆ ਦੇ ਮਾਮਲੇ ਤੋਂ ਬਾਅਦ 12 ਅਕਤੂਬਰ, 1920 ਨੂੰ ਇੱਕ ਸਿੱਖ ਸੰਗਤ ਵੱਲੋਂ ਸਥਾਪਿਤ ਕਮੇਟੀ ਨੇ ਹਰਿਮੰਦਰ ਸਾਹਿਬ ਦੇ ਕੰਪਲੈਕਸ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ ।

**ਸਰਬੱਤ ਖ਼ਾਲਸਾ ਬੁਲਾਉਣਾ**

15 ਨਵੰਬਰ ਨੂੰ ਇੱਕ ਸਰਬੱਤ ਖ਼ਾਲਸਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ 175 ਮੈਂਬਰਾਂ ਦੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦੇ 36 ਮੈਂਬਰਾਂ ਨੂੰ ਬਸਤਾਵਾਦੀ ਸਰਕਾਰ ਵਲੋਂ ਵੀ ਨਾਮਜ਼ਦ ਕੀਤਾ ਗਿਆ ਸੀ। ਐੱਸਜੀਪੀਸੀ ਨੇ ਮਹੰਤਾਂ ਦੇ ਕਬਜ਼ੇ ਤੋਂ ਗੁਰੂਦੁਆਰਿਆਂ ਨੂੰ ਮੁਕਤ ਕਰਵਾਉਣ ਲਈ ਇੱਕ ਮੋਰਚੇ ਲਾਉਣ ਦਾ ਫ਼ੈਸਲਾ ਕੀਤਾ। ਇਸ ਕੰਮ ਨੂੰ ਪੂਰਾ ਕਰਨ ਲਈ ਦਸੰਬਰ 1920 ਨੂੰ ਅਕਾਲੀ ਪਾਰਟੀ ਦਾ ਗਠਨ ਕੀਤਾ ਗਿਆ, ਜਿਸ ਦਾ ਕੰਮ ਵੱਖ-ਵੱਖ ਜੱਥਿਆਂ ਦੀਆਂ ਗਤੀਵਿਧੀਆਂ ਵਿੱਚ ਤਾਲਮੇਲ ਬਿਠਾਉਣ ਦਾ ਸੀ। 1920 ਤੋਂ 1925 ਦਾ ਸਮਾਂ ਅਕਾਲੀ ਜੱਥਿਆ ਦੇ ਸ਼ਾਨਦਾਰ ਸੰਘਰਸ਼, ਬਹਾਦਰੀ ਅਤੇ ਕੁਰਬਾਨੀ ਦਾ ਸੀ। ਅਕਾਲੀਆਂ ਨੇ ਵੱਡੀ ਗਿਣਤੀ ਵਿੱਚ ਅੰਦੋਲਨ ਸ਼ੁਰੂ ਕੀਤੇ, ਜਿੰਨਾਂ ਵਿੱਚ ਨਨਕਾਣਾ ਸਾਹਿਬ ਦਾ ਅੰਦੋਲਨ (1921), ਚਾਬੀਆਂ ਦਾ ਮੋਰਚਾ (1921), ਗੁਰੂ ਕਾ ਬਾਗ਼ (1922) ਅਤੇ ਜੈਤੋਂ ਮੋਰਚਾ (1923) ਸ਼ਾਮਿਲ ਹਨ। ਬਸਤੀਵਾਦੀ ਜ਼ਬਰ, ਜਿਸ ਦੌਰਾਨ ਐੱਸਜੀਪੀਸੀ ਅਤੇ ਅਕਾਲੀ ਦਲ 'ਤੇ ਰੋਕ ਲਗਾਈ ਗਈ ਅਤੇ ਮਹੰਤਾਂ ਅਤੇ ਉਨ੍ਹਾਂ ਦੇ ਪਿੱਠੂਆਂ ਦੇ ਜ਼ੁਲਮਾਂ ਦੇ ਬਾਵਜੂਦ (ਉਚੇਚੇ ਤੌਰ 'ਤੇ ਨਨਕਾਣਾ ਸਾਹਿਬ ਅਤੇ ਗੁਰੂ ਕਾ ਬਾਗ਼) ਅੰਦੋਲਨ ਅਹਿੰਸਕ ਅਤੇ ਅਨੁਸ਼ਾਸਿਤ ਰਿਹਾ। ਮਹਾਮਤਾ ਗਾਂਧੀ ਦੇ ਨਜ਼ਦੀਕੀ ਸੀਐਫ਼ ਐਂਡਰੀਉਜ਼ ਗੁਰੂ ਕਾ ਬਾਗ਼ ਮੋਰਚਾ ਦੇ ਚਸ਼ਮਦੀਦ ਗਵਾਹ ਹਨ ਅਤੇ ਉਹ ਇਸਨੂੰ 'ਨੈਤਿਕ ਲੜਾਈ ਦਾ ਨਵਾਂ ਸਬਕ' ਦੱਸਦੇ ਹਨ। ਜੈਤੋਂ ਮੋਰਚੇ ਵਿੱਚ ਜਵਾਹਰ ਲਾਲ ਨਹਿਰੂ ਨੇ ਸ਼ਮੂਲੀਅਤ ਕੀਤੀ ,ਜਿਥੇ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਮਹਾਤਮਾਂ ਗਾਂਧੀ ਨੇ ਚਾਬੀਆਂ ਦੇ ਮੋਰਚੇ ਦੀ ਜਿੱਤ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਫ਼ੈਸਲਾਕੁੰਨ ਜਿੱਤ ਐਲਾਨਿਆ ਸੀ। ਅੰਤ ਵਿੱਚ ਲਗਾਤਾਰ ਦਬਾਅ, ਕੁਰਬਾਨੀ ਅਤੇ ਫੌਜੀ ਸਬੰਧਾਂ ਵਾਲੀ ਸਿੱਖ ਕਿਸਾਨੀ ਦੇ ਪੱਕੇ ਤੌਰ @ਤੇ ਵਿਰੋਧ ਦੇ ਡਰ ਕਰਕੇ ਬਰਤਾਨਵੀਂ ਸਰਕਾਰ ਨੂੰ 1925 ਵਿੱਚ ਗੁਰੂਦੁਆਰਾ ਐਕਟ ਪਾਸ ਕਰਨਾ ਪਿਆ, ਜਿਸ ਨੇ ਗੁਰੂਦੁਆਰਿਆਂ ਦੇ ਪ੍ਰਬੰਧਾਂ ਲਈ ਸਿੱਖ ਕੰਟਰੋਲ ਨੂੰ ਮਾਨਤਾ ਦਿੱਤੀ। ਇਸ ਸਮੇਂ ਤੱਕ ਅੰਦੋਲਨ ਦੌਰਾਨ ਸੰਪਤੀ ਜ਼ਬਤ ਕਰਨ ਅਤੇ ਜੁਰਮਾਨੇ ਲਾਉਣ ਤੋਂ ਇਲਾਵਾ, ਅੰਦਾਜਨ 30,000 ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ, 400 ਤੋਂ ਵੱਧ 'ਸ਼ਹੀਦ' ਹੋਏ ਅਤੇ 2,000 ਜ਼ਖਮੀ ਹੋਏ। ਅੰਦੋਲਨ ਨੂੰ ਸਿੱਖ ਭਾਈਚਾਰੇ ਦੇ ਤਕਰੀਬਨ ਸਾਰੇ ਵਰਗਾਂ ਤੋਂ ਸਮਰਥਨ ਮਿਲਿਆ, ਖ਼ਾਸਕਰ ਕਿਸਾਨੀ, ਕਾਰੀਗਰਾਂ, ਮਜ਼ਦੂਰਾਂ, ਸਾਬਕਾਂ ਸੈਨਿਕਾਂ ਅਤੇ ਵਿਦੇਸ਼ਾਂ ਤੋਂ ਪਰਤੇ ਪਰਵਾਸੀਆਂ ਦਾ।

**ਸ਼੍ਰੋਮਣੀ ਅਕਾਲੀ ਦਲ ਦਾ ਗਠਨ**

ਗੁਰਦੁਆਰਾ ਲਹਿਰ ਨੇ ਨਾ ਸਿਰਫ਼ ਗੁਰਦੁਆਰਿਆਂ ਨੂੰ ਮੁਕਤ ਕਰਵਾਇਆ ਬਲਕਿ ਉਨ੍ਹਾਂ ਨੂੰ ਸਿੱਖਾਂ ਅਤੇ ਇੱਕ ਚੁਣੀ ਹੋਈ ਸਿੱਖ ਬਾਡੀ ਐਸਜੀਪੀਸੀ ਦੇ ਅਧੀਨ ਲੈ ਆਏ। ਇਸਨੇ ਸਿੱਖ ਅਤੇ ਖ਼ੇਤਰੀ ਹਿੱਤਾਂ ਦੀ ਪੁਸ਼ਟੀ ਕਰਨ ਵਾਲੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਦਾ ਵੀ ਗਠਨ ਕੀਤਾ। ਗੁਰਦੁਆਰਾ ਸੁਧਾਰ ਲਹਿਰ ਪੰਜਾਬ ਵਿੱਚ ਪਹਿਲਾ ਲੋਕ ਅੰਦੋਲਨ ਸੀ, ਜੋ ਕਿਸਾਨਾਂ ਅਤੇ ਪੇਂਡੂ ਇਲਾਕਿਆਂ ਤੱਕ ਪਹੁੰਚਿਆ। ਇਸ ਨੇ ਇਹ ਵੀ ਯਕੀਨੀ ਬਣਾਇਆ ਕਿ ਸਿੱਖ ਆਜ਼ਾਦੀ ਦੀ ਲੜਾਈ ਦਾ ਅਟੁੱਟ ਹਿੱਸਾ ਬਣਨ। ਇਸਤੋਂ ਇਲਾਵਾ ਪੁਰਾਣੀ ਬਦਨਾਮ, ਅਮੀਰ, ਲੀਡਰਸ਼ਿਪ ਦੀ ਜਗ੍ਹਾ ਨਵੀਂ ਮੱਧ ਵਰਗੀ, ਆਦਰਸ਼ਵਾਦੀ, ਸਮਰਪਿਤ ਅਤੇ ਦਲੇਰ ਲੀਡਰਸ਼ਿਪ ਜਿਵੇਂ ਕਿ ਬਾਬਾ ਖੜਕ ਸਿੰਘ, ਕਰਤਾਰ ਸਿੰਘ ਝੱਬਰ, ਮਾਸਟਰ ਤਾਰਾ ਸਿੰਘ, ਸੁੰਦਰ ਸਿੰਘ ਲਾਇਲਪੁਰੀ ਹੋਂਦ ਵਿੱਚ ਆਈ । ਨਨਕਾਣਾ ਸਾਹਿਬ, ਗੁਰੂ ਕਾ ਬਾਗ਼ ਅਤੇ ਜੈਤੋਂ ਮੋਰਚਾ ਦੀ ਬਹਾਦਰੀ ਅਤੇ ਕੁਰਬਾਨੀ ਸਿੱਖਾਂ ਦੀ ਸਮੂਹਿਕ ਚੇਤਨਾ ਦਾ ਹਿੱਸਾ ਬਣ ਗਈ। ਸਮਾਜਿਕ ਸੁਧਾਰਕਾਂ ਦੁਆਰਾ ਸਿੱਖਾਂ ਦਰਮਿਆਨ ਧਰਮਿਕ ਖੇਤਰ ਵਿੱਚ ਦਲਿਤਾਂ ਦੇ ਪ੍ਰਸ਼ਨ ਨੂੰ ਕਾਮਯਾਬੀ ਨਾਲ ਚੁੱਕਿਆ ਗਿਆ। ਅਖ਼ਬਾਰਾਂ ਅਤੇ ਰਸਾਲੇ ਜਿਵੇਂ ਕਿ ਅਕਾਲੀ ਅਤੇ ਫ਼ੁਲਵਾੜੀ ਅਤੇ ਲੇਖਕ ਜਿਵੇਂ ਗਿਆਨੀ ਹੀਰਾ ਸਿੰਘ ਅਤੇ ਨਾਨਕ ਸਿੰਘ ਇਸ ਅੰਦੋਲਨ ਦੀਆਂ ਸੱਭਿਆਚਾਰਕ ਪ੍ਰਾਪਤੀਆਂ ਹਨ।



# ਹੁਣ ਬ੍ਰੈਸਟ ਕੈਂਸਰ ਦੇ ਇਲਾਜ ਲਈ ਜ਼ਰੂਰੀ ਨਹੀਂ ਕੀਮੋਥੈਰੇਪੀ



ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਔਰਤਾਂ ਵਿੱਚ ਛਾਤੀ ਦੇ ਕੈਂਸਰ ਲਈ ਕੀਮੋਥੈਰੇਪੀ ਦੀ ਲੋੜ ਹੁੰਦੀ ਹੈ। ਪਰ ਹਾਲ ਹੀ ਵਿੱਚ ਕੀਤੀ ਗਈ ਇੱਕ ਖੋਜ ਵਿੱਚ ਸਾਹਮਣੇ ਆਇਆ ਹੈ ਕਿ ਬ੍ਰੈਸਟ ਕੈਂਸਰ ਦਾ ਇਲਾਜ ਕਰਵਾਉਣ ਲਈ ਹਰ ਕਿਸੇ ਨੂੰ ਕੀਮੋਥੈਰੇਪੀ ਦੀ ਲੋੜ ਨਹੀਂ ਹੁੰਦੀ। ਨਵੀਂ ਖੋਜ ਮੁਤਾਬਕ 70 ਫ਼ੀ ਸਦ ਔਰਤਾਂ ਵਿੱਚ ਸਾਧਾਰਨ ਕਿਸਮ ਦੇ ਪਹਿਲੀ ਸਟੇਜ ਦੇ ਬ੍ਰੈਸਟ ਕੈਂਸਰ ਵਿੱਚ ਕੀਮੋਥੈਰੇਪੀ ਦੀ ਜ਼ਰੂਰਤ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਸ਼ਿਕਾਗੋ ਦੀ ਅਮਰੀਕਨ ਸੋਸਾਇਟੀ ਆਫ਼ ਕਲ ਨਿਕਲ ਆਂਕਲੌਜੀ ਨੇ ਖੋਜ ਵਿੱਚ ਦੱਸਿਆ ਹੈ ਕਿ ਇਹ ਅਧਿਐਨ 10 ਸਾਲਾਂ ਤਕ ਕੀਤਾ ਗਿਆ ਹੈ। ਸੀਐਨਐਨ ਮੁਤਾਬਕ ਜਿਨ੍ਹਾਂ ਔਰਤਾਂ ਵਿੱਚ ਕੈਂਸਰ ਦੁਬਾਰਾ ਹੋਣ ਜਾਂ ਕੈਂਸਰ ਦੇ ਜੀਨ ਮੁੜ ਪੈਦਾ ਹੋਣ ਦਾ ਡਰ ਰਹਿੰਦਾ ਹੈ, ਉਨ੍ਹਾਂ ਨੂੰ ਕੀਮੋਥੈਰੇਪੀ ਕਰਵਾਉਣ ਦੀ ਲੋੜ ਵਧੇਰੇ ਹੁੰਦੀ ਹੈ। ਸਾਲ ਵਿੱਚ ਤਕਰੀਬਨ 85,000 ਤੋਂ ਵੱਧ ਔਰਤਾਂ ਇਸ ਨਾਲ ਪ੍ਰਭਾਵਿਤ ਹੁੰਦੀਆਂ ਹਨ। ਅਮਰੀਕੀ ਕੈਂਸਰ ਸੋਸਾਇਟੀ ਦੇ ਮੁੱਖ ਮੈਡੀਕਲ ਅਫ਼ਸਰ ਡਾ. ਓਟਿਸ ਬ੍ਰਾਲੀ ਦਾ ਕਹਿਣਾ ਹੈ ਕਿ ਅਸੀਂ ਕਾਫੀ ਸਮੇਂ ਤੋਂ ਬ੍ਰੈਸਟ ਕੈਂਸਰ ਦੇ ਗ਼ੈਰ ਵਾਜਿਬ ਇਲਾਜ ਤੋਂ ਚਿੰਤਾ ਵਿੱਚ ਸੀ।

# ਹੈਰਾਨੀਜਨਕ...! ਸੈਕਸ ਹਾਰਮੋਨ ਤੋਂ ਲੈ ਕੇ ਇੰਸੂਲਿਨ ਤਕ ਵਧਾ ਸਕਦਾ ਵਧੇਰਾ ਵਜ਼ਨ

ਕੀ ਤੁਸੀਂ ਜਾਣਦੇ ਹੋ ਕਿ ਸਰੀਰ ਵਿੱਚ ਹਾਰਮੋਨਜ਼ ਦੇ ਅਸੰਤੁਲਨ ਨਾਲ ਸਰੀਰ ਬਹੁਤ ਪ੍ਰਭਾਵਿਤ ਹੁੰਦਾ ਹੈ। ਇਸ ਨਾਲ ਸਿਰਫ਼ ਗਰਭ ਅਵਸਥਾ ਬਲਕਿ ਮਾਨਸਿਕ ਤੇ ਸਰੀਰਕ ਟੁੱਟ ਭੱਜ ਹੁੰਦੀ ਹੈ। ਇੰਨਾ ਹੀ ਨਹੀਂ, ਹਾਰਮੋਨਜ਼ ਦਾ ਪੱਧਰ ਵਧਣ ਕਾਰਨ ਵਜ਼ਨ ਵੀ ਵਧ ਜਾਂਦਾ ਹੈ। ਆਓ ਤੁਹਾਨੂੰ ਦੱਸਦੇ ਹਾਂ ਕਿਹੜਾ ਹਾਰਮੋਨ ਤੁਹਾਡਾ ਵਜ਼ਨ ਵਧਾਉਂਦਾ ਹੈ।



**ਐਸਟ੍ਰੋਜਨ-** ਇਹ ਨੋਟ ਕੀਤਾ ਗਿਆ ਹੈ ਕਿ ਐਸਟ੍ਰੋਜਨ ਦਾ ਘੱਟ ਤੇ ਜ਼ਿਆਦਾ ਪੱਧਰ ਵਜ਼ਨ ਵਧਾ ਸਕਦਾ ਹੈ। ਐਸਟ੍ਰੋਜਨ ਦੇ ਸਰੀਰ ਵਿੱਚ ਵਾਧੂ ਮਾਤਰਾ ਵਿੱਚ ਪੈਦਾ ਹੋਣ ਪਿੱਛੇ ਜ਼ਿਆਦਾ ਖਾਣ ਦੀ ਆਦਤ ਹੈ। ਆਮ ਤੌਰ 'ਤੇ ਸਰੀਰ ਜ਼ਰੂਰਤ ਦੇ ਹਿਸਾਬ ਨਾਲ ਐਸਟ੍ਰੋਜਨ ਪੈਦਾ ਕਰਦਾ ਹੈ, ਪਰ ਐਸਟ੍ਰੋਜਨ ਭਰਪੂਰ ਖਾਣਾ ਖਾਣ ਨਾਲ ਨਾ ਸਿਰਫ ਤਣਾਅ ਵਧਦਾ ਹੈ, ਬਲਕਿ ਗਲੂਕੋਜ਼ ਪੱਧਰ ਵੀ ਵਧ ਜਾਂਦਾ ਹੈ। ਐਸਟ੍ਰੋਜਨ ਨੂੰ ਕਾਬੂ ਰੱਖਣ ਲਈ ਸ਼ਰਾਬ ਦਾ ਸੇਵਨ ਘੱਟ ਕਰੋ, ਪ੍ਰੋਸੈਸਡ ਦੀ ਬਜਾਏ ਤਾਜ਼ਾ ਮੀਟ ਖਾਓ, ਰੋਜ਼ਾਨਾ ਕਸਰਤ ਕਰੋ ਤੇ ਤਾਜ਼ੇ ਫਲ ਤੇ ਹਰੀਆਂ ਸਬਜ਼ੀਆਂ ਹੀ ਖਾਓ।

**ਥਾਇਰੌਇਡ ਹਾਰਮੋਨਜ਼-** ਇਹ ਗ੍ਰੰਥੀ ਤੁਹਾਡੇ ਗਲ਼ ਦੇ ਆਲ਼ੇ-ਦੁਆਲ਼ੇ ਹੁੰਦਾ ਹੈ। ਇਹ ਟੀ3, ਟੀ4 ਕੈਲਿਸਟੋਨਿਨ ਪੈਦਾ ਕਰਦਾ ਹੈ ਜੋ ਸਰੀਰ ਦੇ ਮੈਟਾਬੌਲਿਜ਼ਮ ਪਾਚਨ ਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਂਦਾ ਹੈ। ਜੇਕਰ ਥਾਇਰੌਇਡ ਹਾਰਮੋਨ ਪੈਦਾ ਨਹੀਂ ਹੋਵੇਗਾ ਤਾਂ ਥਾਇਰੌਇਡ ਦੀ ਸਮੱਸਿਆ ਹੋ ਸਕਦੀ ਹੈ, ਜਿਸ ਨਾਲ ਵਜ਼ਨ ਵਧ ਸਕਦਾ ਹੈ। ਇਸ ਨੂੰ ਕਾਬੂ ਵਿੱਚ ਰੱਖਣ ਲਈ ਵਿਟਾਮਿਨ ਡੀ ਦਾ ਸੇਵਨ ਕਰੋ, ਖਾਣਾ ਪਕਾ ਕੇ ਖਾਓ ਤੇ ਜੰਕ ਫੂਡ ਤੋਂ ਪਰਹੇਜ਼ ਕਰੋ।

**ਇੰਸੂਲਿਨ-** ਇਹ ਪੈਂਕ੍ਰਿਆਜ਼ ਵਿੱਚ ਹੁੰਦਾ ਹੈ ਜੋ ਕਿ ਸੈੱਲਾਂ ਤਕ ਗਲੂਕੋਜ਼ ਪਹੁੰਚਾਉਂਦਾ ਹੈ। ਇਸ ਨੂੰ ਊਰਜਾ ਤੇ ਚਰਬੀ ਨੂੰ ਸਾਂਭ ਕੇ ਰੱਖਣ ਲਈ ਵਰਤਿਆ ਜਾਂਦਾ ਹੈ। ਇਹ ਸਿੱਧੇ ਤੌਰ 'ਤੇ ਬਲੱਡ ਗਲੂਕੋਜ਼ ਨੂੰ ਕਾਬੂ ਵਿੱਚ ਰੱਖਦਾ ਹੈ। ਜਦ ਇੰਸੂਲਿਨ ਪੱਧਰ ਵਿੱਚ ਵਾਧਾ ਹੁੰਦਾ ਹੈ ਤਾਂ ਮਸਲਜ਼ ਸੈੱਲ ਗਲੂਕੋਜ਼ ਬਾਊਂਡ ਸੈਲਜ਼ ਨੂੰ ਪਛਾਣ ਨਹੀਂ ਪਾਉਂਦੇ। ਇਸ ਨਾਲ ਬਲੱਡ ਸ਼ੂਗਰ ਵਧ ਜਾਂਦਾ ਹੈ ਤੇ ਵਜ਼ਨ ਵਧ ਸਕਦਾ ਹੈ। ਇਸ ਤੋਂ ਬਚਣ ਲਈ ਫਲੇਕਸੀਡਜ਼, ਸਬਜ਼ੀਆਂ, ਫਲ ਖਾਓ ਤੇ ਦੇਰ ਰਾਤ ਨੂੰ ਪਤੌੜ (ਸਨੈਕਸ) ਖਾਣ ਤੋਂ ਬਚੋ ਤੇ ਨਾਲ ਹੀ ਸ਼ਰਾਬ ਦਾ ਸੇਵਨ ਨਾ ਕਰੋ।

**ਟੈਸਟੋਸਟੇਰੌਨ-** ਇਸ ਨੂੰ ਸੈਕਸ ਹਾਰਮੋਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਮਰਦਾਂ ਵਿੱਚ ਵੱਧ ਤੇ ਔਰਤਾਂ ਵਿੱਚ ਘੱਟ ਪਾਇਆ ਜਾਂਦਾ ਹੈ। ਇਹ ਸੈਕਸ ਇੱਛਾ ਨੂੰ ਕਾਬੂ ਕਰਦਾ ਹੈ। ਇਹ ਚਰਬੀ ਨੂੰ ਪੰਘਾਰਦਾ ਹੈ ਤੇ ਮਸਲਜ਼ ਨੂੰ ਮਜ਼ਬੂਤ ਕਰਦਾ ਹੈ। ਤਣਾਅ ਲੈਣ ਤੇ ਖ਼ਰਾਬ ਲਾਈਫ਼ਸਟਾਈਲ ਕਾਰਨ ਟੈਸਟੋਸਟੇਰੌਨ ਪੱਧਰ ਘੱਟ ਹੋ ਜਾਂਦਾ ਹੈ, ਜਿਸ ਨਾਲ ਵਜ਼ਨ ਵਧਦਾ ਹੈ। ਇਸ ਤੋਂ ਬਚਣ ਲਈ ਫਾਈਬਰ ਯਾਨੀ ਰੇਸ਼ੇਦਾਰ ਭੋਜਨ ਖਾਓ, ਸ਼ਰਾਬ ਦਾ ਸੇਵਨ ਨਾ ਕਰੋ ਤੇ ਰੋਜ਼ ਕਸਰਤ ਕਰੋ।

# ਅਧੂਰੀ ਨੀਂਦ ਕਰਵਾ ਸਕਦੀ ਅਰਬਾਂ ਦਾ ਨੁਕਸਾਨ



ਖੋਜ ਵਿੱਚ ਪਤਾ ਲੱਗਾ ਹੈ ਕਿ ਅਧੂਰੀ ਨੀਂਦ ਵਿੱਤੀ ਤੇ ਗੈਰ-ਵਿੱਤੀ ਕੀਮਤਾਂ ਨਾਲ ਜੁੜੀ ਹੋਈ ਹੈ। ਦੁਨੀਆ ਭਰ ਵਿੱਚ ਵਿਆਪਕ ਤੌਰ 'ਤੇ ਲੋਕ ਨੀਂਦ ਤੋਂ ਪ੍ਰਭਾਵਿਤ ਹੋ ਰਹੇ ਹਨ। ਖੋਜ ਲਈ ਵੈਸਟਰਨ ਆਸਟਰੇਲੀਆ ਯੂਨੀਵਰਸਿਟੀ ਦੇ ਡੇਵਿਡ ਹਿਲਮੈਨ ਤੇ ਉਸ ਦੇ ਸਹਿਯੋਗੀਆਂ ਨੇ ਆਸਟਰੇਲੀਆ ਵਿੱਚ ਸੀਮਤ ਨੀਂਦ ਦੇ ਆਰਥਿਕ ਨਤੀਜਿਆਂ ਨੂੰ ਮਾਪਣ ਦੀ ਕੋਸ਼ਿਸ਼ ਕੀਤੀ। ਖੋਜ ਦੇ ਨਤੀਜੇ ਪ੍ਰਕਾਸ਼ਿਤ ਵੀ ਕੀਤੇ ਗਏ। ਪਤਾ ਲੱਗਾ ਕਿ ਆ ਆਸਟਰੇਲੀਆ ਵਿੱਚ 2016-17 ਲਈ ਅਧੂਰੀ ਨੀਂਦ ਦੀ ਕੁੱਲ ਕੀਮਤ 45.21 ਆਰਬ ਡਾਲਰ ਰਹੀ। ਖੋਜ ਵਿੱਚ ਕਿਹਾ ਗਿਆ ਹੈ ਕਿ ਸਮਾਨ ਅਰਥ ਵਿਵਸਥਾ ਵਾਲੇ ਹੋਰ ਦੇਸ਼ਾਂ ਦੀ ਸਥਿਤੀ ਵੀ ਇਸੇ ਤਰ੍ਹਾਂ ਦੀ ਹੋਣ ਦੀ ਸੰਭਾਵਨਾ ਹੈ। ਖੋਜੀਆਂ ਨੇ ਕਿਹਾ ਕਿ ਦੁਨੀਆ ਭਰ ਦੇ ਲੋਕ ਅਧੂਰੀ ਨਾਂਈ ਦੀ ਬਿਮਾਰੀ ਦੇ ਸ਼ਿਕਾਰ ਹਨ। ਇਨ੍ਹਾਂ ਵਿੱਚੋਂ ਕੁਝ ਨੀਂਦ ਦੇ ਵਿਕਾਰਾਂ, ਕੰਮ ਨੂੰ ਪੂਰਾ ਕਰਨ ਦੇ ਦਬਾਅ, ਸਮਾਜ ਜਾਂ ਪਰਿਵਾਰਿਕ ਗਤੀਵਿਧੀਆਂ ਤੇ ਹੋਰ ਲਾਪਰਵਾਹੀਆਂ ਦੀ ਵਜ੍ਹਾ ਕਰ ਕੇ ਹੈ। ਇਸ ਕਾਰਨ ਸਿਹਤ 'ਤੇ ਤਾਂ ਅਸਰ ਹੁੰਦਾ ਹੀ ਹੈ ਪਰ ਇਸ ਨਾਲ ਆਰਥਿਕ ਪੱਖ ਵੀ ਜੁੜੇ ਹੁੰਦੇ ਹਨ। ਜਿਸ ਵਿੱਚ ਇਸ ਦੀ ਸਿਹਤ, ਸੁਰੱਖਿਆ ਤੇ ਉਤਪਾਦਨ ਤੇ ਨਕਾਰਾਤਮਕ ਪ੍ਰਭਾਵ ਪੈਂਦੇ ਹਨ।

# ਮਲਾਈ ਖਾਣ ਦੇ ਇਹ ਬੇਮਿਸਾਲ ਫਾਇਦੇ ਜਾਣ ਕੇ ਹੋ ਜਾਓਗੇ ਹੈਰਾਨ



ਅਕਸਰ ਮੰਨਿਆ ਜਾਂਦਾ ਹੈ ਕਿ ਮਲਾਈ ਖਾਣ ਨਾਲ ਵਜ਼ਨ ਵਧਦਾ ਹੈ ਪਰ ਇਹ ਗੱਲ ਗਲਤ ਹੈ। ਰੋਜ਼ ਇਕ ਜਾਂ ਦੋ ਚੱਮਚ ਮਲਾਈ ਖਾਣ ਨਾਲ ਵਜ਼ਨ ਘੱਟਦਾ ਹੈ। ਮਲਾਈ ਸਰੀਰ ਦੀਆਂ ਕਈ ਬੀਮਾਰੀਆਂ ਨੂੰ ਦੂਰ ਰੱਖਣ 'ਚ ਮਦਦ ਕਰਦੀ ਹੈ ਸਰੀਰ ਲਈ ਜਿੰਨੀ ਫਾਇਦੇਮੰਦ ਦੁੱਧ ਦੀ ਵਰਤੋਂ ਹੁੰਦੀ ਹੈ ਉਂਨੀ ਹੀ ਫਾਇਦੇਮੰਦ ਸਰੀਰ ਲਈ ਮਲਾਈ ਵੀ ਹੁੰਦੀ ਹੈ। ਮਲਾਈ 'ਚ ਭਰਪੂਰ ਮਾਤਰਾ 'ਚ ਫਾਈਬਰ, ਪ੍ਰੋਟੀਨ ਅਤੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ ਜੋ ਸਾਨੂੰ ਕਈ ਤਰ੍ਹਾਂ ਦੇ ਫਾਇਦੇ ਦਿੰਦੇ ਹਨ। ਅੱਜ ਅਸੀਂ ਤੁਹਾਨੂੰ ਮਲਾਈ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ...

**ਭਾਰ ਘੱਟ ਕਰੇ** ਮਲਾਈ 'ਚ ਫੈਟੀ ਐਸਿਡ ਹੁੰਦੇ ਹਨ ਜੋ ਸਰੀਰ ਦੀ ਫੈਟ ਨੂੰ ਬਰਨ ਕਰਦੇ ਹਨ ਅਤੇ ਵਜ਼ਨ ਘੱਟ ਕਰਨ 'ਚ ਮਦਦ ਕਰਦੇ ਹਨ। ਇਸ ਲਈ ਰੋਜ਼ਾਨਾ ਦੋ ਚੱਮਚ ਮਲਾਈ ਦੀ ਵਰਤੋਂ ਜ਼ਰੂਰ ਕਰੋ। ਜਿਹੜੇ ਲੋਕ ਮੋਟਾਪੇ ਦੀ ਸਮੱਸਿਆ ਤੋਂ ਪ੍ਰੇਸ਼ਾਨ ਰਹਿੰਦੇ ਹਨ ਉਨ੍ਹਾਂ ਨੂੰ ਮਲਾਈ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। **ਦਿਲ ਨੂੰ ਸਿਹਤਮੰਦ ਰੱਖੇ**

ਇਸ 'ਚ ਸੈਚੁਰੇਟੇਡ ਫੈਟ ਹੁੰਦੀ ਹੈ ਜਿਸ ਨਾਲ ਕੋਲੈਸਟਰੋਲ ਘੱਟ ਹੁੰਦਾ ਹੈ ਜੋ ਦਿਲ ਸੰਬੰਧੀ ਸਮੱਸਿਆਵਾਂ ਤੋਂ ਬਚਾਉਂਦੇ ਹਨ। ਇਸ ਲਈ ਜਿਨ੍ਹਾਂ ਲੋਕਾਂ ਨੂੰ ਹਾਰਟ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ ਉਨ੍ਹਾਂ ਲਈ ਇਹ ਬਹੁਤ ਹੀ ਫਾਇਦੇਮੰਦ ਹੁੰਦੀ ਹੈ।

**ਅੱਖਾਂ ਦੀ ਰੋਸ਼ਨੀ ਵਧਾਏ**

ਮਲਾਈ 'ਚ ਵਿਟਾਮਿਨ 'ਏ' ਹੁੰਦਾ ਹੈ ਜੋ ਅੱਖਾਂ ਦੀ ਰੋਸ਼ਨੀ ਠੀਕ ਰੱਖਣ 'ਚ ਮਦਦ ਕਰਦੇ ਹਨ। ਇਸ ਲਈ ਰੋਜ਼ਾਨਾ ਮਲਾਈ ਦੀ ਵਰਤੋਂ ਜ਼ਰੂਰ ਕਰੋ। ਬੱਚਿਆਂ ਨੂੰ ਤਾਂ ਰੋਜ਼ਾਨਾ ਮਲਾਈ ਦੀ ਵਰਤੋਂ ਕਰਵਾਉਣੀ ਚਾਹੀਦੀ ਹੈ।

**ਪਾਚਨ ਤੰਤਰ ਨੂੰ ਮਜ਼ਬੂਤ ਕਰੇ**

ਮਲਾਈ ਖਾਣ ਨਾਲ ਪਾਚਨ ਤੰਤਰ ਠੀਕ ਰਹਿੰਦਾ ਹੈ ਅਤੇ ਭੋਜਨ ਵੀ ਆਸਾਨੀ ਨਾਲ ਪਚ ਜਾਂਦਾ ਹੈ। ਇਸ ਨਾਲ ਪੇਟ ਦੀਆਂ ਹੋਰ ਸਮੱਸਿਆਵਾਂ ਜਿਵੇਂ ਕਬਜ਼, ਐਸੀਡਿਟੀ ਅਤੇ ਅਪਚ ਵਰਗੀਆਂ ਸਮੱਸਿਆਵਾਂ ਵੀ ਦੂਰ ਰਹਿੰਦੀਆਂ ਹਨ।

**ਅਲਸਰ ਤੋਂ ਬਚਾਏ**

ਮਲਾਈ 'ਚ ਐਂਟੀ ਇੰਫਲੀਮੇਟਰੀ ਗੁਣ ਹੁੰਦੇ ਹਨ ਜੋ ਅਲਸਰ ਤੋਂ ਬਚਾਉਣ 'ਚ ਮਦਦ ਕਰਦੇ ਹਨ। ਇਸ ਲਈ ਇਸ ਦੀ ਵਰਤੋਂ ਕਰਨਾ ਫਾਇਦੇਮੰਦ ਹੁੰਦਾ ਹੈ।

**ਬਲੱਡ ਪ੍ਰੈਸ਼ਰ ਕੰਟਰੋਲ ਕਰੇ**

ਮਲਾਈ 'ਚ ਪੋਟਾਸ਼ੀਅਮ ਹੁੰਦਾ ਹੈ ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਸ ਲਈ ਜਿਨ੍ਹਾਂ ਲੋਕਾਂ ਨੂੰ ਬਲੱਡ ਪ੍ਰੈਸ਼ਰ ਦੀ ਸਮੱਸਿਆ ਰਹਿੰਦੀ ਹੈ ਉਨ੍ਹਾਂ ਨੂੰ ਰੋਜ਼ਾਨਾ ਮਲਾਈ ਦੀ ਵਰਤੋਂ ਕਰਨੀ ਚਾਹੀਦੀ ਹੈ।

# ਗਰਭ ਅਵਸਥਾ 'ਚ ਪੀਓਗੇ ਇਹ ਜੂਸ ਤਾਂ ਸਰੀਰ ਨੂੰ ਹੋਣਗੇ ਕਈ ਫਾਇਦੇ

ਚੁਕੰਦਰ ਦੀ ਵਰਤੋਂ ਹੈਲਥ ਅਤੇ ਸਕਿਨ ਦੋਹਾਂ ਲਈ ਬਹੁਤ ਹੀ ਫਾਇਦੇਮੰਦ ਹੁੰਦੀ ਹੈ। ਇਸ 'ਚ ਮੌਜੂਦ ਪੋਸ਼ਕ ਤੱਤ ਸਰੀਰ 'ਚ ਖ਼ੂਨ ਦੀ ਕਮੀ ਨਹੀਂ ਹੋਣ ਦਿੰਦੇ। ਜ਼ਿਆਦਾਤਰ ਲੋਕ ਚੁਕੰਦਰ ਦਾ ਸਲਾਦ ਬਣਾ ਕੇ ਜਾਂ ਜੂਸ ਬਣਾ ਕੇ ਪੀਂਦੇ ਹਨ। ਗਰਭ ਅਵਸਥਾ 'ਚ ਚੁਕੰਦਰ ਦੀ ਵਰਤੋਂ ਕਰਨਾ ਫਾਇਦੇਮੰਦ ਹੁੰਦਾ ਹੈ। ਚੁਕੰਦਰ ਦਾ ਜੂਸ ਪੀਣ ਜਾਂ ਉਂਝ ਹੀ ਇਸ ਨੂੰ ਖਾਣ ਨਾਲ ਸਰੀਰ ਨੂੰ ਤੁਰੰਤ ਐਨਰਜੀ ਮਿਲਦੀ ਹੈ। ਇਸ ਤੋਂ ਇਲਾਵਾ ਵੀ ਗਰਭ ਅਵਸਥਾ 'ਚ ਚੁਕੰਦਰ ਦੀ ਵਰਤੋਂ ਕਰਨ ਨਾਲ ਕਈ ਫਾਇਦੇ ਹੁੰਦੇ ਹਨ। ਅੱਜ ਅਸੀਂ ਤੁਹਾਨੂੰ ਉਨ੍ਹਾਂ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਜਦੋਂ ਇਕ ਔਰਤ ਮਾਂ ਬਣਨ ਵਾਲੀ ਹੁੰਦੀ ਹੈ ਤਾਂ ਉਸ ਦੇ ਸਰੀਰ ਨੂੰ ਪਹਿਲਾਂ ਦੀ ਤੁਲਨਾ 'ਚ ਜ਼ਿਆਦਾ ਮਾਤਰਾ 'ਚ ਫਾਲਿਕ ਐਸਿਡ ਦੀ ਜ਼ਰੂਰਤ ਹੁੰਦੀ ਹੈ। ਇਸ ਦੀ ਕਮੀ ਹੋਣ 'ਤੇ ਬੱਚੇ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਵੀ ਪੂਰਨ ਰੂਪ ਨਾਲ ਨਹੀਂ ਹੋ ਪਾਉਂਦਾ।

# ਸਾਵਧਾਨ! ਮਿੱਠੇ ਨਾਲ ਨਹੀਂ ਸਗੋਂ ਇਨ੍ਹਾਂ ਕਾਰਨਾਂ ਕਰਕੇ ਵੱਧ ਸਕਦੀ ਹੈ ਸ਼ੂਗਰ ਦੀ ਸਮੱਸਿਆ

ਅੱਜ ਦੀ ਜੀਵਨ ਸ਼ੈਲੀ ਕਾਰਨ ਲੋਕਾਂ ਦੇ ਰੋਜ਼ਾਨਾ ਦੇ ਕੰਮਾਂ ਵਿੱਚ ਕਈ ਤਰ੍ਹਾਂ ਦੇ ਬਦਲਾਅ ਆ ਗਏ ਹਨ। ਅਜਿਹੀ ਸਥਿਤੀ @ਚ ਲੋਕ ਆਪਣੀ ਸਿਹਤ ਦਾ ਧਿਆਨ ਨਹੀਂ ਰੱਖ ਰਹੇ, ਜਿਸ ਕਾਰਨ ਉਹ ਸ਼ੂਗਰ ਦੀ ਸਮੱਸਿਆ ਤੋਂ ਪੀੜਤ ਹੋ ਰਹੇ ਹਨ। ਸ਼ੂਗਰ ਦੀ ਬੀਮਾਰੀ ਦੀ ਲਪੇਟ ਵਿੱਚ ਆਉਣ ਦਾ ਮੁੱਖ ਕਾਰਨ ਜ਼ਿਆਦਾ ਮਿੱਠੇ ਦਾ ਸੇਵਨ ਕਰਨ ਦੇ ਨਾਲ-ਨਾਲ ਆਪਣੇ ਖਾਣ-ਪੀਣ ਪ੍ਰਤੀ ਲਾਪਰਵਾਹੀ ਵਰਤਣਾ ਹੈ। ਕੰਮ 'ਚ ਵਿਅਸਥ ਰਹਿਣ ਕਾਰਨ ਲੋਕ ਗ਼ਲਤ ਸਮੇਂ ਜਾਂ ਗ਼ਲਤ ਭੋਜਨ ਖਾਣਾ ਸ਼ੁਰੂ ਕਰ ਦਿੰਦੇ ਹਨ, ਜਿਸ ਨਾਲ ਖ਼ੂਨ 'ਚ ਸ਼ੂਗਰ ਦਾ ਪੱਧਰ ਵਧਣ ਲੱਗਦਾ ਹੈ। ਇਸੇ ਕਾਰਨ ਲੋਕ ਸ਼ੂਗਰ ਦੀ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ। ਸ਼ੂਗਰ ਸਿਰਫ਼ ਮਿੱਠੇ ਦੇ ਨਾਲ ਹੀ ਨਹੀਂ ਸਗੋਂ ਕਈ ਹੋਰ ਕਾਰਨ ਕਰਕੇ ਵੀ ਹੁੰਦੀ ਹੈ, ਜਿਵੇਂ....

ਬਹੁਤ ਸਾਰੇ ਲੋਕ ਅਜਿਹੇ ਹਨ, ਜੋ ਰਾਤ ਨੂੰ ਦੇਰੀ ਨਾਲ ਭੋਜਨ ਕਰਦੇ ਹਨ ਅਤੇ ਨਾਲ ਹੀ ਸੌਂ ਜਾਂਦੇ ਹਨ। ਅਜਿਹਾ ਕਰਨ ਨਾਲ ਲੋਕਾਂ ਦਾ ਭਾਰ ਵਧਣ ਲੱਗਦਾ ਹੈ ਅਤੇ ਸਰੀਰ ਵਿੱਚ ਬਲੱਡ ਸ਼ੂਗਰ ਦਾ ਪੱਧਰ ਵਿਗੜ ਜਾਂਦਾ ਹੈ। ਇਸੇ ਕਾਰਨ ਲੋਕ ਸ਼ੂਗਰ ਦੀ ਬੀਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ।

**ਯੋਗਾ, ਸੈਰ, ਕਸਰਤ ਨਾ ਕਰਨੀ** ਰੋਜ਼ਾਨਾ ਯੋਗਾ, ਸੈਰ, ਕਸਰਤ ਨਾ ਕਰਨ ਨਾਲ ਵੀ ਸਰੀਰ ਬਿਹਤਰ ਢੰਗ ਨਾਲ ਕੰਮ ਨਹੀਂ ਕਰਦਾ। ਇਕ ਜਗ੍ਹਾ 'ਤੇ ਕਈ ਘੰਟਿਆਂਬੱਧੀ ਬੈਠਣ ਨਾਲ ਸਰੀਰ ਦਾ ਸੰਤੁਲਨ ਵਿਗੜਨਾ ਸ਼ੁਰੂ ਹੋ ਜਾਂਦਾ ਹੈ। ਇਸ ਕਾਰਨ ਲੋਕਾਂ 'ਚ ਸ਼ੂਗਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ।

**ਸਹੀ ਮਾਤਰਾ 'ਚ ਪਾਣੀ ਨਾ ਪੀਣਾ** ਬਹੁਚ ਸਾਰੇ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਪਾਣੀ ਨਾ ਪੀਣ ਦੀ ਆਦਤ ਹੁੰਦੀ ਹੈ। ਅਜਿਹੇ 'ਚ ਸਰੀਰ ਨੂੰ ਪਾਣੀ ਦੀ ਸਹੀ ਮਾਤਰਾ ਨਾ ਮਿਲਣ ਕਾਰਨ ਸਰੀਰ ਠੀਕ ਤਰੀਕੇ ਨਾਲ ਹਾਈਡ੍ਰੇਟ ਨਹੀਂ ਕਰ ਪਾਉਂਦਾ

# ਸਵੇਰੇ ਨੰਗੇ ਪੈਰ ਘਾਹ 'ਤੇ ਚਲਣ ਨਾਲ ਸਰੀਰ ਨੂੰ ਹੁੰਦੇ ਹਨ ਕਈ ਫਾਇਦੇ

ਅੱਜਕਲ ਦੇ ਸਮੇਂ 'ਚ ਬਿਜੀ ਸ਼ੈਡਿਊਲ ਜਾਂ ਗਲਤ ਖਾਣ-ਪੀਣ ਕਾਰਨ ਲੋਕ ਕਿਸੇ ਨਾ ਕਿਸੇ ਬੀਮਾਰੀ ਨਾਲ ਗ੍ਰਸਤ ਹਨ। ਡਾਕਟਰ ਬੀਮਾਰੀਆਂ ਤੋਂ ਬਚਣ ਲਈ ਸਵੇਰੇ ਸੈਰ ਕਰਨ ਜਾਂ ਘਾਹ 'ਤੇ ਚਲਣ ਦੀ ਸਲਾਹ ਦਿੰਦੇ ਹਨ ਮਤਲੱਬ ਕੁਦਰਤ ਦੇ ਜਰੀਏ ਤੁਸੀਂ ਬਹੁਤ ਸਾਰੀਆਂ ਬੀਮਾਰੀਆਂ ਨੂੰ ਦੂਰ ਕਰ ਸਕਦੇ ਹੋ। ਅੱਜ ਵਿਸ਼ਵ ਵਾਤਾਵਰਣ ਦਿਵਸ ਹੈ ਪਰ ਸ਼ਾਇਦ ਹੀ ਕੋਈ ਕੁਦਰਤ ਨਾਲ ਜੁੜੇ ਫਾਇਦੇ ਜਾਣਦਾ ਹੋਵੇਗਾ। ਜ਼ਿੰਦਗੀ ਨੂੰ ਤਣਾਅਮੁਕਤ, ਸਿਹਤਮੰਦ ਅਤੇ ਖੁਸ਼ਨੁਮਾ ਬਣਾਉਣ ਲਈ ਸੈਰ ਕਰਨਾ ,ਤਾਜ਼ੀ ਹਵਾ ਲੈਣਾ ਅਤੇ ਘਾਹ 'ਤੇ ਨੰਗੇ ਪੈਰ ਚਲਣਾ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਅੱਜ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਅਸੀਂ ਤੁਹਾਨੂੰ ਘਾਹ 'ਤੇ ਨੰਗੇ ਪੈਰ ਚਲਣ ਨਾਲ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ...

**1. ਡਾਇਬਿਟੀਜ਼**

ਡਾਇਬਿਟੀਜ਼ ਰੋਗੀਆਂ ਨੂੰ ਅਕਸਰ ਪੈਰਾਂ ਅਤੇ ਗੋਡਿਆਂ 'ਚ ਦਰਦ ਰਹਿੰਦਾ ਹੈ। ਅਜਿਹੇ 'ਚ ਘਾਹ 'ਤੇ ਚਲਣਾ ਤੁਹਾਡੇ ਲਈ ਕਾਫੀ ਫਾਇਦੇਮੰਦ ਹੋ ਸਕਦਾ ਹੈ। ਰੋਜ਼ਾਨਾ ਘਾਹ 'ਤੇ ਚਲਣ ਨਾਲ ਪੈਰਾਂ ਦੀਆਂ ਤਲੀਆਂ 'ਚ ਖ਼ੂਨ ਦਾ ਪ੍ਰਵਾਹ ਸਹੀ ਤਰੀਕਿਆਂ ਨਾਲ ਹੁੰਦਾ ਹੈ। ਇਸ ਨਾਲ ਬਲੱਡ ਸ਼ੂਗਰ ਵੀ ਕੰਟਰੋਲ 'ਚ ਰਹਿੰਦੀ ਹੈ।

**2. ਦਿਲ ਦੀ ਬੀਮਾਰੀ**

ਨਿਯਮਿਤ ਰੂਪ 'ਚ ਘਾਹ 'ਤੇ ਨੰਗੇ ਪੈਰ ਚਲਣ ਨਾਲ ਸਰੀਰ 'ਚ ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ, ਜੋ ਕਿ ਤੁਹਾਨੂੰ ਦਿਲ ਦੀਆਂ ਬੀਮਾਰੀਆਂ ਤੋਂ ਦੂਰ ਰੱਖਣ 'ਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਖ਼ੂਨ ਪਤਲਾ ਹੁੰਦਾ ਹੈ, ਜੋ ਕਿ ਕੋਸ਼ੀਕਾਵਾਂ ਤੱਕ ਆਸਾਨੀ ਨਾਲ ਪਹੁੰਚ ਜਾਂਦਾ ਹੈ।

**3. ਮਜ਼ਬੂਤ ਹੱਡੀਆਂ**

ਸਿਰਫ ਵਧਦੀ ਉਮਰ ਹੀ ਨਹੀਂ, ਅੱਜਕਲ ਦੀ ਖਰਾਬ ਡਾਈਟ ਕਾਰਨ ਵੀ ਲੋਕਾਂ ਦੀਆਂ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਅਜਿਹੇ 'ਚ ਘਾਹ 'ਤੇ ਚਲਣਾ ਤੁਹਾਡੇ ਲਈ ਫਾਇਦੇਮੰਦ ਹੋਵੇਗਾ। ਨੰਗੇ ਪੈਰ ਘਾਹ 'ਤੇ ਚਲਣ ਨਾਲ ਵੀ ਹੱਡੀਆਂ 'ਚ ਕੈਲਸ਼ੀਅਮ ਵਧਦਾ ਹੈ, ਜਿਸ ਨਾਲ ਉਨ੍ਹਾਂ ਨੂੰ ਮਜ਼ਬੂਤੀ ਮਿਲਦੀ ਹੈ।

# ਆਓ !ਮਾਂ ਬੋਲੀ ਦੇ ਵਾਰਸ ਬਣੀਏ

ਬਰਜਿੰਦਰ ਕੌਰ ਬਿਸਰਾਓ...
9988901324

ਪੰਜਾਬੀ ਮਾਹ ਮਨਾਉਣ ਦੇ ਨਾਲ ਨਾਲ ਮਾਂ ਬੋਲੀ ਦੀ ਸੰਭਾਲ਼ ਲਈ ਵੀ ਹੋਕਿਆਂ ਦੀ ਅਵਾਜ਼ ਉੱਚੀ ਹੋ ਜਾਂਦੀ ਹੈ। ਸਮੇਂ ਦੀ ਲੋੜ ਨੂੰ ਵੇਖਦਿਆਂ ਇਸ ਗੱਲ ਦੀ ਜ਼ਰੂਰਤ ਵੀ ਬਹੁਤ ਹੈ। ਸਮੇਂ ਦੀ ਪ੍ਰਮੁੱਖਤਾ ਕਾਰਨ ਹੋਰ ਭਾਸ਼ਾਵਾਂ ਦਾ ਬੱਚਿਆਂ ਉੱਪਰ ਵੱਧ ਪ੍ਰਭਾਵ ਪੈਣ ਕਾਰਨ ਅਤੇ ਧਰੁਵੀਕਰਨ ਹੋਣ ਦੇ ਕਾਰਨ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਮਾਂ ਬੋਲੀ ਨਾਲ਼ੋਂ ਸਾਂਝ ਟੁੱਟਦੀ ਜਾ ਰਹੀ ਹੈ। ਮਾਂ ਬੋਲੀ ਨਾਲ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜੋੜੀ ਰੱਖਣ ਲਈ ਮਾਂ ਬੋਲੀ ਦੀ ਸੰਭਾਲ ਲਈ ਬਹੁਤ ਉਪਰਾਲੇ ਕਰਨੇ ਪੈਣਗੇ। ਮਾਂ ਬੋਲੀ ਮਨੁੱਖੀ ਸੱਭਿਅਤਾ ਦੀ ਉਹ ਪੂੰਜੀ ਹੁੰਦੀ ਹੈ ਜੋ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ ਅਤੇ ਆਪਣੇ ਭਾਈਚਾਰੇ ਨਾਲ ਜੋੜਦੀ ਹੈ। ਇਸ ਰਾਹੀਂ ਹੀ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਅਤੇ ਸਿਆਣਪ ਉਜਾਗਰ ਹੁੰਦੀ ਹੈ। ਮਾਂ ਬੋਲੀ ਉਹ ਬੋਲੀ ਹੁੰਦੀ ਹੈ ਜੋ ਬਚਪਨ ਵਿੱਚ ਆਪਣੇ ਮਾਪਿਆਂ ਤੋਂ ਸਿੱਖੀ ਜਾਂਦੀ ਹੈ,ਇਹ ਲੋਰੀਆਂ ਸੁਣ ਸੁਣ ਕੇ ਪਲੀ ਹੋਈ ਬੋਲੀ ਹੁੰਦੀ ਹੈ ਅਤੇ ਖੁੱਲ੍ਹ ਕੇ ਬੋਲੀ ਜਾਂਦੀ ਹੈ। ਇਹ ਵਿਅਕਤੀ ਦੇ ਜਜ਼ਬਾਤਾਂ ਅਤੇ ਭਾਵਾਂ ਦੀ ਬੋਲੀ ਹੁੰਦੀ ਹੈ। ਇਸ ਰਾਹੀਂ ਮਨੁੱਖ ਦੀ ਬੁੱਧੀ ਦਾ ਵਿਕਾਸ ਹੁੰਦਾ ਹੈ। ਇਸ ਰਾਹੀਂ ਵਿਅਕਤੀ ਹਰ ਔਖ਼ੇ ਤੋਂ ਔਖ਼ੇ ਵਿਸ਼ੇ ਨੂੰ ਸਹਿਜਤਾ ਨਾਲ ਸਮਝ ਸਕਦਾ ਹੈ। ਕਿਹਾ ਜਾਂਦਾ ਹੈ ਕਿ ਚੀਨ ਦੇ ਲੋਕਾਂ ਦੇ ਬੌਧਿਕ ਵਿਕਾਸ ਨਾਲ ਜੁੜੇ ਵਿਸ਼ਿਆਂ ਨੂੰ ਉਹਨਾਂ ਦੀ ਮਾਂ ਬੋਲੀ ਰਾਹੀਂ ਉਹਨਾਂ ਨੂੰ ਸਮਝਾਇਆ ਜਾਂਦਾ ਹੈ ਸ਼ਾਇਦ ਦੁਨੀਆ ਦੀ ਇੱਕ ਵੱਡੀ ਤਾਕਤ ਹੋਣ ਦਾ ਇਹ ਵੀ ਇੱਕ ਕਾਰਨ ਰਿਹਾ ਹੋਵੇਗਾ।

ਕਿਸੇ ਵੀ ਕੌਮ ਦੀ ਹੋਂਦ ਦੀਆਂ ਜੜ੍ਹਾਂ ਮਾਂ ਬੋਲੀ ਨਾਲ ਜੁੜੀਆਂ ਹੁੰਦੀਆਂ ਹਨ। ਮਾਂ ਬੋਲੀ ਨੂੰ ਵਿਸਾਰ ਦੇਣ ਦਾ ਸਿੱਧਾ ਮਤਲਬ ਜੜ੍ਹਾਂ ਨਾਲੋਂ ਟੁੱਟਣਾ ਹੁੰਦਾ ਹੈ। ਸਾਡੀ ਮਾਂ ਬੋਲੀ ਪੰਜਾਬੀ ਦਾ ਇਤਿਹਾਸ ਜੇ ਦੇਖਿਆ ਜਾਵੇ ਤਾਂ ਇਹ ਪੰਜਾਬ ਦੀ ਭਾਸ਼ਾ, ਜਿਸ ਨੂੰ ਪੰਜਾਬ ਵਿੱਚ ਰਹਿੰਦੇ ਲੋਕ ਬੋਲਦੇ ਹਨ, ਇਹ ਪੰਜਾਬੀਆਂ ਦੀ ਮਾਂ ਬੋਲੀ ਹੈ। ਇਸ ਦੇ ਦੋ ਰੂਪ ਸ਼ਾਹਮੁਖੀ ਅਤੇ ਗੁਰਮੁਖੀ ਹਨ। ਗੁਰਮੁਖੀ ਲਿਪੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਗਈ ਹੈ ਅਤੇ ਇਹ ਪੂਰਬੀ ਪੰਜਾਬ ਦੇ ਲੋਕਾਂ ਦੀ ਬੋਲੀ ਹੈ। ਸ਼ਾਹਮੁਖੀ ਲਹਿੰਦੇ ਪੰਜਾਬ ਵਿੱਚ ਬੋਲੀ ਜਾਂਦੀ ਹੈ। ਪੰਜਾਬੀ ਪਾਕਿਸਤਾਨ ਵਿੱਚ ਇਹ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ। ਪੰਜਾਬੀ ਭਾਸ਼ਾ ਪੂਰੇ ਸੰਸਾਰ ਵਿੱਚ 14 ਕਰੋੜ ਲੋਕ ਬੋਲਦੇ ਹਨ ਜਿਸ ਵਿੱਚੋਂ ਲਗਭਗ 10 ਕਰੋੜ ਲੋਕ ਪਾਕਿਸਤਾਨ ਵਿੱਚ ਅਤੇ ਤਿੰਨ ਕਰੋੜ ਭਾਰਤ ਵਿੱਚ ਬੋਲਦੇ ਹਨ। ਲਗਭਗ ਇੱਕ ਕਰੋੜ ਲੋਕ ਦੁਨੀਆ ਭਰ ਦੇ ਬਾਕੀ ਦੇਸ਼ਾਂ ਵਿੱਚ ਬੋਲਦੇ ਹਨ।

ਮਾਂ ਬੋਲੀ ਨੂੰ ਸਾਡੇ ਆਪਣੇ ਲੋਕ ਕਿੰਨਾ ਕੁ ਮਾਣ-ਸਤਿਕਾਰ ਦੇ ਰਹੇ ਹਨ ?ਅੱਜ ਮੈਂ ਆਪਣੇ ਨਿੱਜੀ ਤਜਰਬਿਆਂ ਦੇ ਆਧਾਰ ਤੇ ਕੁਝ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦੀ ਹਾਂ। ਜੇ ਆਪਾਂ ਬੱਚੇ ਦੇ ਜਨਮ ਵੇਲੇ ਤੋਂ ਦੇਖੀਏ ਤਾਂ ਉਸ ਨੂੰ ਮਾਂ ਬੋਲੀ ਦੀ ਕਿੰਨੀ ਕੁ ਗੁੜ੍ਹਤੀ ਦਿੱਤੀ ਜਾ ਰਹੀ ਹੈ ? ਬੱਚਾ ਜਿਵੇਂ ਹੀ ਸੁਰਤ ਸੰਭਾਲਦਾ ਹੈ ਉਸ ਨੂੰ ਘਰ ਵਿੱਚ ਸਾਰੀਆਂ ਬੋਲੀਆਂ ਦੇ ਮਿਸ਼ਰਣ ਦਾ ਘੁੱਟ ਘੁੱਟ ਪਿਲਾ ਕੇ ਵੱਡਾ ਕੀਤਾ ਜਾਂਦਾ ਹੈ। ਬੱਚਾ ਕੁਦਰਤੀ ਤੌਰ ਤੇ ਮਾਂ ਬੋਲਣਾ ਸਿੱਖ ਰਿਹਾ ਹੁੰਦਾ ਹੈ ਪਰ ਵੱਡੇ ਉਸ ਨੂੰ @ਮੌਮ@ ਬੋਲਣ ਲਈ ਮਜ਼ਬੂਰ ਕਰਦੇ ਹਨ। ਦਾਦੇ ਨੂੰ ਦਾਦਾ ਕਹਿਣ ਦੀ ਥਾਂ @ਗਰੈਂਡ ਪਾ@,ਇਸੇ ਤਰ੍ਹਾਂ ਤਾਈਆਂ, ਚਾਚੀਆਂ, ਮਾਸੀਆਂ, ਮਾਮੀਆਂ ਦੀ ਜਗ੍ਹਾ ਅੰਗਰੇਜ਼ੀ ਦੇ ਸਿਰਫ਼ ਇੱਕ ਸ਼ਬਦ ਆਂਟੀ ਨੇ ਲੈ ਲਈ ਹੈ। ਜਦ ਕਿ ਬੱਚੇ ਦਾ ਉਹ ਸਮਾਂ ਬਹੁਤ ਮਾਸੂਮੀਅਤ ਦਾ ਹੁੰਦਾ ਹੈ। ਉਸ ਨੂੰ ਹਰ ਰਿਸ਼ਤੇ ਨੂੰ ਸਮਝਣ ਦੀ ਲੋੜ ਹੁੰਦੀ ਹੈ। ਰਿਸ਼ਤਿਆਂ ਦਾ ਨਿੱਘ ਮਾਨਣ ਲਈ ਮਾਂ ਬੋਲੀ ਵਿੱਚ ਸਾਰੇ ਰਿਸ਼ਤਿਆਂ ਦੀ ਪਹਿਚਾਣ ਕਰਵਾਉਣਾ ਇੱਕ ਸੂਝ ਵਾਲਾ ਕਦਮ ਸਾਬਿਤ ਹੋ ਸਕਦਾ ਹੈ। ਇਸੇ ਤਰ੍ਹਾਂ ਖਾਣ-ਪੀਣ ਦੇ ਸਮਾਨ,ਸਰੀਰ ਦੇ ਅੰਗਾਂ ਦੇ ਨਾਂ, ਫ਼ਲਾਂ ਸਬਜ਼ੀਆਂ ਦੇ ਨਾਂ ਅੰਗਰੇਜ਼ੀ ਵਿੱਚ ਸਿਖਾਏ ਜਾਂਦੇ ਹਨ। ਬਹੁਤੇ ਸੱਭਿਅਕ ਬਣਨ ਦੇ ਵਿਖਾਵੇ ਵਿੱਚ ਬੱਚਿਆਂ ਨਾਲ ਹਿੰਦੀ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪਣੇ ਬੱਚਿਆਂ ਨੂੰ ਮਿਸ਼ਰੀ ਵਰਗੀ ਮਿੱਠੀ ਮਾਂ ਬੋਲੀ ਨਾਲੋਂ ਤੋੜਕੇ ਅਸੀਂ ਇਹ ਕਿਹੜਾ ਜ਼ਹਿਰ ਦਾ ਘੁੱਟ ਪਿਆ ਰਹੇ ਹਾਂ ?ਕੀ ਅਸੀਂ ਆਪਣੇ ਆਪ ਨੂੰ ਜਵਾਬ ਦੇਹ ਹਾਂ ?ਇਸ ਦਾ ਹੱਲ ਘਰਾਂ ਵਿੱਚ ਹੀ ਲੱਭਣਾ ਪਵੇਗਾ। ਜ਼ਿੰਦਗੀ ਦੇ ਹਰ ਖੇਤਰ ਦੇ ਛੋਟੇ ਤੋਂ ਛੋਟੇ ਹਿੱਸੇ ਦੀ ਮਾਂ ਬੋਲੀ ਵਿੱਚ ਪਹਿਚਾਣ ਕਰਵਾਉਣ ਨਾਲ ਅਸੀਂ ਬੱਚਿਆਂ ਨੂੰ ਇਸ ਦੀਆਂ ਜੜ੍ਹਾਂ ਨਾਲ ਜੋੜ ਸਕਦੇ ਹਾਂ।

ਬੱਚਾ ਘਰੇਲੂ ਵਾਤਾਵਰਨ ਵਿਚੋਂ ਨਿਕਲਕੇ ਸਕੂਲ ਜਾਂਦਾ ਹੈ। ਹਰ ਮਾਂ-ਬਾਪ ਇਹ ਚਾਹੁੰਦਾ ਹੈ ਕਿ ਸਾਡਾ ਬੱਚਾ ਵਧੀਆ ਤੋਂ ਵਧੀਆ ਸਕੂਲ ਵਿੱਚ ਪੜ੍ਹੇ ਤੇ ਕੁਝ ਵੱਖਰਾ ਸਿੱਖ ਕੇ ਆਵੇ। ਬਹੁਤੇ ਮਾਪੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਦਾਖਲ ਕਰਵਾਉਂਦੇ ਹਨ ਜਿੱਥੇ ਅੰਗਰੇਜ਼ੀ ਬੋਲਣੀ ਜ਼ਰੂਰੀ ਹੁੰਦੀ ਹੈ। ਉਹਨਾਂ ਸਕੂਲਾਂ ਵਿੱਚ ਪੰਜਾਬੀ ਬੋਲਣ ਵਾਲੇ ਬੱਚਿਆਂ ਦਾ ਮਜ਼ਾਕ ਉਡਾਇਆ ਜਾਂਦਾ ਹੈ, ਸਜ਼ਾ ਦਿੱਤੀ ਜਾਂਦੀ ਹੈ ਅਤੇ ਜੁਰਮਾਨਾ ਲਗਾਇਆ ਜਾਂਦਾ ਹੈ। ਚਾਹੇ ਸਰਕਾਰ ਵੱਲੋਂ ਮੈਟ੍ਰਿਕ ਤੱਕ ਪੰਜਾਬੀ ਇੱਕ ਲਾਜ਼ਮੀ ਪਾਸ ਕਰਨ ਵਾਲਾ ਵਿਸ਼ਾ ਬਣਾਇਆ ਗਿਆ ਹੈ, ਸਮੇਂ ਸਮੇਂ ਤੇ ਪੰਜਾਬੀ ਲਈ ਮੁਕਾਬਲੇ ਕਰਵਾਉਣ ਦੇ ਆਦੇਸ਼ ਜਾਰੀ ਕੀਤੇ ਜਾਂਦੇ ਹਨ ਪਰ ਮੇਰੇ ਹਿਸਾਬ ਨਾਲ ਉਹ ਇੱਕ ਖ਼ਾਨਾਪੂਰਤੀ ਵੱਧ ਅਤੇ ਕੋਸ਼ਿਸ਼ਾਂ ਘੱਟ ਕੀਤੀਆਂ ਜਾਂਦੀਆਂ ਹਨ। ਪ੍ਰੰਤੂ ਜਿੱਥੇ ਇਹੋ ਜਿਹੇ ਕਾਰਜ ਨੂੰ ਇਮਾਨਦਾਰੀ ਨਾਲ ਨਿਭਾਇਆ ਜਾਂਦਾ ਹੈ ਉੱਥੇ ਇਸ ਦੇ ਨਤੀਜੇ ਭਰਪੂਰ ਸ਼ਲਾਘਾਯੋਗ ਨਜ਼ਰ ਆਉਂਦੇ ਹਨ। ਮਾਪੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਬੋਲਦਾ ਦੇਖ ਕੇ ਬੜੇ ਖੁਸ਼ ਹੁੰਦੇ ਹਨ ਅਤੇ ਬੜੇ ਮਾਣ ਨਾਲ ਆਪਣੇ ਆਂਢੀਆਂ-ਗੁਆਂਢੀਆਂ ਅਤੇ ਰਿਸ਼ਤੇਦਾਰਾਂ ਨੂੰ ਹੁੱਬ ਹੁੱਬ ਕੇ ਆਪਣੇ ਬੱਚੇ ਦੀ ਕਾਬਲੀਅਤ ਤੇ ਚਾਨਣਾ ਪਾਉਂਦੇ ਹਨ। ਮੇਰੇ ਗੁਆਂਢ ਵਿੱਚ ਵੀ ਬਹੁਤੇ ਪਰਿਵਾਰ ਜੋ ਬਹੁਤ ਸੋਹਣੀ ਪੰਜਾਬੀ ਬੋਲਦੇ ਹਨ ਪਰ ਆਪਣੇ ਬੱਚਿਆਂ ਦੇ ਨਾਲ ਹਿੰਦੀ ਵਿੱਚ ਗੱਲ ਕਰਨਾ ਬੜੀ ਸ਼ਾਨ ਅਤੇ ਤਹਿਜ਼ੀਬ ਸਮਝਦੇ ਹਨ। ਸਾਡੇ ਗਲ਼ੀਆਂ ਮੁਹੱਲਿਆਂ ਵਿੱਚ ਲੱਗੇ ਪੋਸਟਰਾਂ ਤੇ ਅਸ਼ੁੱਧ ਪੰਜਾਬੀ ਆਮ ਹੀ ਲਿਖੀ ਦੇਖੀ ਜਾ ਸਕਦੀ ਹੈ। ਕਈ ਵਾਰ ਤਾਂ ਚੰਗੇ ਚੰਗੇ ਪੰਜਾਬੀ ਟੀ.ਵੀ. ਚੈਨਲਾਂ ਤੇ ਅਸ਼ੁੱਧ ਪੰਜਾਬੀ ਦਾ ਉਚਾਰਨ ਕੀਤਾ ਜਾਂਦਾ ਹੈ। ਇਹ ਸਭ ਕੁਝ ਦੇਖ ਕੇ ਮੈਨੂੰ ਕਵੀ ਫਿਰੋਜ਼ ਦੀਨ ਸ਼ਰਫ਼ ਸਾਹਿਬ ਜੀ ਦੇ ਇਹ ਬੋਲ ਯਾਦ ਆਉਂਦੇ ਹਨ:-

ਵਾਰਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਰਵਾਂ ਇੱਥੇ ਤੇ ਯੂ.ਪੀ @ਚ ਕਰਾਂ ਗੱਲਾਂ
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।
ਮੈਂ ਪੰਜਾਬੀ,ਪੰਜਾਬੀ ਦਾ ਸ਼ਰਫ਼ ਸੇਵਕ
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।

ਹੁਣ ਮਾਂ ਬੋਲੀ ਦੀ ਸੰਭਾਲ ਦਾ ਜ਼ਿੰਮਾ ਸਿਰਫ਼ ਲੇਖਕਾਂ ਅਤੇ ਸਾਹਿਤ ਸਭਾਵਾਂ ਤੱਕ ਹੀ ਸੀਮਤ ਨਹੀਂ ਰੱਖਣਾ ਹੈ। ਅੱਜ ਕੱਲ੍ਹ ਪੰਜਾਬੀ ਨੂੰ ਘਰ ਘਰ ਫੇਰ ਮਾਣ ਦਿਵਾਉਣ ਲਈ ਸਾਰੇ ਪੰਜਾਬੀ ਜਾਗਰੂਕ ਹੋ ਰਹੇ ਹਨ। ਆਪਣੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸੋਸ਼ਲ ਮੀਡੀਆ ਤੇ , ਕਲਾਕਾਰੀ ਖੇਤਰ ਜਿਵੇਂ ਪੰਜਾਬੀ ਗੀਤਾਂ, ਫ਼ਿਲਮਾਂ ਅਤੇ ਨਾਟਕਾਂ ਵਿੱਚ ਦੁਨੀਆ ਦਾ ਰੁਝਾਨ ਵਧ ਰਿਹਾ ਹੈ। ਜਿਸ ਕਰਕੇ ਇਸ ਨੂੰ ਦੁਨੀਆ ਭਰ ਵਿੱਚ ਪ੍ਰਸਿੱਧੀ ਪ੍ਰਾਪਤ ਹੋ ਰਹੀ ਹੈ ਅਤੇ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਇਸ ਦੇ ਮੱਦੇਨਜ਼ਰ ਹੀ ਸਾਨੂੰ ਘਰੇਲੂ ਵਰਤੋਂ ਵੇਲੇ ਵੀ ਮਾਂ ਬੋਲੀ ਬੋਲਣ,ਲਿਖਣ ਅਤੇ ਆਪਣੇ ਬੱਚਿਆਂ ਨੂੰ ਸਿਖਾਉਣ ਸਮੇਂ ਕੰਜੂਸੀ ਨਹੀਂ ਕਰਨੀ ਚਾਹੀਦੀ। ਹੋਰ ਬੋਲੀਆਂ ਸਿੱਖਣਾ ਬਹੁਤ ਚੰਗੀ ਗੱਲ ਹੈ ਪਰ ਆਪਣੀ ਮਾਂ ਬੋਲੀ ਨੂੰ ਵਿਸਾਰ ਕੇ ਨਹੀਂ।

ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ ਚਾਹੇ ਸਾਡੀਆਂ ਸਰਕਾਰਾਂ ਵੀ ਮਾਂ ਬੋਲੀ ਪ੍ਰਤੀ ਬਣਾਏ ਗਏ ਕਾਨੂੰਨਾਂ ਦੀ ਪਾਲਣਾ ਕਰਨ ਦੇ ਆਦੇਸ਼ ਦਿੰਦੀਆਂ ਹਨ,ਬਹੁਤੇ ਸਰਕਾਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਹੋ ਰਹੇ ਹਨ ਪਰ ਫਿਰ ਵੀ ਕਿਤੇ ਨਾ ਕਿਤੇ ਇਸ ਨਾਲ ਵਿਤਕਰਾ ਜ਼ਰੂਰ ਹੋ ਜਾਂਦਾ ਹੈ। ਮਾਂ ਬੋਲੀ ਨਾਲ ਹੋਣ ਵਾਲੇ ਵਿਤਕਰੇ ਨੂੰ ਰੋਕਣ ਲਈ ਸਾਨੂੰ ਬਹੁਤ ਹੰਭਲੇ ਮਾਰਨ ਦੀ ਲੋੜ ਹੈ। ਸੋ ਆਓ !ਆਪਾਂ ਵੀ ਇਸ ਮਾਖਿਓਂ ਮਿੱਠੀ ਬੋਲੀ ਪੰਜਾਬੀ ਦੇ ਸੱਚੇ ਵਾਰਿਸ ਬਣਕੇ ਇਸ ਦੀ ਸੰਭਾਲ ਕਰੀਏ ਤੇ ਜੱਗ ਵਿੱਚ ਇਸ ਦਾ ਮਾਣ ਵਧਾਈਏ।

# ਪਲਾਸਟਿਕ ਇੱਕ ਗੰਭੀਰ ਮਸਲਾ

ਅੱਜ ਸੰਪੂਰਨ ਵਿਸ਼ਵ ਵਿੱਚ ਪਲਾਸਟਿਕ ਦਾ ਉਤਪਾਦਨ 30 ਕਰੋੜ ਟਨ ਹਰ ਸਾਲ ਕੀਤਾ ਜਾ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਹਰ ਸਾਲ ਸਮੁੰਦਰ ਵਿੱਚ ਜਾਣ ਵਾਲਾ ਪਲਾਸਟਿਕ ਦਾ ਕੂੜਾ ਅੱਸੀ ਲੱਖ ਟਨ ਹੈ। ਭਾਰਤ ਵਿੱਚ ਪਲਾਸਟਿਕ ਕੂੜੇ ਦੀ ਸਮੱਸਿਆ ਇੱਕ ਚੁਣੌਤੀ ਬਣੀ ਹੋਈ ਹੈ। ਇੱਥੋਂ ਦੇ ਬਾਜ਼ਾਰਾਂ ਵਿੱਚ ਮੁਹਈਆ ਪਲਾਸਟਿਕ ਦੀਆਂ ਥੈਲੀਆਂ ਸਭ ਤੋਂ ਜਿਆਦਾ ਪ੍ਰਦੂਸ਼ਣ ਫੈਲਾ ਰਹੀਆਂ ਹਨ ਅਤੇ ਇਸ ਤੇ ਕਾਬੂ ਰੱਖਣਾ ਸਾਡਾ ਪਹਿਲਾ ਯਤਨ ਹੋਣਾ ਚਾਹੀਦਾ ਹੈ। ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਘਟਾ ਕੇ ਅਸੀਂ ਆਪਣਾ ਵਾਤਾਵਰਨ ਅਤੇ ਆਪਣੀ ਸਿਹਤ ਨੂੰ ਕਾਫੀ ਹੱਦ ਤੱਕ ਬਚਾ ਕੇ ਰੱਖ ਸਕਦੇ ਹਾਂ। ਇਹ ਪਲਾਸਟਿਕ ਪਥਰਾਟ ਬਾਲਣ ਤੋਂ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਬਣਨ ਲਈ ਕਈ ਹਜ਼ਾਰਾਂ ਸਾਲ ਲੱਗਦੇ ਹਨ ਪਰ ਮਨੁੱਖ ਇਸ ਗੱਲ ਨੂੰ ਨਜ਼ਰ ਅੰਦਾਜ਼ ਹੀ ਕਰ ਰਿਹਾ ਹੈ ਕਲੋਰੋਨੇਟਡ ਪਲਾਸਟਿਕ ਮਿੱਟੀ ਵਿੱਚ ਬਹੁਤ ਜਹਿਰੀਲੇ ਪਦਾਰਥ ਦਿੰਦੇ ਹਨ ਜਿਹੜੇ ਹੌਲੀ ਹੌਲੀ ਧਰਤੀ ਦੇ ਨੀਚੇ ਪਾਣੀ ਵਿੱਚ ਮਿਲ ਕੇ ਪਾਣੀ ਨੂੰ ਦੂਸ਼ਿਤ ਕਰਦੇ ਹਨ। ਸਿੰਗਲ ਯੂਜ ਪਲਾਸਟਿਕ ਜਿਵੇਂ ਡਿਸਪੋਜਲ ਕੱਪ, ਪਲੇਟ ਆਦਿ ਹਵਾ ਵਿੱਚ ਬਲਦੇ ਹਨ ਤਾਂ ਕਿੰਨੇ ਹੀ ਹਾਨੀਕਾਰਕ ਰਸਾਈਣ ਹਵਾ ਵਿੱਚ ਛੱਡਦੇ ਹਨ ਜਿਸ ਨਾਲ ਮਨੁੱਖਾਂ, ਜਾਨਵਰਾਂ ਅਤੇ ਪੌਦਿਆਂ ਨੂੰ ਬਹੁਤ ਭਿਆਨਕ ਬਿਮਾਰੀਆਂ ਹੁੰਦੀਆਂ ਹਨ। ਇੱਕ ਗਰਭਵਤੀ ਔਰਤ ਜੇਕਰ ਰੋਜ਼ਾਨਾ ਜੀਵਨ ਵਿੱਚ ਵਰਤੇ ਜਾਣ ਵਾਲੇ ਬਰਤਨ ਜਿਆਦਾਤਰ ਪਲਾਸਟਿਕ ਦੇ ਵਰਤਦੀ ਹੈ ਤਾਂ ਪਲਾਸਟਿਕ ਦੇ ਨੈਨੋ ਪਾਰਟੀਕਲ ਉਸ ਦੇ ਅੰਦਰ ਭੋਜਨ ਨਾਲ ਪਹੁੰਚ ਕੇ ਭਰੂਣ ਨੂੰ ਦਿਮਾਗੀ ਅਤੇ ਸਰੀਰਿਕ ਬਿਮਾਰੀਆਂ ਲਗਾਉਂਦੇ ਹਨ। ਸਾਡੇ ਖੂਨ ਅੰਦਰ ਹਾਰਮੋਨਾਂ ਦਾ ਵੀ ਸੰਤੁਲਨ ਪਲਾਸਟਿਕ ਵਰਤਣ ਨਾਲ ਵਿਗੜਦਾ ਹੈ ਜਿਸ ਕਾਰਨ ਕਈ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਘਰਾਂ ਵਿੱਚ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਚੀਜ਼ਾਂ ਨੂੰ ਜਦੋਂ ਅਸੀਂ ਕੂੜੇ ਵਿੱਚ ਸੁੱਟਦੇ ਹਾਂ ਤਾਂ ਇਹ ਕੂੜਾ ਸਿੱਧਾ ਲੈਂਡ ਫਿਲਿੰਗ ਵਿੱਚ ਪਹੁੰਚ ਕੇ ਮਿੱਟੀ ਨੂੰ ਪ੍ਰਦੂਸ਼ਿਤ ਕਰਕੇ ਉਸਦੀ ਉਪਜਾਊ ਸ਼ਕਤੀ ਘਟਾਉਂਦਾ ਹੈ ਅਤੇ ਅਜਿਹੀ ਮਿੱਟੀ ਵਿੱਚੋਂ ਪੈਦਾ ਹੋਇਆ ਅਨਾਜ ਵੀ ਸਾਡੇ ਲਈ ਹਾਨੀਕਾਰਕ ਹੀ ਹੈ। ਪਲਾਸਟਿਕ ਦੀ ਜਿਆਦਾਤਰ ਵਰਤੋਂ ਅਸੀਂ ਇਸ ਦੇ ਸਸਤੇ ਅਤੇ ਹੋਲੇਪਣ ਤੋਂ ਕਰਦੇ ਹਾਂ ਪਰ ਜਦੋਂ ਇਸਦਾ ਪ੍ਰਯੋਗ ਅਸੀਂ ਖਾਣ ਪੀਣ ਵਾਲੇ ਬਰਤਨਾ ਲਈ ਕਰਦੇ ਹਾਂ ਤਾਂ ਸਿਟਰੀਨ ਗੈਸ ਇਹਨਾਂ ਵਿੱਚੋਂ ਨਿਕਲ ਕੇ ਸਾਡੀਆਂ ਖਾਣ ਵਾਲੀਆਂ ਚੀਜ਼ਾਂ ਵਿੱਚ ਰਲ ਜਾਂਦੀ ਹੈ ਜਿਸ ਨਾਲ ਕੈਂਸਰ ਵਰਗੇ ਰੋਗ ਪੈਦਾ ਹੁੰਦੇ ਹਨ। ਪਾਣੀ ਅਤੇ ਗੋਲਡ੍ਰਿੰਕ ਵਰਗੀਆਂ ਬੋਤਲਾਂ ਉੱਪਰ ਪੋਲੀ ਥਾਈਲੀਨ ਟੈਰੇਪਥਾਲੇਟਲ ਵਰਦਿਆ ਜਾਂਦਾ ਹੈ ਜਿਨਾਂ ਤੋਂ ਚਮੜੀ ਦੇ ਰੋਗ ਪੈਦਾ ਹੁੰਦੇ ਹਨ ਇਹਨਾਂ ਸਾਰੇ ਹਾਨੀਕਾਰਕ ਪ੍ਰਭਾਵਾਂ ਤੋਂ ਸਾਨੂੰ ਚੇਤਨ ਹੋ ਕੇ ਪਲਾਸਟਿਕ ਦੀ ਵਰਤੋਂ ਘਟਾਉਣੀ ਚਾਹੀਦੀ ਹੈ ਅਤੇ ਹੋਰਾਂ ਨੂੰ ਵੀ ਇਸ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕ ਕਰਦੇ ਰਹਿਣਾ ਚਾਹੀਦਾ ਹੈ। ਬਾਜ਼ਾਰ ਜਾਣ ਲਈ ਜੂਟ ਕੱਪੜੇ ਆਦਿ ਦੇ ਕੈਰੀ ਬੈਗਸ ਦਾ ਇਸਤੇਮਾਲ ਕਰਨ ਲਈ ਉਤਸਾਹਿਤ ਕਰਦੇ ਰਹਿਣਾ ਚਾਹੀਦਾ ਹੈ। ਸਰਕਾਰ ਦੇ ਨਾਲ ਨਾਲ ਆਮ ਜਨਤਾ ਨੂੰ ਵੀ ਪਲਾਸਟਿਕ ਹਟਾਉਣ ਦੀ ਮੁਹਿੰਮ ਨਾਲ ਜੁੜ ਕੇ ਜਲਦ ਤੋਂ ਜਲਦ ਸਖਤ ਯਤਨ ਕਰਨੇ ਪੈਣਗੇ ਤਾਂ ਜੋ ਅਸੀਂ ਆਪਣਾ ਵਾਤਾਵਰਨ ਅਤੇ ਭਵਿੱਖ ਬਚਾ ਸਕੀਏ।



ਦਿਕਸ਼ਾ ਕੰਬੋਜ
ਸਾਇੰਸ ਅਧਿਆਪਕਾਂ
ਸਰਕਾਰੀ ਹਾਈ ਸਕੂਲ ਪਿੰਡੀ, ਫਿਰੋਜ਼ਪੁਰ

# ਤਕਨਾਲੋਜੀ ਨੇ ਕਿਥੋਂ ਕਿਥੇ ਪਹੁੰਚਾਇਆ



ਜਿਹੜੇ ਪਹਿਲਾਂ ਹਰ ਥਾਂ ਪੈਦਲ ਚੱਲਦੇ ਸੀ, ਉਨ੍ਹਾਂ ਨੂੰ ਸਾਈਕਲਾਂ ਦੀ ਤਕਨੀਕ ਆਉਣ 'ਤੇ ਬੇਸ਼ੱਕ ਕੁਝ ਵੱਖਰਾ ਲੱਗਾ ਹੋਵੇਗਾ ਐਪਰ ਜੇ ਉਹ ਸਾਈਕਲ 'ਤੇ ਚੜ੍ਹਨੋਂ ਜਾਂ ਉਸ ਨੂੰ ਚਲਾਉਣਾ ਸਿੱਖਣ ਤੋਂ ਮੁਨਕਰ ਹੋ ਜਾਂਦੇ ਤਾਂ ਕੀ ਉਹ ਅੱਜ ਇੱਕ ਤੋਂ ਦੂਜੀ ਥਾਂ ਜਾ ਸਕਦੇ ਸਨ ?ਇੰਝ ਹੀ ਜਦ ਮੋਟਰ ਗੱਡੀ ਦੀ ਕਾਢ ਕੱਢੀ ਗਈ - ਜੋ ਲੋਕ ਕਹਿੰਦੇ ਕਿ ਅਸੀਂ ਨਹੀਂ ਚੜ੍ਹਨਾ ਇਹਦੇ ਉੱਤੇ, ਤਾਂ ਕੀ ਉਹ ਅੱਜ ਦੇ ਯੁੱਗ ਦੇ ਵਾਸੀ ਅਖਵਾਉਂਦੇ ?

ਲਿਖਣ ਦੀ ਤਕਨੀਕ ਨੇ ਜੋ ਕੀਤਾ, ਉਹ ਬੋਲ-ਚਾਲ ਨੂੰ ਅਤੇ ਸਾਡੇ ਜ਼ੁਬਾਨੀ ਇਤਿਹਾਸ ਨੂੰ ਕਿਤੇ ਹੋਰ ਹੀ ਲੈ ਗਿਆ। ਹਲਟ ਨੇ, ਸਾਡੀ ਖੇਤੀ ਨੂੰ ਸਦਾ ਵਾਸਤੇ ਬਦਲ ਕੇ ਸਾਨੂੰ ਅੱਗੇ ਤੋਰ ਦਿੱਤਾ। ਛੋਟੇ ਹੁੰਦਿਆਂ ਪੁਰਾਣੀਆਂ ਚੀਜ਼ਾਂ ਨਾਲ ਮੇਰੀ ਨੇੜਤਾ ਬਣ ਜਾਣੀ- ਪੁਰਾਣੀਆਂ ਦਰੀਆਂ, ਸੰਦੂਕ, ਲੰਬੀਆਂ ਚਾਬੀਆਂ, ਗੋਲ ਗੋਲ ਘੁੰਮਦਾ ਟੈਲੀਫੋਨ ਅਤੇ ਉਸ ਤੋਂ ਵੀ ਪੁਰਾਣਾ ਇਕ ਹੱਥ ਵਿਚ ਸੁਣਨ ਵਾਲਾ ਅਤੇ ਦੂਜੇ ਹੱਥ ਵਿੱਚ ਫੜ ਕੇ ਬੋਲਣ ਵਾਲਾ ਫੋਨ। ਪੁਰਾਣੇ ਬਰਤਨ, ਖੇਡ ਖਡੌਣੇ, ਦੇਸੀ ਫੁੱਲਾਂ ਤੋਂ ਪੁਰਾਣੇ ਖੇਸਾਂ ਦੇ ਰੰਗ ਰੰਗਾਣੇ, ਪੁਰਾਣੇ ਖਾਣੇ, ਸਾਜ਼, ਲੋਕ ਗੀਤ-ਕਥਾਵਾਂ-ਬਾਤਾਂ ਅਤੇ ਸਭ ਤੋਂ ਜ਼ਿਆਦਾ ਪੁਰਾਣੇ ਲੋਕ, ਜੋ ਇਹ ਬਾਤਾਂ ਸੁਣਾ ਮੈਨੂੰ ਓਸ ਦੁਨੀਆਂ ਦੀ ਸੈਰ ਕਰਾਉਂਦੇ।

ਤਕਨੀਕੀ ਵਿਕਾਸ ਨੇ ਸਾਨੂੰ ਬੇਸ਼ੁਮਾਰ ਤਰੱਕੀ ਤਾਂ ਬਖਸ਼ੀ, ਪਰ ਨਾਲ ਹੀ ਸਾਡਾ ਉਹ ਪਿਛੋਕੜ, ਜਿਸ ਨੇ ਸਾਨੂੰ ਸੈਂਕੜੇ ਦਹਾਕਿਆਂ ਤੋਂ ਪਾਣੀ ਵਾਂਗ ਪਾਲਿਆ ਸੀ, ਸਾਥੋਂ ਖੋਹ ਲਿਆ। ਮੋਟਰ ਗੱਡੀਆਂ ਦੀ ਤੇਜ਼ ਰਫ਼ਤਾਰੀ ਨੇ ਸਾਥੋਂ ਸਾਡੀ ਤੋਰ ਖੋਹ ਲਈ। ਸਾਡੀ ਖੁਦਮੁਖਤਿਆਰੀ ਗਵਾਚ ਗਈ। ਦੋ, ਚਾਰ, ਦਸ ਕੋਹ ਅਸੀਂ ਬਿਨਾਂ ਸੋਚੇ ਹੀ ਤੁਰ ਪੈਂਦੇ ਸੀ। ਰਾਹ ਦਾ ਥਕੇਵਾਂ ਰੁੱਖਾਂ ਦੀ ਛਾਂ ਹੇਠ ਲਾਹ ਲੈਂਦੇ ਅਤੇ ਫੇਰ ਤੁਰ ਪੈਂਦੇ। ਰਾਹ ਵਿੱਚ ਡਿੱਗੇ ਫੁੱਲਾਂ ਅਤੇ ਬੀਜਾਂ ਨਾਲ ਰਾਬਤਾ ਬਣਦਾ ਅਤੇ ਉਤਾਂਹ ਵੱਲ ਝਾਕ ਦਰਖਤਾਂ ਨੂੰ ਹਾਜ਼ਰੀ ਭਰ ਦਿੰਦੇ। ਦੋਪਹੀਆ ਵਾਹਨ ਜਾਂ ਮੋਟਰ ਗੱਡੀ ਵਿੱਚ ਜਾਂਦਿਆਂ, ਕਿਧਰੇ ਕੋਈ ਰੁੱਖਾਂ ਨੂੰ ਸਲਾਮੀ ਭਰਦਾ ਅਤੇ ਕਿਧਰੇ ਕੋਈ ਕਿਸੇ ਦੀ ਹੋਂਦ ਨੂੰ ਮਿਲਦਾ ? ਹਾਂ ਜਿੰਨੇ ਕੰਮ ਇਕ ਦਿਨ 'ਚ ਅੱਜ ਮੁਕੰਮਲ ਹੋ ਸਕਦੇ ਹਨ, ਬੇਸ਼ੱਕ ਉਂਨੇ ਕਦੇ ਨਾ ਹੋ ਪਾਉਂਦੇ।

ਤਕਨੀਕ ਨੇ ਸਾਨੂੰ ਬੇਸ਼ੱਕ ਤੇਜ਼ ਕਰ ਦਿੱਤਾ ਪਰ ਸਾਡੀਆਂ ਸਿਹਤਾਂ ਨੂੰ ਕੋਹਾਂ ਪਿਛਾਂਹ ਕਰ ਛੱਡਿਆ। ਜੋ ਸਾਡੇ ਜਿਉਣ ਦਾ ਢੰਗ ਸੀ, ਓਹੀ ਅੱਜ ਲੋਕ ਸੁਬ੍ਹਾ ਜਾਂ ਆਥਣੇ ਉਚੇਚਾ ਸਮਾਂ ਕੱਢ ਕੇ ਕਰਦੇ ਹਨ, ਜਿਸ ਨੂੰ 'ਸੈਰ' ਦਾ ਖਿਤਾਬ ਵੀ ਪ੍ਰਾਪਤ ਹੈ। ਹੁਣ ਚੱਲਣ ਫਿਰਨ ਵਾਸਤੇ ਰਾਹ ਕਿੱਥੇ ਰਹਿ ਗਏ ਹਨ ? ਹਰ ਥਾਂ ਪੱਕੀ ਕਰ ਕੇ ਸੜਕ ਬਣਾ ਦਿੱਤੀ ਅਤੇ ਸੜਕਾਂ 'ਤੇ ਤਾਂ ਪਹਿਲਾ ਹੱਕ ਹੀ ਗੱਡੀਆਂ ਦਾ ਹੁੰਦਾ ਹੈ। ਤੁਸੀਂ ਕਹੋਗੇ ਕੇ ਪਿਛਾਂਹ ਨੂੰ ਤਾਂ ਨਹੀਂ ਜਾ ਸਕਦੇ, ਜ਼ਿੰਦਗੀ ਦਾ ਚੱਕਾ ਤਾਂ ਅੱਗੇ ਨੂੰ ਹੀ ਚਲਦਾ ਹੈ, ਹਰ ਵਕਤ ਪੈਦਲ ਨਹੀਂ ਚੱਲ ਸਕਦੇ, ਬਜਿਲੀ ਤੇ ਇੰਟਰਨੈੱਟ ਤੋਂ ਬਿਨਾਂ ਤਾਂ ਨਹੀਂ ਜੀ ਸਕਦੇ। ਠੀਕ ਹੈ, ਪਰ ਨਵੀਆਂ ਖੋਜਾਂ ਨਾਲ ਸਾਨੂੰ ਨਵੀਆਂ ਸੜਕਾਂ ਤਾਂ ਮਿਲ ਗਈਆਂ ਐਪਰ ਸਾਫ਼ ਹਵਾਵਾਂ, ਚੁਪ ਅਤੇ ਸ਼ਾਂਤੀ ਦੀਆਂ ਸਵੇਰਾਂ, ਗਿੱਲੀ ਮਿੱਟੀ ਦੀਆਂ ਖੁਸ਼ਬੋਆਂ ਤੇ ਪਗਡੰਡੀ 'ਤੇ ਚੱਲਣ ਦੀਆਂ ਤਦਬੀਰਾਂ ਗਵਾਚ ਗਈਆਂ। ਪੱਛਮ ਦੀਆਂ ਉੱਚੀਆਂ ਫਲੱਸ਼ ਸੀਟਾਂ ਨੇ ਸਾਨੂੰ ਸਹੂਲਤ ਤਾਂ ਦਿੱਤੀ, ਪਰ ਸਾਡੇ ਢਿੱਡ ਸਾਫ਼ ਹੋਣੋਂ ਮੁਨਕਰ ਹੋ ਗਏ।ਹੁਣ ਕਾਫ਼ੀ ਵਰ੍ਹਿਆਂ ਤੋਂ ਪੱਛਮ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਪੂਰਬ ਦੇ ਦੇਸੀ ਢੰਗ ਨਾਲ ਪੈਰਾਂ ਭਾਰ ਬੈਠਣ ਵਾਲੀਆਂ ਫਲੱਸ਼ ਸੀਟਾਂ ਇਜ਼ਾਦ ਕਰ ਰਹੀਆਂ ਹਨ। ਇਹ ਹੁਣ ਪੱਕਾ ਹੋ ਗਿਆ ਹੈ ਕਿ ਪੇਟ ਪੂਰੀ ਤਰ੍ਹਾਂ ਸਾਫ਼ ਕਰਨ ਵਾਸਤੇ ਪੁਰਾਣੇ ਪੇਂਡੂ ਢੰਗ ਨਾਲ ਬੈਠਣਾ ਹੀ ਸਭ ਤੋਂ ਵਧੀਆ ਹੈ। ਇਹ ਵੀ ਸਹੀ ਹੈ ਕਿ ਸਾਡੇ ਪਿਛੋਕੜ 'ਚ ਹਰ ਕੁਝ ਸੁਨਹਿਰਾ ਤੇ ਪਾਕਿ ਨਹੀਂ ਸੀ। ਭੇਦਭਾਵ, ਊਚ ਨੀਚ, ਜਾਤੀਵਾਦ, ਔਰਤਾਂ ਤੇ ਕਮਜ਼ੋਰਾਂ 'ਤੇ ਜ਼ੁਲਮ ਤੇ ਧੱਕਾ, ਸਾਡੇ ਪਿਛੋਕੜ ਦਾ ਕੌੜਾ ਸੱਚ ਹੈ, ਜਿਸ ਨਾਲ ਅਸੀਂ ਅੱਜ ਵੀ ਜੂਝ ਰਹੇ ਹਾਂ। ਤਕਨੀਕ ਨੇ ਸਾਨੂੰ ਦੋ ਕੁ ਸੌ ਸਾਲਾਂ ਵਿੱਚ ਬਹੁਤ ਕੁਝ ਦਿੱਤਾ ਹੈ, ਜਿਸ ਰਾਹੀਂ ਅਖਬਾਰ, ਪ੍ਰਿੰਟਿੰਗ ਪ੍ਰੈੱਸ, ਕਿਤਾਬਾਂ, ਬਜਿਲੀ- ਟੈਲੀਫ਼ੋਨ - ਇਨਟਰਨੈੱਟ - ਟੈਲੀਸਕੋਪ - ਟਰੈਕਟਰ - ਕਿਸਾਨੀ ਦੇ ਨਵੇਂ ਨਵੇਂ ਢੰਗ ਦਿੱਤੇ ਅਤੇ ਮੈਡੀਕਲ ਖੋਜਾਂ ਵੀ ਬੇਸ਼ੁਮਾਰ ਦਿੱਤੀਆਂ। ਪਰ ਇਸ ਵਿਕਾਸ ਦਾ ਇਕ ਹਨੇਰਾ ਅਸਰ ਵੀ ਹੈ। ਘਰੇਲੂ ਨੁਸਖੇ ਭੁਲਾ ਕੇ ਅੱਜ ਅਸੀਂ ਪੈਰਾਸਿਟਾਮੋਲ ਤੇ ਪੇਨਕਿਲਰ ਦਵਾਈਆਂ ਲੈਣ ਲੱਗ ਪਏ। ਬਿਮਾਰੀ ਦੀ ਜੜ੍ਹ ਤੀਕ ਜਾਣ ਵਾਲੇ ਦਸਤੂਰ ਅਤੇ ਦੇਸੀ ਇਲਾਜ ਦੀ ਥਾਂ ਇਹ ਦਰਦਾਂ ਨੂੰ ਤੇਜ਼ ਰਫ਼ਤਾਰੀ ਨਾਲ ਭਜਾਉਣ ਵਾਲੀਆਂ ਗੋਲੀਆਂ ਆ ਗਈਆਂ ਹਨ। ਇਨ੍ਹਾਂ ਤੇਜ਼ ਰਫ਼ਤਾਰੀ ਵਾਲੇ ਇਲਾਜਾਂ ਨੇ ਸਾਨੂੰ ਇਹਤਿਆਤ ਅਤੇ ਸਬਰ ਤੋਂ ਮੁਨਕਰ ਕਰ ਦਿੱਤਾ। ਜਿੰਨਾ ਮਰਜ਼ੀ ਤਲੀਆਂ ਚੀਜ਼ਾਂ ਛਕ ਲਓ, ਚਾਹਾਂ ਪੀ ਲਓ, ਤੰਬਾਕੂ ਜਾਂ ਸ਼ਰਾਬ ਟਿਕਾ ਲਓ, ਗੋਲੀਆਂ ਨੇ ਪਾਰ ਤਾਂ ਲੰਘਾ ਹੀ ਦੇਣਾ ਹੈ। ਸਮੇਂ ਸਿਰ ਸੌਣਾ, ਚੱਲਦੇ ਫਿਰਦੇ ਰਹਿਣਾ, ਸਲਾਦਾਂ ਅਤੇ ਫਲਾਂ ਵਾਲੀ ਖੁਰਾਕ ਉੱਤੇ ਜ਼ੋਰ ਦੇਣਾ ਅਤੇ ਪਹੁ ਫੁੱਟਣ ਦੀ ਧੁੱਪ ਲੈਣਾ ਅਤੇ ਸਬਰ ਤੇ ਸੰਤੋਖ ਨਾਲ ਖਾਣਾ ਹਾਲੇ ਕਿਸੇ ਲਈ ਕੋਈ ਮਸਲਾ ਹੀ ਨਹੀਂ।

ਮਨਜੋਤ ਕੌਰ ਮੂਨਸਟਾਰ
ਸੰਪਰਕ: 98789-16170

# ਪੰਜਾਬੀਓ ਪੰਜਾਬ ਤੇ ਪੰਜਾਬੀ ਨੂੰ ਬਚਾ ਲਓ ..



ਲੇਖ਼ਕ ਸਿੰਦਰ ਸਿੰਘ ਮੀਰਪੁਰੀ
ਫੋਨ : 5592850841

ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੀ ਧਰਤੀ ਉੱਤੇ ਹੀ ਪੰਜਾਬ ਅਤੇ ਪੂਰੀ ਪੰਜਾਬੀਅਤ ਨੂੰ ਖਤਰਿਆਂ ਦੇ ਵੱਜ ਰਹੇ ਬਿਗਲਾਂ ਨੇ ਪੰਜਾਬੀ ਮਾਂ ਬੋਲੀ ਦੇ ਚਿੰਤਕਾਂ ਨੂੰ ਘੁੰਮਣ ਘੇਰੀਆਂ ਦੇ ਵਿੱਚ ਪਾ ਕੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਉਸ ਦੀ ਆਪਣੀ ਹੀ ਧਰਤੀ ਤੇ ਪੰਜਾਬ ਪੰਜਾਬੀ ਮਾਂ ਬੋਲੀ ਦੇ ਮੰਦੜੇ ਹਾਲ ਦੀ ਕਹਾਣੀ ਕਿਉਂ ਵੇਖਣ ਤੇ ਸੁਣਨ ਵਿੱਚ ਸਾਹਮਣੇ ਆਉਂਦੀ ਹੈ । ਅੱਜ ਪੰਜਾਬੀ ਦੇ ਮੁਰੀਦ ਹੀ ਕਿਉਂ ਪੰਜਾਬੀ ਤੋਂ ਦੂਰ ਹੋ ਰਹੇ ਹਨ। ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਆਈਲੈਟਸ ਵਗੈਰਾ ਕਰਵਾ ਕੇ ਵਿਦੇਸ਼ਾਂ ਦੀ ਧਰਤੀ ਤੇ ਭੇਜ ਰਹੇ ਹਾਂ। ਕਿਉਂ, ਕਿਉਂਕਿ ਸਾਡੇ ਇੱਥੇ ਹਾਲਾਤ ਵਧੀਆ ਨਹੀਂ ਹਨ । ਇਸ ਸਾਰੇ ਵਰਤਾਰੇ ਦੌਰਾਨ ਪੰਜਾਬੀ ਮਾਂ ਬੋਲੀ ਦੇ ਘਾਣ ਦੀ ਕਹਾਣੀ ਵੀ ਬੇਹੱਦ ਘਨਾਉਣੀ ਅਤੇ ਗਲਤ ਵਰਤਾਰਾ ਪੇਸ਼ ਕਰਦੀ ਹੈ। ਆਪਣੇ ਹੀ ਪੁੱਤਰਾਂ ਹੱਥੋਂ ਪੰਜਾਬੀ ਮਾਂ ਬੋਲੀ ਅੱਜ ਜਲੀਲ ਹੋ ਰਹੀ ਹੈ ਅਸੀਂ ਆਈਲੈਟਸ ਕਰਵਾ ਕੇ ਇੱਕ ਪਾਸੇ ਤਾਂ ਆਪਣੀ ਔਲਾਦ ਨੂੰ ਵਿਦੇਸ਼ ਭੇਜ ਰਹੇ ਹਾਂ ਉਸ ਦੇ ਮਗਰ ਹੀ ਪਿਓ ਪੁੱਤਰ ਦੇ ਮਗਰ ਹੀ ਵਿਦੇਸ਼ ਜਾ ਕੇ ਆਪਣੀਆਂ ਜਾਇਦਾਦਾਂ ਨੂੰ ਵੇਚ ਰਹੇ ਹਨ । ਔਲਾਦਾਂ ਦੇ ਪਿੱਛੇ ਮਾਂ ਪਿਓ ਵੀ ਵਿਦੇਸ਼ ਵਿੱਚ ਜਾ ਕੇ ਸੈਟਲ ਹੋਣ ਦੀ ਗਾਥਾ ਨੂੰ ਬੜੇ ਧਿਆਨ ਨਾਲ ਸੁਣਦੇ ਤੇ ਪੜਦੇ ਆਮ ਵੇਖਿਆ ਜਾ ਸਕਦਾ ਹੈ । ਇਹ ਵਰਤਾਰਾ ਪਿਛਲੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ । ਲੱਖਾਂ ਲੋਕ ਵਿਦੇਸ਼ੀ ਧਰਤੀ ਤੇ ਪਹੁੰਚ ਚੁੱਕੇ ਹਨ। ਪੰਜਾਬੀ ਪੰਜਾਬ ਅੰਦਰ ਹੀ ਖਤਮ ਹੋ ਰਹੀ ਹੈ । ਬਿਹਾਰੀ ਮਜ਼ਦੂਰ ਆ ਕੇ ਪੰਜਾਬ ਦੀਆਂ ਨੌਕਰੀਆਂ ਤੇ ਕਾਬਜ ਹੋ ਰਹੇ ਹਨ ਸਰਕਾਰਾਂ ਵੱਲੋਂ ਪੰਜਾਬੀ ਦੀ ਸੰਘੀ ਘੁੱਟੀ ਜਾ ਰਹੀ ਹੈ। ਪੰਜਾਬ ਦੇ ਸਕੂਲਾਂ ਅੰਦਰ ਜੋ ਪੰਜਾਬੀ ਦੀ ਦੁਰਦਸ਼ਾ ਹੈ ਉਹ ਕਿਸੇ ਤੋਂ ਲੁਕੀ ਹੋਈ ਨਹੀਂ ਹੈ । ਪੰਜਾਬ ਦੇ ਅੰਦਰ ਹੀ ਪੰਜਾਬੀ ਮਾਂ ਬੋਲੀ ਅੱਜ ਪਰਾਈ ਹੋ ਚੁੱਕੀ ਨਜ਼ਰੀ ਪੈਂਦੀ ਹੈ ਪਰ ਇਹ ਵਰਤਾਰਾ ਅੱਜ ਦਾ ਨਹੀਂ ਵਰਿਆਂ ਤੋਂ ਜਾਰੀ ਹੈ । ਕਿਸੇ ਵੀ ਸਰਕਾਰ ਨੇ ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਦੀ ਕੋਸ਼ਿਸ਼ ਨਹੀਂ ਕੀਤੀ। ਕਿਉਂ ਅਸੀਂ ਪੰਜਾਬੀ ਮਾਂ ਬੋਲੀ ਦੇ ਦੁਸ਼ਮਣ ਬਣ ਕੇ ਆਪਣੀ ਮਾਤ ਭਾਸ਼ਾ ਨੂੰ ਖਤਮ ਕਰਨ ਤੇ ਤੁਲ ਚੁੱਕੇ ਹਾਂ। ਜੇਕਰ ਕੁਝ ਹੋਰ ਵਰਿਆਂ ਤੱਕ ਇਹੀ ਹਾਲ ਰਿਹਾ ਤਾਂ ਅਸੀਂ ਪੰਜਾਬੀ ਦਾ ਇਸ ਤੋਂ ਵੀ ਮੰਦਾ ਹਾਲ ਵੇਖਾਂਗੇ । ਸਾਡੇ ਵਰਗੇ ਵਿਦੇਸ਼ਾਂ ਦੀ ਧਰਤੀ ਤੇ ਬੈਠ ਕੇ ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਲੇਖ ਲਿਖਦਿਆਂ ਪਿਛਲੇ ਲੰਬੇ ਸਮੇਂ ਤੋਂ ਬਹੁਤ ਕੁਝ ਵੇਖ ਰਹੇ ਹਨ ਕਿ ਇੱਥੇ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਵੱਲੋਂ ਅਮਰੀਕਾ ਕਨੇਡਾ ਜਾਂ ਹੋਰਨਾ ਕਿੰਨਿਆਂ ਹੀ ਦੇਸ਼ਾਂ ਦੇ ਵਿੱਚ ਪੰਜਾਬੀ ਮਾਂ ਬੋਲੀ ਦਾ ਝੰਡਾ ਬੁਲੰਦ ਕਰਨ ਵਿੱਚ ਕੋਈ ਵੀ ਮੌਕਾ ਨਹੀਂ ਛੱਡ ਰਹੇ। ਜੇਕਰ ਇਹ ਵੀ ਕਹਿ ਲਈਏ ਕਿ ਉਹਨਾਂ ਨੇ ਵਿਦੇਸ਼ਾਂ ਦੀ ਧਰਤੀ ਤੇ ਬੈਠ ਕੇ ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰ ਕੇ ਬਹੁਤ ਸਾਰੇ ਮੁਲਕਾਂ ਅੰਦਰ ਪੰਜਾਬੀ ਮਾਂ ਬੋਲੀ ਨੂੰ ਚੰਗਾ ਦਰਜਾ ਦਵਾਇਆ ਹੈ। ਪਰ ਉਸ ਤੋਂ ਉਲਟ ਦੂਜੇ ਪਾਸੇ ਸਾਡੇ ਆਪਣੇ ਹੀ ਮੁਲਕ ਵਿੱਚ ਜਿਸਦੇ ਅਸੀਂ ਜੰਮਪਲ ਹਾਂ ਆਪਣੀ ਹੀ ਮਾਤ- ਭਾਸ਼ਾ ਦੀ ਹੋ ਰਹੀ ਦੁਰਦਸ਼ਾ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਬਿਨਾਂ ਸ਼ੱਕ ਆਪਣੇ ਆਪ ਵਿੱਚ ਇੱਕ ਗਲਤ ਵਰਤਾਰਾ ਹੈ। ਵਿਦੇਸ਼ਾਂ ਦੀ ਧਰਤੀ ਤੇ ਜਾ ਕੇ ਪੰਜਾਬੀ ਨੂੰ ਮਾਣਤਾ ਮਿਲ ਰਹੀ ਹੈ ਪਰ ਆਪਣੀ ਹੀ ਧਰਤੀ ਤੇ ਉਸਨੂੰ ਬੇਇਜਤ ਕੀਤਾ ਜਾ ਰਿਹਾ ਹੈ। ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਵੱਡੇ ਪੱਧਰ ਤੇ ਕੀਤੇ ਇਕੱਠ ਇਸ ਦੀ ਗਵਾਹੀ ਹਨ । ਭਾਵੇਂ ਕਿ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੀ ਧਰਤੀ ਤੋਂ ਬਚੇਲੇ ਮੁਲਕਾਂ ਨੂੰ ਵੱਡੀ ਪੱਧਰ ਤੇ ਪ੍ਰਵਾਸ ਹੋ ਰਿਹਾ ਹੈ। ਇਸ ਦਾ ਵੀ ਇੱਕ ਕਾਰਨ ਹੈ ਕਿ ਪੰਜਾਬੀ ਮਾਂ ਬੋਲੀ ਦੇ ਨਾਲ ਉਸ ਦੇ ਆਪਦੇ ਹੀ ਜੰਮੇ ਜਾਏ ਧਰੋਅ ਕਮਾਉਂਦੇ ਨਜ਼ਰੀਂ ਪੈਂਦੇ ਹਨ । ਅਸੀਂ ਮਜਬੂਰੀ ਦੇ ਵੱਸ ਵਿਦੇਸ਼ਾਂ ਦੀ ਧਰਤੀ ਤੇ ਪਹੁੰਚ ਕੇ ਕਮਾਈਆਂ ਕਰਨ ਦੀ ਗੱਲ ਜਰੂਰ ਕਰਦੇ ਹਾਂ ਪਰ ਆਪਣੇ ਹੀ ਮੁਲਕ ਅੰਦਰ ਪੰਜਾਬੀ ਮਾਂ ਬੋਲੀ ਨੂੰ ਤਿਲਾਂਜਲੀ ਦੇਣੀ ਵੀ ਕਿਸੇ ਤਰ੍ਹਾਂ ਦੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਇਹ ਵਰਤਾਰਾ ਵੀ ਅੱਜ ਦਾ ਨਹੀਂ ਪਿਛਲੇ ਸਮੇਂ ਤੋਂ ਪਨਪਿਆ ਹੋਇਆ ਹੈ । ਇਸ ਨੂੰ ਬਹੁਤ ਸਾਰੇ ਮਾਪਿਆਂ ਦੀ ਮਜਬੂਰੀ ਆਖੀਏ ਜਾਂ ਸੌਕ ਇੱਥੇ ਇਹ ਗੱਲ ਵੀ ਦੋ ਪਾਸੜ ਜਾਪਦੀ ਹੈ ਕਿਉਂਕਿ ਇੱਕ ਪਾਸੇ ਤਾਂ ਅਸੀਂ ਪੰਜਾਬੀ ਮਾਂ ਬੋਲੀ ਦੀ ਗੱਲ ਕਰਦੇ ਹਾਂ ਪਰ ਦੂਜੇ ਪਾਸੇ ਆਪਣੇ ਹੀ ਬੱਚਿਆਂ ਨੂੰ ਵਿਦੇਸ਼ ਭੇਜ ਕੇ ਪੰਜਾਬੀ ਮਾਂ ਬੋਲੀ ਤੋਂ ਦੂਰ ਕਰ ਰਹੇ ਹਾਂ। ਦੂਸਰੇ ਪਾਸੇ ਦੀ ਗੱਲ ਕਰੀਏ ਤਾਂ ਵਿਦੇਸ਼ਾਂ ਅੰਦਰ ਵੀ ਬਹੁਤ ਸਾਰੇ ਲੋਕਾਂ ਵੱਲੋਂ ਪੰਜਾਬੀ ਮਾਂ ਬੋਲੀ ਦਾ ਝੰਡਾ ਉੱਚਾ ਕੀਤਾ ਹੋਇਆ ਹੈ ਇਹ ਗੱਲ ਵੀ ਕੁਝ ਖਾਸ ਗਲਤ ਨਹੀਂ ਜਾਪ ਰਹੀ ਜਿਸ ਨੇ ਮਾਂ ਬੋਲੀ ਦੀ ਕਦਰ ਕਰਨੀ ਹੈ ਉਹ ਵਿਦੇਸ਼ਾਂ ਅੰਦਰ ਵੀ ਕਰਦਾ ਹੈ । ਹੈਰਾਨੀ ਹੁੰਦੀ ਹੈ ਉਹਨਾਂ ਲੋਕਾਂ ਤੇ ਜੋ ਪੰਜਾਬ ਦਾ ਖਾਂਦੇ ਹਨ ਪੀਂਦੇ ਹਨ ਅਤੇ ਪੰਜਾਬੀ ਨਾਲ ਹੀ ਧਰੋਅ ਕਮਾਉਂਦੇ ਹਨ ਲੰਘੇ ਦਿਨੀ ਇੱਕ ਵੀਡੀਓ ਨੇ ਮਨ ਨੂੰ ਬਹੁਤ ਖਰਾਬ ਕੀਤਾ ਉਸ ਵੀਡੀਓ ਅੰਦਰ ਮੈਂ ਵੇਖਿਆ ਤੇ ਜੋ ਸੁਣਿਆ ਉਸ ਨੂੰ ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ ਕਿਉਂਕਿ ਇੱਕ ਪੰਜਾਬੀ ਮਾਂ ਬੋਲੀ ਦਾ ਖਾਣ ਵਾਲੇ ਵੱਲੋਂ ਪੰਜਾਬੀ ਦੇ ਖਿਲਾਫ ਹੀ ਕੀਤੀਆਂ ਜਾ ਰਹੀਆਂ ਟਿੱਪਣੀਆਂ ਨੇ ਮਨ ਨੂੰ ਭਰ ਦਿੱਤਾ ਕਿ ਕਿੰਝ ਅਸੀਂ ਪੰਜਾਬੀ ਮਾਂ ਬੋਲੀ ਦਾ ਖਾਂਦੇ ਹਾਂ ਤੇ ਉਸੇ ਦਾ ਹੀ ਮਾੜਾ ਸੋਚਦੇ ਹਾਂ। ਇਹ ਗੱਲਾਂ ਸਾਡੇ ਲਈ ਬਹੁਤ ਮਾੜੀਆਂ ਹਨ ਇਸ ਤਰ੍ਹਾਂ ਦੀਆਂ ਗੱਲਾਂ ਪੰਜਾਬੀ ਮਾਂ ਬੋਲੀ ਦੇ ਪੁੱਤਰਾਂ ਨੂੰ ਕਰਨੀਆਂ ਸੋਭਾ ਨਹੀਂ ਦਿੰਦੀਆਂ ਚੰਗਾ ਹੋਵੇ ਜੇਕਰ ਅਸੀਂ ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਖੜ ਕੇ ਉਸ ਨੂੰ ਬੁਲੰਦ ਕਰਨ ਦੀ ਗੱਲ ਕਰੀਏ ਤਾਂ ਬਹੁਤ ਵਧੀਆ ਹੋਵੇਗਾ ।




ਬਹੁਤ ਵਾਰ ਅਸੀਂ ਸਰਕਾਰਾਂ ਨੂੰ ਦੋਸ਼ ਦਿੰਦੇ ਹਾਂ ਕਿ ਸਰਕਾਰਾਂ ਪੰਜਾਬੀ ਮਾਂ ਬੋਲੀ ਦੇ ਮਾਮਲੇ ਵਿੱਚ ਕੁਝ ਵੀ ਨਹੀਂ ਕਰ ਰਹੀਆਂ ਪਰ ਕਈ ਮਾਮਲਿਆਂ ਵਿੱਚ ਅਸੀਂ ਆਪ ਵੀ ਸਰਕਾਰਾਂ ਤੋਂ ਘੱਟ ਨਹੀਂ। ਜੇਕਰ ਸਰਕਾਰਾਂ ਵੱਲੋਂ ਹੋਰਨਾ ਸੂਬਿਆਂ ਦੇ ਲੋਕਾਂ ਨੂੰ ਪੰਜਾਬ ਦੇ ਸਕੂਲਾਂ ਜਾਂ ਹੋਰਨਾਂ ਸਰਕਾਰੀ ਅਦਾਰਿਆਂ ਵਿੱਚ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ ਤਾਂ ਅਸੀਂ ਵੀ ਆਪਣੇ ਬੱਚਿਆਂ ਨੂੰ ਪੰਜਾਬੀ ਸਕੂਲਾਂ ਜਾਂ ਸਰਕਾਰੀ ਸਕੂਲਾਂ ਵਿੱਚ ਕਿਉਂ ਨਹੀਂ ਪੜ੍ਹਾ ਰਹੇ। ਇਹ ਸਵਾਲ ਵੀ ਵੱਡਾ ਹੈ ਲੰਘੇ ਦਿਨੀ ਲੱਖਾ ਸਿਧਾਣਾ ਵੱਲੋਂ ਪੰਜਾਬੀ ਦੇ ਮੁੱਦੇ ਤੇ ਦਿੱਤੀ ਗ੍ਰਿਫਤਾਰੀ ਵੀ ਇਸੇ ਸੰਦਰਭ ਦਾ ਇੱਕ ਵੱਡਾ ਹਿੱਸਾ ਹੈ । ਕਿਉਂਕਿ ਉਸ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਵੀ ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰ ਕੇ ਪੰਜਾਬੀ ਮਾਂ ਬੋਲੀ ਦੀ ਗੱਲ ਕਰਦੀਆਂ ਹਨ। ਜੇਕਰ ਸਰਕਾਰਾਂ ਕਈ ਮਾਮਲਿਆਂ ਵਿੱਚ ਬੇਹੱਦ ਮਾੜਾ ਚਿਹਰਾ ਪੇਸ਼ ਕਰਦੀਆਂ ਹਨ ਤਾਂ ਕਈ ਮਾਮਲਿਆਂ ਵਿੱਚ ਅਸੀਂ ਵੀ ਘੱਟ ਨਹੀਂ ਹਾਂ । ਅਸੀਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਾ ਕੇ ਅੰਗਰੇਜ਼ ਬਣਾਉਣ ਦੇ ਰਾਹ ਪੈ ਚੁੱਕੇ ਹਾਂ। ਅਸੀਂ ਕਿਉਂ ਨਹੀਂ ਆਪਣੇ ਬੱਚਿਆਂ ਨੂੰ ਪੰਜਾਬੀ ਜਾਂ ਪੰਜਾਬੀ ਮੀਡੀਅਮ ਵਾਲੇ ਸਕੂਲਾਂ ਵਿੱਚ ਪੜ੍ਹਾ ਰਹੇ । ਸਰਕਾਰੀ ਸਕੂਲਾਂ ਅੰਦਰ ਪੰਜਾਬੀ ਬੱਚਿਆਂ ਦੀ ਘਟ ਰਹੀ ਗਿਣਤੀ ਵੀ ਚਿੰਤਾ ਦਾ ਵਿਸਾ ਹੈ । ਹੋਰਨਾਂ ਸੂਬਿਆਂ ਦੇ ਬੱਚੇ ਆ ਕੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਸਕਦੇ ਹਨ ਅਤੇ ਨੌਕਰੀਆਂ ਪ੍ਰਾਪਤ ਕਰਦੇ ਹਨ ਤਾਂ ਅਸੀਂ ਕਿਉਂ ਪਿੱਛੇ ਹਾਂ। ਇਹ ਸਵਾਲ ਬਹੁਤ ਵੱਡੇ ਹਨ ਅਤੇ ਚਿੰਤਾ ਦਾ ਵਿਸ਼ਾ ਹਨ। ਜੇਕਰ ਅਸੀਂ ਪੰਜਾਬੀ ਮਾਂ ਬੋਲੀ ਨੂੰ ਹੀ ਭੁੱਲ ਜਾਵਾਂਗੇ ਤਾਂ ਕਿਸੇ ਸ਼ਾਇਰ ਨੇ ਆਖਿਆ ਹੈ ਕਿ ਅਸੀਂ ਕੱਖਾਂ ਵਾਂਗੂ ਰੁਲ ਜਾਵਾਂਗੇ । ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ ਸਰਕਾਰਾਂ ਨੂੰ ਵੀ ਇਸ ਤੇ ਰੋਕ ਲਾ ਕੇ ਤੁਰੰਤ ਵੱਡੀ ਕਾਰਵਾਈ ਦੀ ਲੋੜ ਜਾਪਦੀ ਹੈ। ਸਿਆਣਿਆਂ ਦਾ ਕੱਥਨ ਹੈ ਕਿ ਜੇਕਰ ਕੋਈ ਇਨਸਾਨ ਆਪਣੀ ਮਾਂ ਬੋਲੀ ਨੂੰ ਭੁੱਲ ਜਾਂਦਾ ਹੈ ਤਾਂ ਉਹ ਕੱਖਾਂ ਵਾਂਗੂ ਰੁਲ ਜਾਂਦਾ ਹੈ ਇਹ ਬਿਲਕੁਲ ਸੱਚ ਹੈ।

# ਆਪਣੀ ਜ਼ਿੰਦਗੀ ਵਿੱਚ ਖੁਸ਼ ਰਹਿਣਾ ਚਾਹੀਦਾ

ਸੁੱਖ ਦੁੱਖ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ। ਹਮੇਸ਼ਾ ਸੁੱਖ ਵਿੱਚ ਜਿਆਦਾ ਖੁਸ਼ੀ ਨਹੀਂ ਮਨਾਉਣੀ ਚਾਹੀਦੀ । ਜਦੋਂ ਦੁੱਖ ਆਉਂਦਾ ਹੈ ਤਾਂ ਇਹ ਕਦੇ ਨਾ ਸੋਚੋ ਕਿ ਇਹ ਸਥਾਈ ਰਹੇਗਾ। ਹਰ ਚੀਜ਼ ਦਾ ਸਮਾਂ ਹੁੰਦਾ ਹੈ। ਜੇ ਮਾੜਾ ਸਮਾਂ ਆ ਵੀ ਗਿਆ ਤਾਂ ਸਹਿਣਸ਼ੀਲ ਹੋ ਕੇ ਉਸਨੂੰ ਕੱਢੋ। ਦੁੱਖ ਵਿੱਚ ਆਪਣਾ ਧਿਆਨ ਬਿਲਕੁਲ ਕੇਂਦਰਿਤ ਨਾ ਕਰੋ। ਉਦਾਹਰਣ ਦੇ ਤੌਰ ਤੇ ਜੇ ਤੁਹਾਡੇ ਸੱਟ ਲੱਗੀ ਹੈ, ਤਾਂ ਉਸ ਦੁੱਖ ਨੂੰ ਨਾ ਲੈ ਕੇ ਬੈਠ ਜਾਓ। ਜੇ ਤੁਸੀਂ ਉਸ ਦੁੱਖ ਬਾਰੇ ਸੋਚਦੇ ਰਹੋਗੇ ਕਿ ਹਾਏ ਇਹ ਕਿਵੇਂ ਹੋ ਗਿਆ ?ਕਿਉਂ ਹੋ ਗਿਆ ?ਮੈਂ ਤਾਂ ਕਦੇ ਕਿਸੇ ਦਾ ਬੁਰਾ ਨਹੀਂ ਕੀਤਾ । ਫ਼ਿਰ ਤੁਸੀਂ ਜ਼ਿੰਦਗੀ ਵਿਚ ਕਦੇ ਵੀ ਖੁਸ਼ ਨਹੀਂ ਰਹਿ ਸਕੋਗੇ। ਇਹ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਕਿਵੇਂ ਵਧੀਆ ਬਣਾਉਣਾ ਹੈ। ਕਿਸ ਤਰ੍ਹਾਂ ਅਸੀਂ ਹਰ ਪਲ ਖੁਸ਼ ਰਹਿਣਾ ਹੈ।



ਸਾਨੂੰ ਹਰ ਪਲ ਜ਼ਿੰਦਗੀ ਵਿੱਚ ਖੁਸ਼ ਰਹਿਣਾ ਚਾਹੀਦਾ ਹੈ। ਜ਼ਿੰਦਗੀ ਬਹੁਤ ਖੂਬਸੂਰਤ ਹੈ। ਹਰ ਪਲ ਇਸ ਦਾ ਆਨੰਦ ਮਾਨਣਾ ਚਾਹੀਦਾ ਹੈ। ਦੁੱਖ ਵਿੱਚ ਰਹਿ ਕੇ ਅਸੀਂ ਲੰਘ ਰਹੀ ਜਿੰਦਗੀ ਨੂੰ ਫਿਰ ਕੱਟਦੇ ਹੀ ਹਾਂ ,ਹੱਸ ਖੇਡ ਕੇ ਬਸਰ ਨਹੀਂ ਕਰਦੇ। ਦੇਖੋ ਜ਼ਿੰਦਗੀ ਬਹੁਤ ਅਨਮੋਲ ਹੈ। ਅੱਜ ਕੱਲ ਦੀ ਜਿੰਦਗੀ ਤਾਂ ਵੈਸੇ ਛੋਟੀ ਹੈ, ਪਤਾ ਹੀ ਨਹੀਂ ਲੱਗਦਾ ਕਦੋਂ ਇਨਸਾਨ ਇਸ ਸੰਸਾਰ ਤੋਂ ਰੁਖ਼ਸਤ ਕਰ ਜਾਂਦਾ ਹੈ। ਛੋਟੀ ਛੋਟੀ ਉਮਰ ਦੇ ਇਨਸਾਨ ਸਹਿਨਸ਼ੀਲ ਨਾ ਹੋਣ ਕਰਕੇ ਖੁਦਕੁਸ਼ੀ ਤੱਕ ਕਰ ਰਹੇ ਹਨ। ਜਿੰਨਾ ਵੀ ਤੁਹਾਡੇ ਕੋਲ ਸਮਾਂ ਹੈ ,ਉਸਨੂੰ ਹੱਸ ਖੇਡ ਕੇ ਗੁਜਾਰੋ। ਵਧੀਆ ਦੋਸਤਾਂ ਵਿੱਚ ਵਿਚਰੋ। ਵਧੀਆ ਰਸਾਲੇ ਪੜ੍ਹੋ। ਚੰਗੀਆਂ ਥਾਵਾਂ ਤੇ ਜਾਓ। ਪਾਰਕ ਵਿੱਚ ਜਾਓ। ਸੈਰ ਕਰੋ। ਆਪਣੇ ਲਈ ਸਮਾਂ ਕੱਢੋ। ਜਦੋਂ ਤੱਕ ਤੁਸੀਂ ਆਪਣੇ ਲਈ ਸਮਾਂ ਨਹੀਂ ਕੱਢੋਗੇ, ਚਾਹੇ ਤੁਹਾਡੇ ਕੋਲ ਬਹੁਤ ਸਾਧਨ ਹਨ, ਤੁਸੀਂ ਖੁਸ਼ ਨਹੀਂ ਰਹਿ ਪਾਓਗੇ ।

ਅਸੀਂ ਸਾਰੇ ਹੀ ਸਮਾਜ ਵਿੱਚ ਵਿਚਰਦੇ ਹਾਂ। ਦੁੱਖ ਆਉਂਦਾ ਰਹਿੰਦਾ ਹੈ। ਅਜਿਹਾ ਵਿਰਲਾ ਹੀ ਕੋਈ ਹੋਣਾ ਜਿਸਦੀ ਜ਼ਿੰਦਗੀ ਵਿੱਚ ਕਦੇ ਵੀ ਦੁੱਖ ਨਹੀਂ ਆਇਆ ਹੋਣਾ। ਜਦੋਂ ਕੋਈ ਡੂੰਘਾ ਸਦਮਾ ਲੱਗਦਾ ਹੈ ਤਾਂ ਅਸੀਂ ਆਪਣੇ ਆਪ ਨੂੰ ਢਹਿ ਢੇਰੀ ਹੋਇਆ ਮਹਿਸੂਸ ਕਰਦੇ ਹਾਂ । ਫਿਰ ਅਸੀਂ ਉਸੇ ਦੁੱਖ ਦੇ ਬਾਰੇ ਹੀ ਸੋਚਦੇ ਰਹਿੰਦੇ ਹਾਂ। ਕਈ ਵਾਰ ਅਸੀਂ ਗਹਿਰੇ ਸਦਮੇ ਵਿੱਚ ਚਲੇ ਜਾਂਦੇ ਹਾਂ। ਸਰੀਰ ਨੂੰ ਬਿਮਾਰੀਆਂ ਜਕੜ ਲੈਂਦੀਆਂ ਹਨ। ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਜਾਂਦੇ ਹਾਂ ਕਿਉਂਕਿ ਅਸੀਂ ਹੱਸਦੇ ਨਹੀਂ ਹਾਂ। ਚਿਹਰੇ ਦੀ ਸਾਡੀ ਮੁਸਕਾਨ ਖ਼ਤਮ ਹੋ ਜਾਂਦੀ ਹੈ। ਚੰਗੇ ਦੋਸਤਾਂ ਵਿੱਚ ਉੱਠਦੇ ਬੈਠਦੇ ਨਹੀਂ ਹਨ। ਸੋਚਦੇ ਰਹਿੰਦੇ ਹਨ ਕਿ ਇਹ ਭਾਣਾ ਮੇਰੇ ਨਾਲ ਕਿਵੇਂ ਵਾਪਰ ਗਿਆ। ਮੈਂ ਤਾਂ ਕਦੇ ਕਿਸੇ ਦਾ ਮਾੜਾ ਨਹੀਂ ਸੋਚਿਆ ਸੀ। ਦੇਖੋ ਸਮਾਂ ਬਹੁਤ ਬਲਵਾਨ ਹੁੰਦਾ ਹੈ। ਕੁੱਝ ਡੂੰਘੇ ਜ਼ਖ਼ਮ ਸਮੇਂ ਦੇ ਨਾਲ ਭਰ ਜਾਂਦੇ ਹਨ। ਕੁਝ ਗੱਲਾਂ ਸਮੇਂ ਦੇ ਤੇ ਛੱਡ ਦੇਣੀ ਚਾਹੀਦੀਆਂ ਹਨ। ਜਦੋਂ ਅਸੀਂ ਜ਼ਿੰਦਗੀ ਤੋਂ ਹਾਰ ਜਾਂਦੇ ਹਾਂ ਤਾਂ ਕਈ ਲੋਕ ਸਾਡਾ ਫ਼ਾਇਦਾ ਉਠਾਉਂਦੇ ਹਨ। ਸਾਡਾ ਵਿਸ਼ਵਾਸ ਜਿੱਤ ਕੇ ਉਹ ਸਾਡੇ ਨਾਲ ਠੱਗੀ ਤੱਕ ਲਗਾ ਜਾਂਦੇ ਹਨ। ਜਦੋਂ ਮੁਸੀਬਤ ਪੈਂਦੀ ਹੈ ਤਾਂ ਉਹ ਇਹੀ ਸੋਚਦੇ ਹਾਂ ਕਿ ਇਸ ਬੰਦੇ ਤੋ ਮੈਂ ਕੀ ਫਾਇਦਾ ਚੁੱਕਾ।

ਆਪਣੇ ਆਪ ਨੂੰ ਹਮੇਸ਼ਾ ਕਿਸੇ ਨਾ ਕਿਸੇ ਕੰਮ ਵਿੱਚ ਲਗਾ ਕੇ ਰੱਖੋ। ਫਿਰ ਦੁੱਖ ਤੁਹਾਡੇ ਚੇਤਾ ਨਹੀਂ ਰਹੇਗਾ। ਕੋਈ ਚੰਗੀ ਪੇਂਟਿੰਗ ਕਰੋ ?। ਡਰਾਇੰਗ ਕਰੋ। ਕਿਥੇ ਵਧੀਆ ਘੁੰਮਣ ਵਾਲੀ ਥਾਂ ਤੇ ਜਾਓ। ਜੋ ਤੁਹਾਨੂੰ ਸਕੂਨ ਦੇਵੇ।

ਜਦੋਂ ਦੁੱਖ ਆਵੇ ਤਾਂ ਉਸਨੂੰ ਸ਼ਹਿਨਸ਼ੀਲ ਹੋ ਕੇ ਕੱਟੋ। ਘਬਰਾਓ ਬਿਲਕੁਲ ਨਾ। ਕੋਈ ਅਜਿਹਾ ਦੋਸਤ ਬਣਾਓ ,ਜੋ ਤੁਹਾਡੇ ਦਿਲ ਦੇ ਦਿਲੋਂ ਕਰੀਬੀ ਹੋਵੇ। ਤੁਹਾਡਾ ਦਰਦ ਸਮਝਦਾ ਹੋਵੇ। ਤੁਹਾਨੂੰ ਮੁਸੀਬਤ ਵਿੱਚੋਂ ਕੱਢਣ ਲਈ ਕੋਈ ਹੱਲ ਦੱਸੇ। ਅੱਜ ਕੱਲ ਦੀ ਮਤਲਬ ਪ੍ਰਸਤ ਦੁਨੀਆ ਬਹੁਤ ਹੈ। ਅੱਜ ਕੱਲ ਤਾਂ ਪੈਸਾ ਦੇਖ ਕੇ ਦੋਸਤੀ ਕਰਦੇ ਹਾਂ ਕਿ ਇਸ ਬੰਦੇ ਤੋਂ ਮੈਨੂੰ ਕੀ ਮਤਲਬ ਹੋ ਸਕਦਾ। ਮਤਲਬ ਨਿਕਲਿਆ, ਦੋਸਤੀ ਭੁੱਲੇ। ਤੂੰ ਕੌਣ ,ਮੈਂ ਕੌਣ। ਅੱਜ ਕੱਲ ਇਹ ਜਿਆਦਾ ਹੈ। ਚਲਦੇ ਰਹਿਣਾ ਹੀ ਜ਼ਿੰਦਗੀ ਹੈ। ਮੁਸੀਬਤ ਵੇਲੇ ਕਦੇ ਵੀ ਇਹ ਨਾ ਸੋਚੋ ਕਿ ਮੇਰੀ ਜਿੰਦਗੀ ਇੱਥੇ ਹੀ ਰੁਕ ਗਈ। ਨਕਾਰਾਤਮਕ ਵਿਚਾਰ ਵਾਲੇ ਬੰਦਿਆਂ ਤੋਂ ਹਮੇਸ਼ਾ ਦੂਰ ਰਹੋ। ਸਕਾਰਾਤਮਕ ਸੋਚ ਰੱਖੋ। ਵਧੀਆ ਸੋਚ ਵਾਲੇ ਦੋਸਤ ਜੋ ਤੁਹਾਨੂੰ ਸਕੂਨ ਦੇਣ, ਤੁਹਾਡੀ ਗੱਲ ਸਮਝਣ ,ਉਹਨਾਂ ਵਿੱਚ ਵਿਚਰੋ। ਕੋਈ ਨਾ ਕੋਈ ਸਮੱਸਿਆ ਦਾ ਹੱਲ ਤਾਂ ਜਰੂਰ ਦੇਣਗੇ। ਅੱਜ ਦੇ ਜਮਾਨੇ ਵਿੱਚ ਹਰ ਸਮੱਸਿਆ ਦਾ ਹੱਲ ਹੈ। ਹਾਲਾਤ ਚਾਹੇ ਜਿਹੋ ਮਰਜ਼ੀ ਹੋ ਜਾਣ, ਕਦੇ ਵੀ ਜ਼ਿੰਦਗੀ ਤੋਂ ਨਾ ਹਾਰੋ। ਜਿੰਦਗੀ ਹੱਸ ਖੇਡ ਕੇ ਗੁਜ਼ਾਰੋ। ਤਾਂ ਹੀ ਅਸੀਂ ਜ਼ਿੰਦਗੀ ਨੂੰ ਵਧੀਆ ਬਸਰ ਕਰ ਸਕਦੇ ਹਾਂ।

ਸੰਜੀਵ ਸਿੰਘ ਸੈਣੀ, ਮੋਹਾਲੀ,7888966168

No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com



# ਪ੍ਰੀਤ ਫੁਲਵਾੜੀ

## ਸ਼ੇਅਰ..

1. ਪੱਥਰਾਂ ਨਾਲ ਮੋਹ ਪਾ ਕੇ
ਖੁਸ਼ਬੋਆਂ ਦੀ ਆਸ ਨਾ ਰੱਖਣਾ ,
ਕਿਸੇ ਦੀ ਝੁੱਗੀ ਅੱਗ ਲਾ ਕੇ
ਆਪਣੇ ਮਹਿਲਾਂ ਨੂੰ ਮਹਿਫੂਜ਼ ਨਾ ਤੱਕਣਾ...।
2. ਜ਼ਿੰਦਗੀ ਚ ਘੁੰਮਣਾ - ਫਿਰਨਾ ਜ਼ਰੂਰੀ ਹੈ
ਕਿਸੇ ਦਾ ਹੋ ਜਾਣਾ ,
ਜਾਂ ਕਿਸੇ ਨੂੰ ਅਪਣਾ ਲੈਣਾ ਵੀ ਜ਼ਰੂਰੀ ਹੈ...।
3. ਰਾਤ ਦਾ ਹਨੇਰਾ ਬਹੁਤ ਕੁਝ ਕਹਿ ਜਾਂਦਾ ,
ਦੁੱਖ - ਦਰਦ ਜੋ ਇਨਸਾਨ ਆਪਣੇ ਸਹਿ ਜਾਂਦਾ ,
ਕਰਦਾ ਤਰੱਕੀ ਜ਼ਿੰਦਗੀ ਵਿੱਚ ਉਹ ਬਹੁਤ ,
ਨਹੀਂ ਤਾਂ ਫਿਰ ਢਹਿ - ਢੇਰੀ ਹੋ ਜਾਂਦਾ...।
4. ਹਵਾਏਂ ਚਲ ਪੜੀ ਅਪਨੀ ਰਾਹੋਂ ਪੇ ,
ਕੋਈ ਉਨਕੋ ਰੋਕ ਸਕੇ ਤੋ ਰੋਕ ਲੇ ,
ਮੰਜ਼ਿਲ ਮਿਲੇਗੀ ਤੁਮਕੋ ਜ਼ਰੂਰ ,
ਲੇਕਿਨ ਪਹਿਲੇ ਖੁਦ ਕੋ ਸੰਘਰਸ਼ ਮੇਂ ਝੋਂਕ ਲੇ...।
5. ਦੂਰ ਜਾਂਦੇ - ਜਾਂਦੇ ਕਈ ਨਜ਼ਦੀਕ ਆ ਜਾਂਦੇ
ਕਈ ਨਜ਼ਦੀਕ ਹੋ ਕੇ ਵੀ ਦੂਰੀਆਂ ਬਣਾ ਜਾਂਦੇ ,
ਰੰਗਲੀ ਦੁਨੀਆ ਦੇਖੀ ਮੈਂ ਧਰਮਾਣੀ
ਕਈ ਆਪਣਾ ਬਣ ਕੇ ਵੀ ਦਗਾ ਕਮਾ ਜਾਂਦੇ ...।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**( ਪ੍ਰਸਿੱਧ ਲੇਖਕ ) ਸ਼੍ਰੀ ਅਨੰਦਪੁਰ ਸਾਹਿਬ**
**( ਲੇਖਕ ਦਾ ਨਾਂ ਸਾਹਿਤ ਵਿੱਚ ਕੀਤੇ ਕੰਮਾਂ ਲਈ ਇੰਡੀਆ ਬੁੱਕ ਆੱਫ ਰਿਕਾਰਡਜ਼ ਵਿੱਚ ਦਰਜ ਹੈ )**
**9478561356**

## ਪੰਜਾਬੀ ਬੋਲੀ

ਪੰਜਾਬੀ ਗੁਰੂਆਂ ਪੀਰਾਂ ਦੀ ਬੋਲੀ,
ਅੱਖਰਾਂ ਦੇ ਵਿੱਚ ਮਿਸ਼ਰੀ ਘੋਲੀ।
ਸਭ ਤੋਂ ਵੱਧ ਅਮੀਰ ਇਹ ਭਾਸ਼ਾ,
ਫਕੀਰਾਂ ਨਾਲ, ਬਚਨਾਂ ਦੇ ਤੋਲੀ।
ਸ਼ਬਦਾਂ ਦੇ ਉਨਾਂ ਅਰਥ ਸਮਝਾਏ,
ਹੀਰਿਆਂ ਮੋਤੀਆਂ ਗੱਠੜੀ ਖੋਲ੍ਹੀ।
ਪੱਤੋ, ਆਪਾਂ ਕਿਉਂ ਬੇ ਮੁਖ ਹੋਈਏ,
ਇਹ ਤਾਂ ਮਾਂ ਸਾਡੀ ਹੈ ਅਣਮੋਲੀ।

**ਹਰਪ੍ਰੀਤ ਪੱਤੋ**

## ਟੱਪੇ

ਕੋਠੇ ਤੇ ਕਾਂ, ਕਾਂ-ਕਾਂ ਕਰੇ,
ਮੁੰਡਾ ਤੁਰ ਪ੍ਰਦੇਸ਼ ਗਿਆ
ਪਤਨੀ ਨੂੰ ਕੱਲੀ ਛੱਡ ਕੇ ਘਰੇ।
ਤਵਾ ਪਿਆ ਏ ਚੁੱਲ੍ਹੇ ਤੇ,
ਲੋੜ ਦੂਜੇ ਬੰਦੇ ਦੀ ਪੈ ਜਾਂਦੀ
ਹਰ ਕੰਮ ਸਿਰੇ ਨਾ ਚੜ੍ਹੇ ਕੱਲੇ ਤੇ।
ਚੰਨ ਆਕਾਸ਼ @ਚ ਚਮਕ ਰਿਹਾ,
ਉਸ ਦਾ ਕੰਮ ਸੌਰ ਜਾਵੇ
ਜੋ ਮੰਨ ਲਵੇ ਸਿਆਣੇ ਦਾ ਕਿਹਾ।
ਥਾਲੀ ਵਿੱਚ ਰੋਟੀ ਏ,
ਪੁੱਤ ਨੂੰ ਸਿੱਧੇ ਰਾਹ ਪਾਉਣ ਲਈ
ਪਿਉ ਨੇ ਚੁੱਕ ਲਈ ਸੋਟੀ ਏ।
ਢੇਰ ਲੱਗਿਆ ਏ ਖਰਬੂਜ਼ਿਆਂ ਦਾ,
ਉਹ ਕਦੇ ਅੱਗੇ ਨਹੀਂ ਵੱਧ ਸਕਦੇ
ਜਿਹੜੇ ਭਲਾ ਸੋਚਦੇ ਨ੍ਹੀ ਦੂਜਿਆਂ ਦਾ।
ਰੜਕਾ ਤੀਲਾ, ਤੀਲਾ ਹੋ ਚੱਲਿਆ,
ਮਾੜੀ, ਮੋਟੀ ਅਕਲ ਆ ਜਾਊ
ਜੇ ਚੰਗੇ ਬੰਦਿਆਂ ਚ ਬੈਠੇਂਗਾ ਬੱਲਿਆ।
ਰੁੱਖਾਂ ਦੇ ਸੁੱਕੇ ਪੱਤੇ ਝੜ ਗਏ ਨੇ,
ਹਾਕਮ ਦੇ ਸਤਾਏ ਹੋਏ ਲੋਕੀਂ
ਹੱਕ ਲੈਣ ਲਈ ਅੜ ਗਏ ਨੇ।
ਕਿਤਾਬਾਂ ਅਲਮਾਰੀ ਚ ਪਈਆਂ ਨੇ,
ਮਾਨ ਨੇ ਆਪਣੇ ਟੱਪਿਆਂ ਵਿੱਚ
ਗੱਲਾਂ ਸੱਚੀਆਂ ਕਹੀਆਂ ਨੇ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਆਓ ਹਰੀ ਦੀਵਾਲੀ ਮਨਾਈਏ

ਦੀਵਾਲੀ ਭਾਵੇਂ ਦੋਸਤੋ,
ਅਸਾਂ ਖੂਬ ਮਨਾਈਏ।
ਆਓ ਰਲ਼ ਮਿਲ਼ ਆਪਾਂ,
ਇੱਕ ਬੂਟਾ ਲਾਈਏ।
ਖਾ ਮਿਲਾਵਟੀ ਚੀਜ਼ਾਂ,
ਨਾ ਰੋਗ ਲਗਾਈਏ।
ਥੋੜ੍ਹਾ ਬਹੁਤਾ ਮਿੱਠਾ,
ਅਸਾਂ ਘਰ ਬਣਾਈਏ।
ਛੱਡੋ ਪਟਾਕੇ ਪਾਉਣੇ,
ਕਿਉਂ ਸ਼ੋਰ ਮਚਾਈਏ।
ਖ਼ਰੀਦੋ ਕੋਈ ਕਿਤਾਬ,
ਤੇ ਗਿਆਨ ਵਧਾਈਏ।
ਪ੍ਰਦੂਸ਼ਣ ਕਰਕੇ ਲੋਕੋ,
ਨਾ ਪਾਪ ਕਮਾਈਏ।
ਛੱਡੋ ਖਹਿੜਾ ਤੇਲ ਦਾ,
ਦੀਵੇ ਘਿਓ ਦੇ ਲਾਈਏ।
ਕੁਦਰਤ ਅੱਗੇ ਦੋਸਤੋ,
ਆਓ ਭੁੱਲ ਬਖ਼ਸ਼ਾਈਏ।
ਗੰਧਲੇ ਕੀਤੇ ਪੰਜਾਬ ਨੂੰ,
ਮੁੜ ਰੰਗੀਨ ਬਣਾਈਏ।
ਘਰ ਸਜਾਉਣੋਂ ਰਹਿਣਦੋ,
ਆਪਾਂ ਨੀਤ ਸਜ਼ਾਈਏ।
ਗਿਲ਼ੇ ਸ਼ਿਕਵੇ ਛੱਡ ਕੇ,
ਸਭ ਸਾਂਝ ਵਧਾਈਏ।
ਪੌਣ, ਪਾਣੀ ਮੇਰੇ ਦੋਸਤੋ,
ਅਤੇ ਧਰਤ ਬਚਾਈਏ।
ਪੁਸ਼ਤਾਂ ਖ਼ਾਤਿਰ ਆਪਾਂ,
ਅੱਜ ਧਰਮ ਨਿਭਾਈਏ।
ਪੂੰਜੀ ਕਿਉਂ ਹਾਂ ਫ਼ਕਦੇ,
ਇਹ ਗੱਲ ਖਾਨੇ ਪਾਈਏ।
ਉਸ ਬਖ਼ਸ਼ਣਹਾਰ ਦੇ,
ਭਾਈ ਬਿਲਹਾਰੇ ਜਾਈਏ।
ਦੀਵਾਲੀ ਭਾਵੇਂ ਦੋਸਤੋ,
ਅਸਾਂ ਖੂਬ ਮਨਾਈਏ।
ਆਓ ਰਲ਼ ਮਿਲ਼ ਆਪਾਂ,
ਦੀਵਾਲੀ ਹਰੀ ਮਨਾਈਏ।

**ਗਗਨ ਫੂਲ**
**ਸੰਪ: 75289-03512**

## ਕੈਸਾ ਇਹ ਸੰਸਾਰ

ਮੋਹ, ਮਮਤਾ, ਮਿੱਠਬੋਲਣਾ, ਮਿਲਵਰਤਣ, ਸਤਿਕਾਰ
ਇਹ ਗੁਣ ਕਿਤੋਂ ਨਾ ਲੱਭਦੇ, ਮੁੱਲ ਨਾ ਵਿਕਣ ਬਜ਼ਾਰ।
ਖ਼ੁਦਗਰਜ਼ੀ, ਘਿਰਣਾ, ਖ਼ੁਦੀ, ਭਾਈ-ਭਤੀਜਾਵਾਦ
ਹੁਣ ਹਰ ਪਾਸੇ ਫ਼ੈਲਿਆ, ਲੋਕੋ ਭ੍ਰਿਸ਼ਟਾਚਾਰ।
ਡਾਕੇ, ਲੁੱਟਾਂ, ਅੱਗਜ਼ਨੀ, ਕਤਲ, ਖੋਹਾਂ ਦਾ ਦੌਰ
ਮਹਿੰਗਾਈ ਦੀ ਮਾਰ ਨਾਲ਼, ਮੱਚੀ ਹਾਹਾਕਾਰ।
ਉੱਚੀ ਮੈਰਿਟ ਦਾ ਕਿਤੇ, ਧੇਲਾ ਮੁੱਲ ਨਹੀਂ
ਥਾਂ-ਥਾਂ ਧੱਕੇ ਖਾ ਰਹੇ, ਲੱਖਾਂ ਬੇਰੁਜ਼ਗਾਰ।
ਅੰਨ੍ਹਾ ਵੰਡੇ ਰਿਉੜੀਆਂ, ਦੇਂਦਾ ਆਪਣਿਆਂ
ਇਸ ਗੰਧਲੇ ਮਾਹੌਲ ਵਿੱਚ, ਜੀਣਾ ਹੈ ਦੁਸ਼ਵਾਰ।
ਨਿੱਤਰੋ ਕੋਈ ਸੂਰਮਾ, ਅੱਗ ਦੀ ਰੋਕੇ ਖੇਡ
ਫਿਰ ਤੋਂ ਕਾਨੀ ਬਣ ਜਾਏ, ਵੈਰੀ ਲਈ ਤਲਵਾਰ।
ਲੱਗਦਾ ਸੀ ਲੰਘ ਜਾਵਸਾਂ, ਤੈਰ ਕੇ ਪਾਰ ਝਨਾਂ
ਡੁੱਬਿਆ ਵਿੱਚ ਮੰਝਧਾਰ ਹਾਂ, ਨਾ ਉਰਵਾਰ ਨਾ ਪਾਰ।
ਧਨ ਦੀ ਅੰਨ੍ਹੀ ਦੌੜ ਵਿੱਚ, ਕੋਈ ਨਹੀਂ ਅਪਣਾ
ਬਖ਼ਸ਼ੀਂ ਔਗੁਣਹਾਰ ਨੂੰ, ਹੇ ਮੇਰੇ ਕਰਤਾਰ!
ਨਿੰਦਾ, ਚੁਗਲੀ, ਈਰਖਾ, ਛੱਡੀਏ ਸਾਰੇ ਐਬ
ਦਿਲੋਂ ਮਿਟਾਈਏ ਨਫ਼ਰਤਾਂ, ਵੰਡੀਏ ਸਭ ਨੂੰ ਪਿਆਰ।
ਪੌਣ, ਪਾਣੀ ਤੇ ਧਰਤ ਨੇ, ਗੁਰੂ, ਪਿਤਾ ਤੇ ਮਾਂ
ਜੇ ਇਹ ਗੱਲਾਂ ਸਮਝੀਏ, ਤਾਂ ਹੋਵੇ ਦੇਸ਼-ਸੁਧਾਰ।
ਭਾਸ਼ਾ, ਵਿਰਸਾ ਆਪਣਾ, ਹੋਵੇ ਜਿੰਦ ਤੇ ਜਾਨ
ਸੰਸਕ੍ਰਿਤੀ ਨਾ ਤਿਆਗੀਏ, ਸਿਰ ਸੋਹੇ ਦਸਤਾਰ।
ਏਕੇ ਤੇ ਇਤਫ਼ਾਕ ਦਾ, ਘਰ-ਘਰ ਦਿਓ ਸੰਦੇਸ਼
ਆਓ ਮਿਲ ਕੇ ਬੈਠੀਏ, ਕਰੀਏ ਨਾ ਤਕਰਾਰ।

*** ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ)**
**9417692015.**

## ਚਿੰਤਾ

ਚਿੰਤਾ ਚਿਤਾ, ਸਮਾਨ ਹੈ ਹੁੰਦੀ,
ਐਵੇਂ ਹੀ ਨਾ,ਚਿੰਤਾ ਕਰਿਆ ਕਰ।
ਕੁਝ ਕਰਿਆਂ,ਮਸਲਾ ਹੱਲ ਹੋਣਾ,
ਨਾ ਸੋਚ ਸੋਚ ਸਦਾ ਹੀ, ਮਰਿਆ ਕਰ।
ਰੱਖ ਸਾਂਭ ਕੇ ,ਹੰਝੂ ਕੀਮਤੀ ਬੜੇ,
ਗੱਲ ਗੱਲ ਤੇ ਨਾ ਤਰਿਆ ਕਰ।
ਹੋਰ ਬਥੇਰੇ ਦੁੱਖੀਏ ,ਦੁੱਖਾਂ ਮਾਰੇ,
ਤੂੰ ਦੁੱਖ ਕਿਸੇ ਦੇ ਹਰਿਆ ਕਰ।
ਬੇਸ਼ੱਕ ਜ਼ਿੰਦਗੀ ਲੱਗੇ ਪਹਾੜ੍ਹ ਤੈਨੂੰ,
ਰੱਖ ਹੌਸਲਾ ਨਾ ਡਰਿਆ ਕਰ।
ਰੱਖ ਚੁਸਤ ਦਰੁਸਤ ਸਦਾ ਖ਼ੁਦ ਨੂੰ ਤੂੰ ਸੰਗਰੂਰਵੀ,
ਹੋ ਮਜ਼ਬੂਤ ਸਭ ਕੁਝ ਜਰਿਆ ਕਰ।

**ਸਰਬਜੀਤ ਸੰਗਰੂਰਵੀ**
**9463162463**

## ਚੰਗਾ ਨਹੀਂ ਹੁੰਦਾ

ਗੁਣਾਂ ਦਾ ਵੇਖ ਖਜ਼ਾਨਾ ,
ਕਿਸੇ ਨੂੰ ਬੇਸ਼ੱਕ ਗਲ ਲਾਈਏ,
ਪਰ ਦੇਖ ਕੇ ਔਗੁਣ ਕਿਸੇ ਨੂੰ ਛੱਡਣਾ
ਚੰਗਾ ਨਹੀਂ ਹੁੰਦਾ....।
ਇੱਕ ਵਾਰ ਜੇ ਕੋਈ ਵੈਰੀ ਬਣ
ਦਗਾ ਕਮਾ ਜਾਵੇ
ਮੁੜ ਓਹਦੇ ਕੰਧ੍ਹੀਂ - ਕੌਲੀਂ ਲੱਗਣਾ
ਚੰਗਾ ਨਹੀਂ ਹੁੰਦਾ....।
ਦੇਵੇ ਕੋਈ ਹੰਕਾਰ ਨਾਲ ਜੇ
ਸਾਨੂੰ ਮੰਗੀ ਹੋਈ ਵਸਤੂ
ਵਾਰ ਵਾਰ ਓਹਦੇ ਮੂਹਰੇ ਜਾ ਮੰਗਣਾ
ਚੰਗਾ ਨਹੀਂ ਹੁੰਦਾ.....।
ਸੌ ਬੋਲਾਂ ਤੋਂ ਵੱਧ ਕੇ
ਇੱਕ ਚੁੱਪ ਚੰਗੀ ਹੁੰਦੀ ਏ
ਜਿੱਥੇ ਸਰਦਾ ਹੋਵੇ ਬਿਨ ਬੋਲੇ
ਓਥੇ ਗੱਲ ਵਿੱਚ ਬੋਲ ਕੇ ਲੰਘਣਾ
ਚੰਗਾ ਨਹੀਂ ਹੁੰਦਾ.....।

**ਜਸਪ੍ਰੀਤ ਕੌਰ ਮਾਂਗਟ**
**99143-48246**

## ਕਿਰਦਾਰ

ਚਲਦੇ ਸ਼ਫਰ ਤੇ ਤੈਨੂੰ
ਕਈ ਕਿਰਦਾਰ ਮਿਲਣਗੇ...।।
ਦਰਦਾਂ ਦੀ ਸਾਂਝ
ਪਾਉਣਗੇ ਬੇਸ਼ੱਕ
ਪਰ ...ਬਹੁਤੇ ਤਾਂ
ਤੇਰੀਆਂ ਖੁਸ਼ੀਆਂ ਦੇ
ਖਰੀਦਦਾਰ ਮਿਲਣਗੇ....।।
ਗਮ ਦੇ ਕੇ ਖੁਸ਼ੀ ਵਟਾਉਣਗੇ
ਤੇਰੇ ਗਮਾਂ ਦਾ ਬੋਝ
ਨਹੀਂ ਉਠਾਉਣਗੇ
ਐਸੇ ਗਦਾਰ ਮਿਲਣਗੇ...।।
ਚਿਹਰਿਆਂ ਤੇ
ਮਖੌਟੇ ਪਹਿਨੀ
ਨਿੱਤ ਰਾਹਾਂ ਵਿੱਚ
ਤੈਨੂੰ ਹਜ਼ਾਰ ਮਿਲਣਗੇ...।।
ਚੱਲਦੇ ਸ਼ਫਰ ਤੇ ਤੈਨੂੰ
ਕਈ ਕਿਰਦਾਰ ਮਿਲਣਗੇ...।।

**ਮਨਿੰਦਰ ਸਿੰਘ ਮਾਂਗਟ**
**ਬੇਗੋਵਾਲ, ਦੋਰਾਹਾ ।**

## ਮਾੜਾ ਟਾਈਮ

ਆਇਆ ਸੀ ਉਹ ਮਾੜਾ ਟਾਈਮ,
ਨਾਲ ਨਹੀਂ ਕੋਈ ਖੜਾ ਸੀ।
ਤੈਨੂੰ ਕੀ ਦੱਸਾਂ ਮੈਂ ਯਾਰਾਂ,
ਉਦੋਂ ਦੁੱਖ ਕਿੰਨਾ ਬੜਾ ਸੀ।
ਪਿੱਠ ਪਿੱਛੇ ਰਹੇ ਜਿਹੜੇ ਗੱਲਾਂ ਕਰਦੇ,
ਉਹ ਸਾਨੂੰ ਸਾਹਮਣੇ ਦੇਖ ਕੇ ਨਹੀਉਂ ਜਰਦੇ,
ਔਖੇ ਵੇਲੇ ਇੱਥੇ ਨਾਲ ਕੋਈ ਨਾ ਖੜੇ।
ਛੱਡ ਕੇ ਮੈਦਾਨ ਭੱਜਦੇ ਨੇ ਡਰਦੇ।
ਕੱਲੇ ਕੱਲੇ ਯਾਰ ਨੂੰ ਬੁਲਾਉਣਾ ਚਾਹੀਦਾ,
ਪੈਰ ਪੈਰ ਉੱਤੇ ਅਜਮਾਉਣਾ ਚਾਹੀਦਾ,
ਯਾਰ ਜਿਹੜੇ ਸਾਥੋਂ ਹੁਣ ਜਾਨ ਵਾਰ ਗਏ।
ਉਹਨਾ ਯਾਰਾਂ ਦੇ ਕਿੱਸੇ ਦੀਆਂ ਗੱਲਾਂ ਰਹਿੰਦੇ ਕਰਦੇ।
ਔਖੇ ਵੇਲੇ ਇੱਥੇ ਨਾਲ ਕੋਈ ਨਾ ਖੜੇ,
ਛੱਡ ਕੇ ਮੈਦਾਨ ਭੱਜਦੇ ਨੇ ਡਰਦੇ।
ਯਾਰੀਆਂ ਦੇ ਲਈ ਜੋ ਜੁਬਾਨ ਦਿੰਦਾ ਆ,
ਲੱਖਾ ਪਰ ਯਾਰਾਂ ਦੇ ਲਈ ਜਾਨ ਦਿੰਦਾ ਆ,
ਕਰਨਾ ਨੀ ਪੈਂਦਾ ਫਿਰ ਫੋਨ ਯਾਰਾਂ ਨੂੰ,
ਜੋ ਹਿੱਕਾਂ ਤਾਣ ਕੇ ਯਾਰਾਂ ਦੇ ਲਈ ਆਣ ਖੜਦੇ।
ਔਖੇ ਵੇਲੇ ਇੱਥੇ ਨਾਲ ਕੋਈ ਨਾ ਖੜੇ,
ਛੱਡ ਕੇ ਮੈਦਾਨ ਭੱਜਦੇ ਨੇ ਡਰਦੇ।

**ਲੱਖਾ ਬੇਗੋਵਾਲ**

## ਕਵਿਤਾ

ਜਗਤ ਗੁਰ ਬਾਬਾ
ਇੱਕ ਨੂਰ ਇਲਾਹੀ ਅੱਜ ਸੀ
ਧਰਤੀ ਉੱਤੇ ਆਇਆ,
ਵਿੱਚ ਅਕਾਸ਼ ਜਿਓਂ ਪੁੰਨਿਆਂ ਦਾ
ਚੰਨ ਰੁਸ਼ਨਾਇਆ।
ਕੋਈ ਮੁਰਸ਼ਦ ਮਿਲਿਆ ਤਪਦੀ
ਹੋਈ ਲੋਕਾਈ ਨੂੰ,
ਵਹਿਮਾਂ ਭਰਮਾਂ ਨੇ ਜਿੱਥੇ ਜਾਲ
ਸੀ ਵਿਛਾਇਆ।
ਪੌਣਾਂ ਖੁਸ਼ ਹੋ ਸੁਗੰਧੀਆਂ ਤਾਂਈ
ਘੋਲਦੀਆਂ,
ਵਾਤਾਵਰਨ ਨੂੰ ਜਿੰਨਾਂ ਨੇ ਸੀ
ਮਹਿਕਾਇਆ।
ਹਰ ਪਾਸੇ ਅਵਾਜ਼ ਨਾਨਕ
ਨਾਨਕ ਆਉਦੀ ਸੀ,
ਸਭ ਨੇ ਕੰਨੋਂ ਕੰਨੀ ਸੁਣਿਆ
ਤੇ ਸੁਣਾਇਆ।
ਧਰਤੀ, ਅੰਬਰ ਤੇ ਤਾਰੇ ਵੀ
ਫਿਰਦੇ ਨਸ਼ਿਆਂਏ ਨੇ,
ਵਿੱਚ ਨਨਕਾਣੇ ਅੱਜ ਰੱਬ ਨੇ
ਫੇਰਾ ਪਾਇਆ।
ਸਭ ਦੇਣ ਵਧਾਈਆਂ ਪਿਤਾ ਜੀ
ਮਹਿਤੇ ਕਾਲੂ ਨੂੰ,
ਮਾਤਾ ਤ੍ਰਿਪਤਾ ਨੇ ਇਹ ਕੈਸਾ
ਬਾਲਕ ਜਾਇਆ।
ਜ਼ਾਹਰ ਪੀਰ ਜਗਤ ਗੁਰ ਬਾਬਾ
ਨਾਨਕ ਜੀ ,
ਜਿੰਨਾਂ ਕਲਯੁਗ ਅੰਦਰ ਇੱਕੋ
ਰੱਬ ਦਿਖਾਇਆ।
ਪੱਤੋ, ਆਉ ਸਿਜਦਾ ਕਰੀਏ ਬਾਬੇ
ਨਾਨਕ ਨੂੰ,
ਹੋ ਗਏ ਪਾਰ ਜਿੰਨਾਂ ਨਾਨਕ
ਨਾਮ ਧਿਆਇਆ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

## ਤਿੱਤਲੀ ਤੇ ਫੁੱਲ

ਤਿੱਤਲੀ ਰਾਣੀ ਬੜੀ ਸਿਆਣੀ,
ਫਰ ਫਰ ਕਰਕੇ ਉੱਡਦੀ ਜਾਵੇ,
ਫੁੱਲਾਂ ਉੱਤੇ ਚੱਕਰ ਲਾਵੇ।
ਨਾਲ ਫੁੱਲਾਂ ਦੇ ਕਰਦੀਂ ਪਿਆਰ,
ਜਿੱਥੇ ਬੱਚਿਓ ਖਿੜੀ ਗੁਲਜਾਰ।
ਕਿੰਨੇ ਸੋਹਣੇ ਰੰਗ ਸਜਾਏ,
ਰੱਬ ਨੇ ਹੈ ਡਿਜਾਇਨ ਬਣਾਏ।
ਕਦੇ ਵੀ ਗੰਦੀ ਥਾਂ ਨਾ ਜਾਵੇ,
ਬਾਗਾਂ ਦੇ ਵਿੱਚ ਇਹ ਮੰਡਲਾਵੇ।
ਛੋਟੀ ਭੈਣ ਤੇ ਪਾਪਾ ਮੇਰਾ,
ਬਾਗ ਵਿੱਚ ਅਸੀ ਲਾਇਆ ਫੇਰਾ,
ਤਖਤੀ ਇੱਕ ਸਾਨੂੰ ਨਜਰੀਂ ਆਈ,
ਸੋਹਣੀ ਸੋਹਣੀ ਕਰੀ ਲਿਖਾਈ।
ਪਾਪੇ ਸਾਨੂੰ ਪੜ ਸੁਣਾਇਆ,
ਬੱਚਿਓ ਲਿਖ ਸਾਨੂੰ ਸਮਝਾਇਆ।
ਕਦੇ ਫੁੱਲਾਂ ਨੂੰ ਹੱਥ ਨਾ ਲਾਉ,
ਦੂਰੋ ਦੂਰੋ ਵੇਖੀ ਜਾਉ।
ਇਹ ਨੇ ਸਾਨੂੰ ਦਿੰਦੇ ਸੁਗੰਧੀ,
ਸਾਡੇ ਕੋਲ ਤਾਂ ਹੈ ਦੁਰਗੰਧੀ।
ਬੱਚਿਓ ਇਹ ਗੱਲਾਂ ਜਾਣੀਏ,
ਕੁਦਰਤ ਦਾ ਅਸੀ ਅਨੰਦ ਮਾਣੀਏ।
ਹੱਥ ਲਾਇਆਂ ਕੁਮਲਾ ਜਾਂਦੇ ਨੇ,
ਆਪਣੀ ਮਹਿਕ ਗਵਾ ਜਾਂਦੇ ਨੇ।
ਫੁੱਲ ਤਿੱਤਲੀਆਂ ਹੁੰਦੇ ਪਿਆਰੇ,
ਪੱਤੋ, ਵੇਖੋ ਤੇ ਲਉ ਨਜਾਰੇ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 226

Website: www.preetnama.com Email preetnamausa@gmail.com

17 NOV TO 23 NOV, 2023